INTERNATIONAL
# ਪੰਜਾਬੀ ਟ੍ਰਿਬਿਊਨ
Funded by the Government of Canada | Financé par le gouvernement du Canada | Canada
BILINGUAL NEWSPAPER : ENGLISH AND PUNJABI
EDITOR : RACHHPAL SINGH GILL
Ph. : 604-616-2171
E-mail: iptribune@gmail.com
www.punjabitribune.ca
Vol.30 / No.37
18 October, 2024
੦੨ ਕੱਤਕ ਨਾਨਕਸ਼ਾਹੀ ਸੰਮਤ ੫੫੬

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W



# WOMAN'S HISTORY MONTH



**Women and girls account for just over half of the population in Canada**

## Women make up almost half in workforce

Canada has the highest female labor force participation rate at 61.3%. 50.2% of the college-educated workforce are women. A whopping 75% of self-employed women love their job.

## Women in Canada are among the most educated in the world

In Canada 65% of women aged 25 to 64 had a collage or university qualification in 2019, compared with an average of 41% among countries of the Organisation for Economic Co-operation and Development.



ਅਕਤੂਬਰ ਕੈਨੇਡਾ ਵਿੱਚ ਔਰਤਾਂ ਦਾ ਇਤਿਹਾਸਕ ਮਹੀਨਾ ਹੈ। 1992 ਵਿੱਚ, ਕੈਨੇਡਾ ਸਰਕਾਰ ਨੇ ਅਕਤੂਬਰ ਨੂੰ ਔਰਤਾਂ ਦੇ ਇਤਿਹਾਸ ਦੇ ਮਹੀਨੇ ਵਜੋਂ ਮਨੋਨੀਤ ਕੀਤਾ, ਇਸ ਮਹੀਨੇ ਦੌਰਾਨ ਕੈਨੇਡਾ ਦੇ ਇਤਿਹਾਸ ਵਿੱਚ ਔਰਤਾਂ ਅਤੇ ਲੜਕੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਦੇ ਸਾਲਾਨਾ ਜਸ਼ਨ ਮਨਾਏ ਜਾਂਦੇ ਹਨ। ਹੌਸਲੇ ਦਾ ਸੰਬੰਧ ਹਾਲਾਤਾਂ ਅਤੇ ਪ੍ਰਸਥਿਤੀਆਂ ਨਾਲ ਹੁੰਦਾ ਹੈ ☛ ਬਾਕੀ ਸਫ਼ਾ 30 ’ਤੇ

# ਭਾਰਤ ਵਲੋਂ ਕੈਨੇਡਾ ਦੀ ਪ੍ਰਭੂਸੱਤਾ ਨੂੰ ਚੁਣੌਤੀ : ਪ੍ਰਧਾਨ ਮੰਤਰੀ ਜਸਟਿਨ ਟਰੂਡੋ

## ਆਰ.ਸੀ.ਐਮ.ਪੀ. ਵਲੋਂ ਪੀੜ੍ਹਤਾਂ ਨੂੰ ਅੱਗੇ ਆਉਣ ਦੀ ਅਪੀਲ

ਸਰੀ, ਪ੍ਰਧਾਨ ਮੰਤਰੀ ਨੇ ਔਟਵਾ ਵਿੱਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਕਿਹਾ ਹੈ ਕਿ ਭਾਰਤ ਦੇ ਅਧਿਕਾਰੀਆਂ ਅਤੇ ਮੀਡੀਆ ਵਲੋਂ ਕੈਨੇਡਾ ਅਤੇ ਉਨ੍ਹਾਂ ‘ਤੇ ਨਿੱਜੀ ਹਮਲੇ ਵੀ ਕੀਤੇ ਗਏ ਹਨ ਅਤੇ ਉਹ ਕੈਨੇਡਾ ਵਲੋਂ ਪੁੱਛੀ ਜਾ ਰਹੀ ਕਿਸੇ ਵੀ ਗੱਲ ਦਾ ਠੋਸ ਜਵਾਬ ਨਹੀਂ ਦੇ ਰਹੇ। ਆਰ.ਸੀ.ਐਮ.ਪੀ. (ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ) ਨੇ ਦੋਸ਼ ਲਗਾਏ ਹਨ ਕਿ ਉਹਨਾਂ ਨੂੰ ਭਾਰਤ ਸਰਕਾਰ ਦੇ ਏਜੰਟਾਂ ਦੇ ਕੈਨੇਡਾ ਵਿੱਚ "ਗੰਭੀਰ ਅਪਰਾਧਿਕ ਗਤੀਵਿਧੀਆਂ" ਨਾਲ ਸਬੰਧ ਬਾਰੇ ਸਬੂਤ ਮਿਲੇ ਹਨ, ਜੋ ਸਾਊਥ ਏਸ਼ੀਅਨ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਅਤੇ ਸਿਆਸੀ ਹਿੰਸਾ ਫੈਲਾਉਣ ਲਈ ਦੋਸ਼ੀ ☛ ਬਾਕੀ ਸਫ਼ਾ 30 ’ਤੇ

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
AG Aanchal Ghai Notary Corporation
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000
#397-8148-128 ST. (PAYAL BUSINESS CENTRE) SURREY

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card. Book appointment
Gagan Chahal R.D.
Registered Denturist
Book Your Appointment
778-600-0811 13117-67A Ave, Surrey, BC 778-600-0810 2644 Cyril St Abbotsford BC

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੌਲਿਜ ਟੈਸਟ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
Lucky Sekhon, 604-614-5365
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ਼ ਬੈਂਕਿਊਟ ਹਾਲ ਦੇ ਹੇਠਾਂ

ROHITA PANNU LAW CORPORATION
Barrister & Solicitor
- ਨੋਟਰੀ ਸੇਵਾਵਾਂ - ਵਸੀਅਤਨਾਮਾ
- ਤਲਾਕ ਦੇ ਮਾਮਲੇ - ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ - ਹਲਫੀਆ ਬਿਆਨ
- ਘਰਾਂ ਦੀ ਖਰੀਦੋ-ਫਰੋਖਤ
#102-9278, 120th Street Surrey, BC V3V 4E8
Ph.: 604-589-1399
Fax : 604-589-1556
www.rohitapannulaw.com

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

**www.singhsabhasurrey.com**

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 - 6.00 ਵਜੇ |
| ਆਸਾ ਕੀ ਵਾਰ | : 6.00 -7.45 ਵਜੇ |
| ਅਰਦਾਸ / ਹੁਕਮਨਾਮਾ | : 7.45 - 8.00 ਵਜੇ |
| ਕਥਾ / ਹੁਕਮਨਾਮਾ | : 8.00 - 8.30 ਵਜੇ |
| ਕੀਰਤਨ | : 8.30 - 9.40 ਵਜੇ |
| ਕਥਾ | : 9.40 - 10.30 ਵਜੇ |
| ਢਾਡੀ | : 10.30 - 11.30 |
| **ਸਮਾਪਤੀ** | |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30-5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30-6:40 ਵਜੇ |
| ਕਥਾ | : 6:40-7:15 ਵਜੇ |
| ਢਾਡੀ | : 7:15 -8:00 ਵਜੇ |
| ਸਮਾਪਤੀ | |

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ
ਤੱਕ ਕੀਤਾ ਜਾਂਦਾ ਹੈ।

- ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਹਰਿ ਰਾਏ ਜੀ ਦਾ ਜੋਤੀ ਜੋਤ ਦਿਵਸ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਗੁਰਗੱਦੀ ਦਿਵਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਗੱਦੀ ਦਿਵਸ ਮਨਾਇਆ ਜਾਵੇਗਾ ਅਤੇ ਤਿੰਨ ਅਖੰਡ ਪਾਠ ਸਾਹਿਬ ਦੀ ਸੇਵਾ ਹੋਵੇਗੀ :-
  1. ਨਗਰ ਕੁੱਕੜ ਜਿਲਾ ਜਲੰਧਰ ਦੀ ਸੰਗਤ ਵੱਲੋ
  2. ਭਾਈ ਗੁਰਵਿੰਦਰ ਸਿੰਘ ਉੱਪਲ ਪਰਿਵਾਰ ਵੱਲੋਂ ਆਪਣੇ ਬੱਚੇ ਭਵਨੀਤ ਕੌਰ ਦੇ 16ਵੇਂ ਜਨਮ ਦਿਨ ਦੀ ਖੁਸ਼ੀ ਵਿੱਚ
  3. ਭਾਈ ਅਵਤਾਰ ਸਿੰਘ ਦੇਹਲ ਪਰਿਵਾਰ ਵੱਲੋਂ
- ਇਹ ਅਖੰਡ ਪਾਠ 18 ਅਕਤੂਬਰ ਦਿਨ ਸ਼ੁਕਰਵਾਰ ਨੂੰ 9:30 ਵਜੇ ਆਰੰਭ ਹੋਣਗੇ ਅਤੇ ਭੋਗ ਦਿਨ ਐਤਵਾਰ ਨੂੰ 20 ਅਕਤੂਬਰ ਨੂੰ 9:30 ਵਜੇ ਪਾਏ ਜਾਣਗੇ ਉਪਰੰਤ ਖੁੱਲੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- ਸਨਿੱਚਰਵਾਰ 19 ਅਕਤੂਬਰ ਨੂੰ ਸਵੇਰ ਵੇਲੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਬੀਬੀ ਹਰਮਨਦੀਪ ਕੌਰ ਪਰਿਵਾਰ ਵੱਲੋਂ ਹੋਵੇਗੀ।
- ਅੰਤਿਮ ਸੰਸਕਾਰ 12:30 ਵਜੇ ਸਵ: ਬੀਬੀ ਹਰਭਜਨ ਕੌਰ ਪਨੇਸਰ ਦਾ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ 2 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਦੋ ਪਰਿਵਾਰਾਂ ਵੱਲੋਂ ਹੋਵੇਗੀ:-
  1. ਬੀਬੀ ਕੁਲਦੀਪ ਕੌਰ ਪਰਿਵਾਰ ਵੱਲੋਂ
  2. ਦੋ ਹਾਂਗਕਾਂਗ ਦੀ ਸੰਗਤ ਵੱਲੋਂ
- ਐਤਵਾਰ 20 ਅਕਤੂਬਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਗੁਰਪ੍ਰੀਤ ਸਿੰਘ ਪਰਿਵਾਰ ਵੱਲੋਂ ਹੋਵੇਗੀ।

ਰਾਗੀ ਜੱਥਾ : ਰਾਗੀ ਜਥੇ ਭਾਈ ਅਸ਼ੋਕ ਸਿੰਘ ਦਿੱਲੀ ਵਾਲੇ
ਭਾਈ ਸੁੰਦਰ ਸਿੰਘ ਦਿੱਲੀ ਵਾਲੇ
ਕਥਾਵਾਚਕ : ਭਾਈ ਗੁਰਸ਼ਰਨ ਸਿੰਘ ਚੀਮਾ
ਢਾਡੀ ਜਥਾ : ਭਾਈ ਗੁਰਭੇਜ ਸਿੰਘ ਜੌਹਲ

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# ਬੀ.ਸੀ. ਐਨ.ਡੀ.ਪੀ. ਲੀਡਰ ਡੇਵਿਡ ਈਬੀ ਗੁਰਦੁਆਰਾ ਸਾਹਿਬ ਸੁਖਸਾਗਰ ਵਿਖੇ ਹੋਏ ਨਤਮਸਤਕ




ਸਰੀ, (ਹਰਦਮ ਮਾਨ)-ਬੀਤੇ ਦਿਨ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਗੁਰਦੁਆਰਾ ਸਾਹਿਬ ਸੁਖਸਾਗਰ ਨਿਊ ਵੈਸਟਮਿਨਸਟਰ ਵਿਖੇ ਨਤਮਸਤਕ ਹੋਏ ਅਤੇ ਉਹਨਾਂ ਨੇ ਸੰਗਤ ਨਾਲ ਐਨਡੀਪੀ ਪਾਰਟੀ ਦੀਆਂ ਪਾਲਸੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਦੇ ਨਾਲ ਸਪੀਕਰ ਰਾਜ ਚੌਹਾਨ, ਅਮਨਦੀਪ ਸਿੰਘ ਤੇ ਪਾਰਟੀ ਦੇ ਹੋਰ ਆਗੂ ਵੀ ਮੌਜੂਦ ਸਨ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਤੇ ਸਤਿਕਾਰ ਕਮੇਟੀ ਐਬਸਫੋਰਡ ਵੱਲੋਂ ਪ੍ਰੀਮੀਅਰ ਡੇਵਿਡ ਈਬੀ ਅਤੇ ਸਾਰੇ ਆਗੂਆਂ ਦਾ ਭਰਪੂਰ ਸਵਾਗਤ ਕੀਤਾ ਗਿਆ। ਸੰਗਤ ਵੱਲੋਂ ਡੇਵਿਡ ਏਬੀ ਤੇ ਸਾਰੇ ਐਨਡੀਪੀ ਉਮੀਦਵਾਰਾਂ ਨੂੰ ਗੁਰੂ ਸਾਹਿਬ ਦੀ ਬਖਸ਼ਿਸ਼ ਸ੍ਰੀ ਸਾਹਿਬ ਭੇਟ ਕੀਤੀ ਗਈ। ਇਸ ਸਮੇਂ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਰਭਜਨ ਸਿੰਘ ਅਟਵਾਲ, ਗੁਰਦੇਵ ਸਿੰਘ, ਬਲਵੀਰ ਸਿੰਘ ਰਾਏ, ਦੇਸਾ ਸਿੰਘ ਵਲਟੋਹਾ, ਦਲਜੀਤ ਸਿੰਘ ਧਾਲੀਵਾਲ, ਸੁਰਿੰਦਰ ਸਿੰਘ, ਹਰਬੰਸ ਸਿੰਘ, ਜਗਦੀਸ਼ ਸਿੰਘ ਕੰਬੋ, ਰਾਜਿੰਦਰ ਸਿੰਘ ਪੰਧੇਰ ਅਤੇ ਸਤਿਕਾਰ ਕਮੇਟੀ ਦੇ ਮੁੱਖ ਬੁਲਾਰੇ ਕੁਲਦੀਪ ਸਿੰਘ ਸੇਖੋਂ ਅਤੇ ਹੋਰ ਮੈਂਬਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।


## ਉੱਘੇ ਬਿਜਨਸਮੈਨ ਮੁਨੀਸ਼ ਕਟਿਆਲ ਨੂੰ ਸਦਮਾ ਮਾਤਾ ਸੰਤੋਸ਼ ਕਟਿਆਲ ਦਾ ਸਦੀਵੀ ਵਿਛੋੜਾ



ਸਰੀ, (ਹਰਦਮ ਮਾਨ)- ਵੀਕਲੀ ਅਖ਼ਬਾਰ 'ਲਿੰਕ', 'ਪੰਜਾਬ ਲਿੰਕ' ਅਤੇ 'ਵਾਇਸ' ਦੇ ਸੰਚਾਲਕ ਅਤੇ ਉੱਘੇ ਬਿਜਨਸਮੈਨ ਮੁਨੀਸ਼ ਕਟਿਆਲ ਅਤੇ ਸੰਜੀਵ ਕਟਿਆਲ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਹਨਾਂ ਦੇ ਮਾਤਾ ਸ੍ਰੀਮਤੀ ਸੰਤੋਸ਼ ਕਟਿਆਲ ਅਚਾਨਕ ਸਵਰਗ ਸਿਧਾਰ ਗਏ। ਉਹ ਲਗਪਗ 79 ਸਾਲ ਦੇ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ 21 ਅਕਤੂਬਰ 2024 ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਰਿਵਰ ਸਾਈਡ ਫਿਊਨਰਲ ਹੋਮ, 7410 ਹੋਪਕੋਟ ਰੋਡ, ਡੈਲਟਾ ਵਿਖੇ ਕੀਤਾ ਜਾਵੇਗਾ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਮੁਨੀਸ਼ ਕਟਿਆਲ ਨਾਲ ਫੋਨ ਨੰਬਰ 604-763-2600 ਅਤੇ ਸੰਜੀਵ ਕਟਿਆਲ ਨਾਲ ਫੋਨ ਨੰਬਰ 604-767-5194 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਫਾਰਮਾਕੇਅਰ ਬਿੱਲ ਸੀ-64 ਕਾਨੂੰਨ ਬਣਿਆ

### ਕੈਨੇਡਾ ਵਿੱਚ ਰਾਸ਼ਟਰੀ ਦਵਾਈ ਪ੍ਰੋਗਰਾਮ ਦੀ ਸਥਾਪਨਾ




ਔਟਵਾ, (ਏਕਜੋਤ ਸਿੰਘ): ਕੈਨੇਡਾ ਵਿੱਚ ਰਾਸ਼ਟਰੀ, ਯੂਨੀਵਰਸਲ ਫਾਰਮਾਕੇਅਰ ਯੋਜਨਾ ਦੇ ਸਫਰ ਦੀ ਸ਼ੁਰੂਆਤ ਹੋ ਚੁੱਕੀ ਹੈ, ਕਿਉਂਕਿ ਫਾਰਮਾਕੇਅਰ ਬਿੱਲ (ਬਿੱਲ ਸੀ-64) ਨੂੰ ਵੀਰਵਾਰ ਰਾਤ ਨੂੰ ਸ਼ਾਹੀ ਮਨਜ਼ੂਰੀ ਮਿਲ ਗਈ ਹੈ। ਇਹ ਬਿੱਲ, ਜੋ ਕਿ ਕੈਨੇਡਾ ਦੇ ਲੋਕਾਂ ਲਈ ਦਵਾਈਆਂ ਦੀ ਪਹੁੰਚ ਨੂੰ ਆਸਾਨ ਬਣਾਉਣ ਲਈ ਤਿਆਰ ਕੀਤਾ ਗਿਆ ਸੀ, ਹੁਣ ਕਾਨੂੰਨ ਬਣ ਗਿਆ ਹੈ। ਬਿੱਲ ਬਿਨਾਂ ਕਿਸੇ ਸੋਧ ਦੇ ਸੈਨੇਟ ਵਿਚ ਪਾਸ ਹੋਇਆ ਅਤੇ ਹੁਣ ਇਹ ਸਿਹਤ ਸੇਵਾਵਾਂ ਦੇ ਹਿੱਸੇ ਵਜੋਂ ਦਵਾਈਆਂ ਦੀ ਕਵਰੇਜ ਲਈ ਰਾਹ ਸਾਫ ਕਰਦਾ ਹੈ। ਫਾਰਮਾਕੇਅਰ ਬਿੱਲ ਦੇ ਤਹਿਤ ਸਰਕਾਰ ਨੂੰ ਪਬਲਿਕ ਹੈਲਥ ਸਿਸਟਮ ਦੇ ਹਿੱਸੇ ਵਜੋਂ ਮਹੱਤਵਪੂਰਨ ਦਵਾਈਆਂ, ਜਿਵੇਂ ਕਿ ਸ਼ੂਗਰ ਅਤੇ ਗਰਭ-ਨਿਰੋਧਕ ਦਵਾਈਆਂ, ਨੂੰ ਕਵਰ ਕਰਨ ਲਈ ਸੂਬਿਆਂ ਅਤੇ ਪ੍ਰਦੇਸ਼ਾਂ ਨਾਲ ਇਕਰਾਰਨਾਮੇ ਕਰਨ ਦੀ ਇਜਾਜ਼ਤ ਮਿਲੇਗੀ। ਇਸ ਰਾਸ਼ਟਰੀ ਯੋਜਨਾ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਸਭ ਨੂੰ ਲੋੜੀਂਦੀ ਦਵਾਈਆਂ ਮਿਲਣ, ਚਾਹੇ ਉਹ ਕਿਸੇ ਵੀ ਸੂਬੇ ਜਾਂ ਪ੍ਰਦੇਸ਼ ਵਿਚ ਰਹਿੰਦੇ ਹੋਣ।

ਇਹ ਬਿੱਲ ਕੈਨੇਡਾ ਦੀ ਲਿਬਰਲ ਪਾਰਟੀ ਅਤੇ ਐਨਡੀਪੀ ਵਿਚਕਾਰ ਹੋਏ ਸਪਲਾਈ-ਐਂਡ-ਕੌਨਫ਼ੀਡੈਂਸ ਸਮਝੌਤੇ ਦਾ ਨਤੀਜਾ ਸੀ, ਜਿਸ ਨੇ 2025 ਤੱਕ ਸੰਸਦ ਵਿੱਚ ਲਿਬਰਲ ਪਾਰਟੀ ਦੀ ਸਰਕਾਰ ਨੂੰ ਸਥਿਰਤਾ ਪ੍ਰਦਾਨ ਕੀਤੀ। ਹਾਲਾਂਕਿ, ਹੁਣ ਦੋਵਾਂ ਪਾਰਟੀਆਂ ਦੇ ਵਿਚਕਾਰ ਇਹ ਸਮਰਥਨ ਸਮਝੌਤਾ ਖਤਮ ਹੋ ਚੁੱਕਾ ਹੈ, ਪਰ ਬਿੱਲ ਦੀ ਸ਼ਬਦਾਵਲੀ ਤਿਆਰ ਕਰਨ ਲਈ ਦੋਵਾਂ ਪਾਰਟੀਆਂ ਨੇ ਕਈ ਮਹੀਨਿਆਂ ਤੱਕ ਸਮਰਥਨ ਦੇ ਨਾਲ ਕੰਮ ਕੀਤਾ।

ਸਿਹਤ ਮੰਤਰੀ ਮਾਰਕ ਹੌਲੈਂਡ ਨੇ ਕਿਹਾ ਹੈ ਕਿ ਉਹ 2025 ਤੱਕ ਫਾਰਮਾਕੇਅਰ ਪ੍ਰੋਗਰਾਮ ਨੂੰ ਸੂਬਿਆਂ ਅਤੇ ਪ੍ਰਦੇਸ਼ਾਂ ਦੇ ਸਿਹਤ ਸਿਸਟਮਾਂ ਵਿੱਚ ਪੂਰੀ ਤਰ੍ਹਾਂ ਸ਼ਾਮਲ ਕਰਨ ਦੀ ਉਮੀਦ ਕਰਦੇ ਹਨ। ਮੰਤਰੀ ਨੇ ਜ਼ੋਰ ਦਿੱਤਾ ਕਿ ਸਰਕਾਰ ਸਾਰੇ ਸੂਬਿਆਂ ਨਾਲ ਗੱਲਬਾਤ ਕਰ ਰਹੀ ਹੈ ਅਤੇ ਉਮੀਦ ਹੈ ਕਿ ਅਗਲੇ ਸਪਰਿੰਗ ਤੱਕ ਇਹ ਸਮਝੌਤੇ ਹੋਣਗੇ। ਬ੍ਰਿਟਿਸ਼ ਕੋਲੰਬੀਆ ਨੇ ਪਹਿਲਾਂ ਹੀ ਆਪਣੇ ਸੂਬੇ ਵਿੱਚ ਫਾਰਮਾਕੇਅਰ ਯੋਜਨਾ ਸ਼ੁਰੂ ਕਰਨ ਲਈ ਫੈਡਰਲ ਸਰਕਾਰ ਨਾਲ ਸਮਝੌਤਾ ਕਰ ਲਿਆ ਹੈ, ਜੋ ਕਿ ਇਸ ਨਵੀਂ ਰਾਸ਼ਟਰੀ ਯੋਜਨਾ ਲਈ ਇੱਕ ਪਾਇਲਟ ਪ੍ਰਾਜੈਕਟ ਬਣੇਗਾ।

ਇਸ ਯੋਜਨਾ ਦਾ ਇੱਕ ਬਹੁਤ ਵੱਡਾ ਮਕਸਦ ਸਿਹਤ ਸੇਵਾਵਾਂ ਨੂੰ ਵਧੀਆ ਅਤੇ ਸਰਲ ਬਨਾਉਣਾ ਹੈ। ਇਸ ਨਾਲ ਉਹ ਲੋਕ ਵੀ ਦਵਾਈਆਂ ਦੀ ਪਹੁੰਚ ਹਾਸਲ ਕਰ ਸਕਣਗੇ ਜੋ ਅਜਿਹਾ ਦੇਣ ਦੀ ਆਰਥਿਕ ਸਮਰੱਥਾ ਨਹੀਂ ਰੱਖਦੇ। ਲਿਬਰਲ ਸਰਕਾਰ ਨੇ ਵਾਅਦਾ ਕੀਤਾ ਹੈ ਕਿ ਇਹ ਪ੍ਰੋਗਰਾਮ ਕੈਨੇਡਾ ਦੇ ਸਿਹਤ ਸਿਸਟਮ ਦਾ ਇੱਕ ਅਟੁੱਟ ਹਿੱਸਾ ਬਣੇਗਾ, ਜਿਸ ਨਾਲ ਸਿਹਤ ਸੇਵਾਵਾਂ ਦੀ ਗੁਣਵੱਤਾ ਵਿੱਚ ਇਜਾਫਾ ਹੋਵੇਗਾ ਅਤੇ ਸਵੈ-ਸੰਭਾਲ ਵਿੱਚ ਸਹਾਇਕ ਹੋਵੇਗਾ।

ਇਸ ਨਵੇਂ ਕਾਨੂੰਨ ਦੀ ਪਾਰਲਿਮੈਂਟ ਵਿਚ ਪਾਸ ਹੋਣ ਤੋਂ ਬਾਅਦ ਕੈਨੇਡਾ ਦੇ ਸਿਹਤ ਖੇਤਰ ਵਿੱਚ ਇੱਕ ਨਵਾਂ ਯੁੱਗ ਸ਼ੁਰੂ ਹੋ ਗਿਆ ਹੈ, ਜੋ ਕਿ ਮੁਫਤ ਅਤੇ ਵਰਤਨਯੋਗ ਦਵਾਈਆਂ ਦੀ ਪਹੁੰਚ ਨੂੰ ਯਕੀਨੀ ਬਣਾਏਗਾ।

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼

AKASH SABLOK & TARLOK SABLOK
ਸਬਲੋਕ ਐਂਡ ਸਬਲੋਕ 604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

ਬਾਧ ਅਕਾਊਟਿੰਗ ਸਰਵਿਸਿਜ਼
ਟੈਕਸ ਦੇ ਪੇਪਰ ਭਰਨਾ
ਅਕਾਊਟਿੰਗ / ਪੇਰੋਲ
ਬਿਜ਼ਨਸ ਇਨਕਮ ਟੈਕਸ
ਬੁੱਕ ਕੀਪਿੰਗ
ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ


ਸਾਡਾ ਅਕਾਊਟਿੰਗ ਵਿੱਚ ਲੰਬਾ ਤਜ਼ਰਬਾ ਹੈ
TAX FORM FILL UP | ACCOUNTING / PAYROOL | PERSONAL INCOME TAX
BUSINESS INCOME TAX | T4/ WORKERS COMPENSATION FORM
UNIT # 1393-20800 Westminter Hwy Richmond , BC V6V 2W3
Ph.: 604-325-8370 | Fax. : 604-231-9600

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Tooth Coloured Fillings
» Root Canal Treatment
» Crowns and Bridges
» Wisdom teeth Extractions
» Sedation Dentistry
» Clear Aligners
» Implants
» Dentures & many more...

Now Accepting The New Canadian Dental Care Plan From Govt.
Consult Dr. Sra for a health SMILE
Value $500
COMPLIMENTARY NIGHT GUARD
with new patient hygiene
Complete New Patient Exam with Xrays (4BW, 3PA and Panorex) and complete hygiene.
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack


FINAL VOTING DAY! Oct 19th
8:00AM - 8:00PM
ELECT ✓
Vote For
TEGJOT BAL
FOR SURREY - NEWTON
CONSERVATIVE
PARTY OF BRITISH COLUMBIA
COMMON SENSE CHANGE
Surrey - Newton Locations:
• Bear Creek Elem School - 13780 80 Ave Surrey, BC
• Cougar Creek Elem School - 12236 70A Ave Surrey, BC
• Dr. F.D. Sinclair Elem School - 7480 128 St Surrey, BC
• Frank Hurt Sec School Comm Bldg - 13940 77 Ave Surrey, BC
• Georges Vanier Elem School - 6985 142 St Surrey, BC
• Henry Bose Elem School - 6550 134 St Surrey, BC
• Hyland Elem School - 6677 140 St Surrey, BC
• M.B. Sanford Elem School - 7318 143 St Surrey, BC
• Martha Jane Norris Elem School - 12928 66A Ave Surrey, BC
• Princess Margaret Sec School - 12870 72 Ave Surrey, BC
• W.E. Kinvig Elem School - 13266 70B Ave Surrey, BC
• Westerman Elem School - 7626 122 St Surrey, BC
VOTE OCTOBER 19TH
8:00AM - 8:00PM
Voters have an assigned voting place on final voting day, but you can vote at another voting place if it's more convenient for you!
VOTE ✓
TEGJOT BAL
Candidate for
Surrey-Newton
Find a convenient place at
www.WhereToVote.Elections.BC.ca
COMMON SENSE CHANGE
CONSERVATIVE
PARTY OF BRITISH COLUMBIA
Authorized by financial agent, Tajinder Saini, (778) 878-1110

# ਐਨ.ਡੀ.ਪੀ. ਆਗੂ ਜਗਮੀਤ ਸਿੰਘ ਵਲੋਂ ਆਰ.ਐਸ.ਐਸ. 'ਤੇ ਪਾਬੰਦੀ ਲਗਾਉਣ ਦੀ ਮੰਗ



ਔਟਵਾ : ਕੈਨੇਡਾ ਵਿੱਚ ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ (ਆਰਸੀਐੱਮਪੀ) ਵੱਲੋਂ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਕਥਿਤ ਤੌਰ 'ਤੇ ਕੁਝ ਭਾਰਤੀ ਕੂਟਨੀਤਕਾਂ ਦੀ ਸ਼ਮੂਲੀਅਤ ਦੇ ਦਾਅਵਿਆਂ ਤੋਂ ਇਕ ਦਿਨ ਮਗਰੋਂ, ਕੈਨੇਡੀਅਨ ਸਿੱਖ ਆਗੂ ਜਗਮੀਤ ਸਿੰਘ ਨੇ ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਅਤੇ ਭਾਰਤੀ ਡਿਪਲੋਮੈਟਾਂ ਖਿਲਾਫ਼ ਸਖ਼ਤ ਪਾਬੰਦੀਆਂ ਲਾਉਣ ਦੀ ਮੰਗ ਕੀਤੀ ਹੈ। ਜਗਮੀਤ ਸਿੰਘ, ਜੋ ਨਿਊ ਡੈਮੋਕਰੈਟਿਕ ਪਾਰਟੀ (ਐੱਨਡੀਪੀ) ਦੇ ਮੁਖੀ ਹਨ, ਨੇ ਕਿਹਾ ਕਿ ਕੈਨੇਡਾ ਨੂੰ ਭਾਰਤੀ ਏਜੰਟਾਂ ਅਤੇ ਰਾਸ਼ਟਰੀ ਸਵੈਮਸੇਵਕ ਸੰਘ ਦੀਆਂ ਸਰਗਰਮੀਆਂ 'ਤੇ ਕੰਟਰੋਲ ਕਰਨਾ ਚਾਹੀਦਾ ਹੈ।

ਜਗਮੀਤ ਸਿੰਘ ਨੇ ਓਟਵਾ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, "ਅਸੀਂ ਮੰਗ ਕਰਦੇ ਹਾਂ ਕਿ ਲਿਬਰਲ ਸਰਕਾਰ ਭਾਰਤੀ ਡਿਪਲੋਮੈਟਾਂ 'ਤੇ ਪਾਬੰਦੀਆਂ ਲਗਾਏ ਅਤੇ ਆਰਐੱਸਐੱਸ ਨੂੰ ਕੈਨੇਡਾ ਵਿੱਚੋਂ ਬਾਹਰ ਕੱਢੇ।" ਉਨ੍ਹਾਂ ਆਰਐੱਸਐੱਸ ਨੂੰ ਹਿੰਸਕ ਅਤੇ ਅਤਿਵਾਦੀ ਜਥੇਬੰਦੀ ਕਹਿੰਦੇ ਹੋਏ ਕਿਹਾ ਕਿ ਇਹ ਸਮੂਹ ਕੈਨੇਡਾ ਤੇ ਹੋਰਨਾਂ ਦੇਸ਼ਾਂ ਵਿੱਚ ਵੀ ਆਪਣੇ ਅਸਰਾਂ ਨੂੰ ਫੈਲਾ ਰਿਹਾ ਹੈ।

ਜਗਮੀਤ ਸਿੰਘ ਨੇ ਆਪਣੇ ਬਿਆਨ ਵਿੱਚ ਅੱਗੇ ਕਿਹਾ ਕਿ ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਕਥਿਤ ਗੁਪਤ ਕਾਰਜਾਂ ਨੂੰ ਲੈ ਕੇ ਗਹਿਰੀ ਚਿੰਤਾ ਹੈ। ਉਨ੍ਹਾਂ ਮੰਗ ਕੀਤੀ ਕਿ ਕੈਨੇਡੀਅਨ ਲੋਕਾਂ ਦੀ ਸੁਰੱਖਿਆ ਲਈ ਸਖਤ ਕਦਮ ਚੁੱਕੇ ਜਾਣੇ ਚਾਹੀਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸਿੱਖ ਭਾਈਚਾਰੇ ਦੇ ਉਤੇ ਵਧਦੇ ਖਤਰੇ ਦੇ ਮੱਦੇਨਜ਼ਰ ਸਰਕਾਰ ਨੂੰ ਇਹ ਸਪੱਸ਼ਟ ਕਰਨ ਦੀ ਲੋੜ ਹੈ ਕਿ ਕਿਵੇਂ ਕੈਨੇਡਾ ਵਿੱਚ ਰਹਿਣ ਵਾਲੇ ਲੋਕਾਂ ਨੂੰ ਭਾਰਤੀ ਸਰਗਰਮੀਆਂ ਤੋਂ ਬਚਾਇਆ ਜਾਵੇਗਾ।

ਜਗਮੀਤ ਸਿੰਘ ਨੇ ਕਿਹਾ, "ਅਸੀਂ ਇਸ ਗੱਲ ਦੀ ਜਾਂਚ ਚਾਹੁੰਦੇ ਹਾਂ ਕਿ ਕੈਨੇਡੀਅਨ ਲੋਕਾਂ ਨੂੰ ਖ਼ਤਰੇ ਤੋਂ ਕਿਵੇਂ ਸੁਰੱਖਿਅਤ ਕੀਤਾ ਜਾ ਸਕਦਾ ਹੈ।"

# ਫੈਡਰਲ ਕੈਬਿਨੇਟ ਦੇ ਚਾਰ ਹੋਰ ਮੰਤਰੀਆਂ ਨੇ ਅਗਲੀਆਂ ਚੋਣਾਂ ਵਿਚ ਨਾ ਲੜਨ ਦਾ ਕੀਤਾ ਫੈਸਲਾ



ਔਟਵਾ : ਕੈਨੇਡਾ ਦੀ ਫੈਡਰਲ ਕੈਬਿਨੇਟ ਦੇ ਚਾਰ ਹੋਰ ਮੰਤਰੀਆਂ ਨੇ ਐਲਾਨ ਕੀਤਾ ਹੈ ਕਿ ਉਹ ਅਗਲੀਆਂ ਚੋਣਾਂ ਵਿਚ ਉਮੀਦਵਾਰ ਨਹੀਂ ਹੋਣਗੇ, ਜੋ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਲਈ ਇਕ ਹੋਰ ਚੁਣੌਤੀ ਬਣ ਸਕਦੀ ਹੈ। ਇਹ ਫੈਸਲਾ ਉਸ ਸਮੇਂ ਆਇਆ ਹੈ ਜਦੋਂ ਟਰੂਡੋ ਦੀ ਲੀਡਰਸ਼ਿਪ ਕਮਜ਼ੋਰ ਹੁੰਦੀ ਨਜ਼ਰ ਆ ਰਹੀ ਹੈ।

ਜੋ ਮੰਤਰੀ ਅਗਲੇ ਚੋਣ ਮੈਦਾਨ ਵਿਚ ਨਹੀਂ ਉਤਰ ਰਹੇ, ਉਹ ਹਨ – ਮੈਰੀ-ਕਲੌਡ ਬੀਬੌ (ਨੈਸ਼ਨਲ ਰੈਵਨਿਊ ਮੰਤਰਾਲਾ), ਕਾਰਲਾ ਕੁਆਲਟ੍ਰੋਅ (ਖੇਡ ਮੰਤਰਾਲਾ), ਫ਼ਿਲਮੋਨਾ ਟੈਸੀ (ਦੱਖਣੀ ਓਨਟੇਰਿਓ ਲਈ ਆਰਥਿਕ ਵਿਕਾਸ ਮੰਤਰਾਲਾ) ਅਤੇ ਡੈਨ ਵੈਂਡਲ (ਨੌਰਦਰਨ ਅਫੇਅਰਜ਼ ਮੰਤਰਾਲਾ)। ਇਹ ਸਾਰੇ 2015 ਦੀਆਂ ਚੋਣਾਂ ਵਿੱਚ ਚੁਣੇ ਗਏ ਸਨ ਅਤੇ ਪ੍ਰਧਾਨ ਮੰਤਰੀ ਨੂੰ ਅਗਲੇ ਚੋਣਾਂ ਵਿੱਚ ਹਿੱਸਾ ਨਾ ਲੈਣ ਦੀ ਸੂਚਨਾ ਦੇ ਚੁੱਕੇ ਹਨ।

ਸੂਤਰਾਂ ਮੁਤਾਬਕ ਇਹ ਚਾਰੇ ਮੰਤਰੀ ਅਗਲੇ ਹਫ਼ਤਿਆਂ ਵਿੱਚ ਹੋਣ ਵਾਲੇ ਕੈਬਿਨੇਟ ਫੇਰਬਦਲ ਦਾ ਹਿੱਸਾ ਨਹੀਂ ਬਣਨਗੇ। ਮੈਰੀ-ਕਲੌਡ ਬੀਬੌ ਸ਼ੈਰਬ੍ਰੂਕ ਤੋਂ ਮੇਅਰ ਦੀ ਚੋਣ ਲੜਨ 'ਤੇ ਵਿਚਾਰ ਕਰ ਰਹੀ ਹੈ, ਜਿੱਥੇ 2025 ਵਿੱਚ ਲੋਕਲ ਚੋਣਾਂ ਹੋਣੀਆਂ ਹਨ।

ਇਸ ਫੈਸਲੇ ਨਾਲ ਕੁੱਲ ਅੱਠ ਮੰਤਰੀ ਹੁਣ ਅਗਲੀਆਂ ਫੈਡਰਲ ਚੋਣਾਂ ਵਿੱਚ ਹਿੱਸਾ ਨਹੀਂ ਲੈਣਗੇ। ਪਾਬਲੋ ਰੌਡਰਿਗਜ਼ ਅਤੇ ਸੀਮਸ ਓ-ਰੀਗਨ ਨੇ ਪਹਿਲਾਂ ਹੀ ਇਹ ਐਲਾਨ ਕਰ ਦਿੱਤਾ ਸੀ। ਇਸ ਤਰ੍ਹਾਂ, ਲਿਬਰਲ ਕੌਕਸ ਦੇ ਕਈ ਐਮਪੀ ਵੀ ਆਪਣੀ ਰਿਟਾਇਰਮੈਂਟ ਦਾ ਐਲਾਨ ਕਰ ਰਹੇ ਹਨ। ਰੇਡੀਓ-ਕੈਨੇਡਾ ਦੇ ਮੁਤਾਬਕ, ਲਗਭਗ 24 ਐਮਪੀ ਅਗਲੀ ਚੋਣਾਂ ਵਿੱਚ ਮੁੜ ਨਹੀਂ ਖੜ੍ਹਨਗੇ, ਜਿਸ ਵਿੱਚ ਕਈ ਨਾ਼ਲੇ ਨੇ ਅਸਤੀਫੇ ਵੀ ਦੇ ਦਿੱਤੇ ਹਨ।

ਇਸ ਸਿਆਸੀ ਹਲਚਲ ਦੇ ਦਰਮਿਆਨ, ਟਰੂਡੋ ਦੀ ਲੋਕਪ੍ਰੀਅਤਾ ਪੀਅਰ ਪੌਲੀਐਵ ਦੇ ਮੁਕਾਬਲੇ ਘਟਦੀ ਨਜ਼ਰ ਆ ਰਹੀ ਹੈ, ਜਿਸ ਨਾਲ ਟ੍ਰੂਡੋ ਦੀ ਕਮਜ਼ੋਰ ਹੋ ਰਹੀ ਲੀਡਰਸ਼ਿਪ 'ਤੇ ਸਵਾਲ ਉੱਠਣ ਲੱਗੇ ਹਨ। ਕੁਝ ਐਮਪੀਜ਼ ਨੇ ਟ੍ਰੂਡੋ ਨੂੰ ਲੀਡਰਸ਼ਿਪ ਤੋਂ ਹਟਾਉਣ ਦੀ ਮੰਗ ਕੀਤੀ ਹੈ।


HOMELAND MORTGAGE CORP.

ਜੇ ਮੌਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।

- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ



Kuldip Panesar
Mortgage Consultant
Cell :604-308-6839

PROFESSIONAL AND EXPERIENCED

Ph.: 604-593-6622, Fax : 604-593-6615


#201-7928 128St. (York Business Centre) Surrey BC V3W 4E8

Website : www.homelandmortgage.ca
E-mail : homelandmortgage@hotmail.com



YOUR NEIGHBOURHOOD LAYER

RISHI LAW CORPORATION



NARINDER RISHI
Barrister, Solicitor & Notary Public

Criminal Law
» Assault Charges
» Drug Charges
» Theft/Fraud
» Uttering Threats
» Driving Offences

Divorces Probate

All kind of Notary Services

Real Estate
» Purchase/ Sale of Property
» Mortgage / Line of Credit

Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa


Services offered in Punjabi, Hindi & English

Vancouver
6625, Fraser Street
604-322-5515
Email : nkrishi@yahoo.com

Two Locations to serve you

Surrey
604-505-6454
(By appointments only)





NEWTON DENTURE CLINIC INC.

Web: www.newtondentures.ca | Email: newtondentures@gmail.com

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।

ਮੁਫ਼ਤ ਸਲਾਹ

"Over 20 years experience as Denturist"

- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।




BALRAJ (REGGIE) GILL
R.D. Bsc. Registered Denturist

ਬਲਰਾਜ ਸਿੰਘ ਗਿੱਲ 604-590-9747

Surrey #211-8334-128 St. Surrey BC V3W 4G2
(Second floor Khalsa Business Centre)




# ਸੋਹਣ ਸਿੰਘ ਪੂੰਨੀ ਦੀ ਪੁਸਤਕ 'ਭਾਈ ਮੇਵਾ ਸਿੰਘ ਦੀ ਸ਼ਹੀਦੀ ਅਤੇ ਹਾਪਕਿਨਸਨ ਦਾ ਕਤਲ' ਦਾ ਰਿਲੀਜ਼ ਸਮਾਗਮ






ਸਰੀ, (ਹਰਦਮ ਮਾਨ): ਈਸਟ ਇੰਡੀਅਨ ਡਿਫੈਂਸ ਕਮੇਟੀ ਵੱਲੋਂ ਬੀਤੇ ਦਿਨੀ ਸੋਹਣ ਸਿੰਘ ਪੂੰਨੀ ਦੀ ਪੁਸਤਕ 'ਭਾਈ ਮੇਵਾ ਸਿੰਘ ਦੀ ਸ਼ਹੀਦੀ ਅਤੇ ਹਾਪਕਿਨਸਨ ਦਾ ਕਤਲ' ਰਿਲੀਜ਼ ਕਰਨ ਲਈ ਪ੍ਰੋਗਰੈਸਿਵ ਕਲਚਰਲ ਸੈਂਟਰ ਸਰੀ ਵਿਖੇ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਡਾਕਟਰ ਸਾਧੂ ਸਿੰਘ, ਸੋਹਣ ਸਿੰਘ ਪੂੰਨੀ, ਡਾਕਟਰ ਰਘਬੀਰ ਸਿੰਘ ਸਿਰਜਣਾ, ਕਿਰਪਾਲ ਬੈਂਸ, ਸਰਦਾਰਾ ਸਿੰਘ ਮਾਹਲ, ਡਾਕਟਰ ਬਾਵਾ ਸਿੰਘ ਅਤੇ ਸਾਧੂ ਸਿੰਘ ਬਿਨਿੰਗ ਨੇ ਕੀਤੀ।

ਪੁਸਤਕ ਰਿਲੀਜ਼ ਕਰਨ ਦੀ ਰਸਮ ਉਪਰੰਤ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਡਾਕਟਰ ਸਾਧੂ ਬਿਨਿੰਗ, ਡਾਕਟਰ ਸਾਧੂ ਸਿੰਘ, ਡਾਕਟਰ ਰਘਬੀਰ ਸਿੰਘ ਸਿਰਜਣਾ ਅਤੇ ਕਿਰਪਾਲ ਬੈਂਸ ਨੇ ਕਿਹਾ ਕਿ ਸੋਹਣ ਸਿੰਘ ਪੂੰਨੀ ਨੇ ਇਹ ਇਤਿਹਾਸਿਕ ਪੁਸਤਕ ਬਹੁਤ ਹੀ ਮਿਹਨਤ ਨਾ.ਲ ਖੋਜ ਕਰ ਕੇ ਲਿਖੀ ਹੈ। ਇਸ ਵਿਚ ਉਸ ਸਮੇਂ ਦੇ ਸਮਾਜਿਕ, ਸੱਭਿਆਚਾਰਕ, ਭਾਈਚਾਰੇ ਦੇ ਰਹਿਣ ਸਹਿਣ ਅਤੇ ਕਨੇਡਾ ਦੀ ਹਾਲਤ ਬਾਰੇ ਬਹੁਤ ਹੀ ਡੂੰਘੀ ਖੋਜ ਭਰਪੂਰ ਜਾਣਕਾਰੀ ਹੈ। ਵਿਦਵਾਨਾਂ ਨੇ ਕਿਹਾ ਕਿ ਆਮ ਤੌਰ 'ਤੇ ਇਤਿਹਾਸਿਕ ਪੁਸਤਕਾਂ ਬਹੁਤੀਆਂ ਰੌਚਕ ਨਹੀਂ ਹੁੰਦੀਆਂ ਸਿਰਫ ਉਹਨਾਂ ਵਿੱਚ ਤੱਥ ਹੀ ਹੁੰਦੇ ਹਨ ਪਰ ਸੋਹਣ ਸਿੰਘ ਪੂੰਨੀ ਨੇ ਇਸ ਪੁਸਤਕ ਵਿੱਚ ਇਤਿਹਾਸ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਉਸ ਸਮੇਂ ਦਾ ਦ੍ਰਿਸ਼ ਵਰਣਨ ਵੀ ਕਮਾਲ ਦਾ ਕੀਤਾ ਹੈ। ਜਿਸ ਨਾਲ ਉਸ ਸਮੇਂ ਦੇ ਕਨੇਡਾ ਬਾਰੇ ਸਹੀ ਤਸਵੀਰ ਪਾਠਕ ਦੇ ਸਾਹਮਣੇ ਦ੍ਰਿਸ਼ਮਾਣ ਹੋ ਜਾਂਦੀ ਹੈ। ਪੁਸਤਕ ਪੜ੍ਹ ਕੇ ਪਤਾ ਲੱਗਦਾ ਹੈ ਕਿ ਹਾਪਕਿਨਸਨ ਦਾ ਕਿਰਦਾਰ ਕਿੰਨਾ ਭੈੜਾ ਅਤੇ ਗੰਦਾ ਸੀ। ਡਾਕਟਰ ਸਾਧੂ ਸਿੰਘ ਨੇ ਕਿਹਾ ਕਿ ਸੋਹਣ ਸਿੰਘ ਪੂੰਨੀ ਨੇ ਹਾਪਕਿਨਸਨ ਦੀਆਂ ਜੜ੍ਹਾਂ ਬਹੁਤ ਹੀ ਡੂੰਘਾਈ ਨਾ.ਲ ਫਰੋਲੀਆਂ ਹਨ ਅਤੇ ਉਸ ਦੀ ਕੋਝੀ ਸ਼ਖ਼ਸੀਅਤ ਨੂੰ ਬਾਖ਼ੂਬੀ ਸਾਡੇ ਸਾਹਮਣੇ ਲਿਆਂਦਾ ਹੈ। ਦੂਜੇ ਪਾਸੇ ਸ਼ਹੀਦ ਮੇਵਾ ਸਿੰਘ ਜੋ ਬਹੁਤ ਹੀ ਸਿੱਧਾ ਸਾਦਾ ਬੰਦਾ ਸੀ ਉਸ ਬਾਰੇ ਵੀ ਬੜੀ ਮਹੱਵਪੂਰਨ ਜਾਣਕਾਰੀ ਇਸ ਕਿਤਾਬ ਵਿੱਚੋਂ ਮਿਲਦੀ ਹੈ।

ਇਸ ਮੌਕੇ ਡਾ. ਬਾਵਾ ਸਿੰਘ ਅਤੇ ਸਰਦਾਰਾ ਸਿੰਘ ਮਾਹਲ ਨੇ ਪਰਵਾਸ, ਪੰਜਾਬ ਅਤੇ ਮੌਜੂਦਾ ਹਾਲਾਤ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਪੁਸਤਕ ਉੱਪਰ ਮੱਖਣ ਦੋਸਾਂਝ, ਸੁਰਿੰਦਰ ਚਾਹਲ, ਗੁਰਬਾਜ ਸਿੰਘ ਬਰਾੜ, ਅੰਮ੍ਰਿਤ ਦੀਵਾਨਾ, ਅਮਰੀਕ ਪਲਾਹੀ, ਸਾਹਿਬ ਥਿੰਦ, ਪਰਮਿੰਦਰ ਸਵੈਚ ਨੇ ਵੀ ਵਿਚਾਰ ਪੇਸ਼ ਕੀਤੇ ਅਤੇ ਸੋਹਣ ਸਿੰਘ ਪੂੰਨੀ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਪੁਸਤਕ ਬਹੁਤ ਹੀ ਮਹੱਤਵਪੂਰਨ ਸਾਂਭਣਯੋਗ ਇਤਿਹਾਸਕ ਦਸਤਾਵੇਜ ਹੈ।

# ਐਨਡੀਪੀ ਉਮੀਦਵਾਰ ਰਾਜ ਚੌਹਾਨ ਵੱਲੋਂ ਬਰਨਬੀ ਵਿੱਚ ਨੁੱਕੜ ਮੀਟਿੰਗਾਂ



ਸਰੀ, (ਹਰਦਮ ਮਾਨ): ਐਨਡੀਪੀ ਵੱਲੋਂ ਚੋਣ ਲੜ ਰਹੇ ਰਾਜ ਚੌਹਾਨ ਵੱਲੋਂ ਬੀਤੇ ਦਿਨ ਬਰਨਬੀ ਵਿੱਚ 13 ਸਟਰੀਟ 'ਤੇ ਆਪਣੇ ਵੋਟਰਾਂ ਨਾਲ ਨੁੱਕੜ ਮੀਟਿੰਗਾਂ ਕੀਤੀਆਂ ਗਈਆਂ। ਇਹਨਾਂ ਮੀਟਿੰਗਾਂ ਵਿੱਚ ਉਹਨਾਂ ਐਨਡੀਪੀ ਦੀਆਂ ਅਗਾਊਂ ਨੀਤੀਆਂ ਅਤੇ ਸਕੀਮਾਂ ਬਾਰੇ ਲੋਕਾਂ ਨੂੰ ਜਾਣੂ ਕਰਾਇਆ ਅਤੇ ਲੋਕਾਂ ਦੀਆਂ ਸਾਂਝੀਆਂ ਮੰਗਾਂ ਵੀ ਸੁਣੀਆਂ। ਇਹਨਾਂ ਮੀਟਿੰਗਾਂ ਵਿੱਚ ਇਕੱਤਰ ਹੋਏ ਵੋਟਰਾਂ ਨੇ ਗਲੀਆਂ ਵਿੱਚੋਂ ਬਰਫ ਨਾ ਚੁੱਕਣ ਤੇ ਸੜਕਾਂ 'ਤੇ ਲੂਣ ਨਾ ਪਾਉਣ, ਘਰਾਂ ਦੇ ਪਿਛਲੀ ਸੜਕ ਦੀ ਮੰਦੀ ਹਾਲਤ, ਗਲੀਆਂ ਦੀ ਸਫਾਈ ਦਾ ਯੋਗ ਪ੍ਰਬੰਧ ਨਾ ਹੋਣ ਅਤੇ ਹੋਰ ਲੋਕ ਸਮੱਸਿਆਵਾਂ ਦੀ ਗੱਲ ਕੀਤੀ। ਐਨਡੀਪੀ ਆਗੂ ਰਾਜ ਚੌਹਾਨ ਨੇ ਵਿਸ਼ਵਾਸ ਦਵਾਇਆ ਕਿ ਇਹ ਸਮੱਸਿਆਵਾਂ ਜਲਦੀ ਹੱਲ ਕੀਤੀਆਂ ਜਾਣਗੀਆਂ। ਉਹਨਾਂ ਸਾਰੇ ਵੋਟਰਾਂ ਨੂੰ ਆਪਣੀ ਵੋਟ ਦਾ ਹੱਕ ਇਸਤੇਮਾਲ ਕਰਨ ਦੀ ਅਪੀਲ ਕੀਤੀ। ਇਹਨਾਂ ਮੀਟਿੰਗਾਂ ਵਿੱਚ ਕੁਲਦੀਪ ਸਿੰਘ ਸੇਖੋਂ, ਰਜਿੰਦਰ ਸਿੰਘ ਪੰਧੇਰ, ਸਰਬਜੀਤ ਸਿੰਘ ਮੱਟੂ, ਮਾਸਟਰ ਮਨਜੀਤ ਸਿੰਘ, ਕੇਵਲਜੀਤ ਸਿੰਘ ਬਾਠ, ਜਗਦੀਸ਼ ਸਿੰਘ ਕੈਲੇ, ਦਲਜੀਤ ਸਿੰਘ ਧਾਲੀਵਾਲ, ਕੁਲਵੰਤ ਸਿੰਘ ਮੰਡੇਰ, ਚੰਚਲ ਸਿੰਘ ਭੱਟੀ, ਬਲਬੀਰ ਸਿੰਘ ਰਾਏ, ਭੁਪਿੰਦਰ ਸਿੰਘ ਬਾਠ, ਹਰਭਗਵਾਨ ਸਿੰਘ ਕਿੰਗਰਾ ਅਤੇ ਹੋਰ ਕਈ ਲੋਕ ਸ਼ਾਮਿਲ ਸਨ।

# ਰੇਡੀਓ ਹੋਸਟ ਹਰਜੀਤ ਸਿੰਘ ਗਿੱਲ ਨੂੰ ਸਦਮਾ-ਪਿਤਾ ਮਾਸਟਰ ਮੋਦਨ ਸਿੰਘ ਗਿੱਲ ਸਦੀਵੀ ਵਿਛੋੜਾ ਦੇ ਗਏ



ਸਰੀ, (ਹਰਦਮ ਮਾਨ): ਰੇਡੀਓ ਸ਼ੇਰੇ-ਪੰਜਾਬ ਦੇ ਰੇਡੀਓ ਹੋਸਟ ਤੇ ਸਰੀ ਨਿਊਟਨ ਤੋਂ ਫੈਡਰਲ ਕੰਸਰਵੇਟਿਵ ਪਾਰਟੀ ਦੇ ਉਮੀਦਵਾਰ ਹਰਜੀਤ ਸਿੰਘ ਗਿੱਲ ਨੂੰ ਉਦੋਂ ਗਹਿਰਾ ਸਦਮਾ ਪੁੱਜਾ ਜਦੋਂ ਉਹਨਾਂ ਦੇ ਸਤਿਕਾਰਯੋਗ ਪਿਤਾ ਮੋਦਨ ਸਿੰਘ ਗਿੱਲ ਸਦੀਵੀ ਵਿਛੋੜਾ ਦੇ ਗਏ।

ਉਹ ਲੱਗਭੱਗ 87 ਸਾਲ ਦੇ ਸਨ। ਉਹਨਾਂ 44 ਸਾਲ ਦੇ ਕਰੀਬ ਅਧਿਆਪਨ ਸੇਵਾਵਾਂ ਨਿਭਾਈਆਂ ਅਤੇ ਸੇਵਾ ਮੁਕਤੀ ਉਪਰੰਤ 2002 ਤੋਂ ਆਪਣੇ ਸਪੁੱਤਰਾਂ ਕੋਲ ਕੈਨੇਡਾ ਵਿਖੇ ਰਹਿ ਰਹੇ ਸਨ। ਪਿਛਲੇ ਦਿਨੀਂ ਪੰਜਾਬ ਗਏ ਸਨ ਜਿੱਥੇ ਉਹਨਾਂ ਦਾ ਸੰਖੇਪ ਬੀਮਾਰੀ ਉਪਰੰਤ ਦੇਹਾਂਤ ਹੋ ਗਿਆ।

ਉਹਨਾਂ ਆਤਮਿਕ ਸ਼ਾਤੀ ਨਮਿਤ ਰੱਖੇ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਗੁਰਦੁਆਰਾ ਚੰਨੇ ਪੱਤੀ, ਪਿੰਡ ਮਕਸੂਦੜਾ (ਨੇੜੇ ਦੋਰਾਹਾ) ਜ਼ਿਲਾ ਲੁਧਿਆਣਾ ਵਿਖੇ 20 ਅਕਤੂਬਰ 2024 ਨੂੰ ਦੁਪਹਿਰ 12 ਵਜੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਹਰਜੀਤ ਸਿੰਘ ਗਿੱਲ ਨਾਲ ਫੋਨ ਨੰਬਰ 604-729-1224 ਤੇ ਵਟਸਐਪ ਕਾਲ ਕੀਤੀ ਜਾ ਸਕਦੀ ਹੈ।

# ਕੈਨੇਡਾ ਪੋਸਟ ਵੱਲੋਂ ਦੀਵਾਲੀ ਦੇ ਮੌਕੇ ਨਵੀਂ ਡਾਕ ਟਿਕਟ ਜਾਰੀ

ਸਰੀ, (ਏਕਜੋਤ ਸਿੰਘ): ਕੈਨੇਡਾ ਪੋਸਟ ਨੇ ਦੀਵਾਲੀ ਦੇ ਤਿਉਹਾਰ ਮਨਾਉਂਦਿਆਂ ਨਵੀਂ ਡਾਕ ਟਿਕਟ ਜਾਰੀ ਕੀਤੀ ਹੈ। ਹਰ ਸਾਲ ਜਿਵੇਂ ਕੈਨੇਡਾ ਪੋਸਟ ਵਿਸ਼ੇਸ਼ ਤਿਉਹਾਰਾਂ ਲਈ ਵਿਲੱਖਣ ਡਾਕ ਟਿਕਟਾਂ ਜਾਰੀ ਕਰਦੀ ਹੈ, ਇਸ ਵਾਰ ਦੀਵਾਲੀ ਲਈ ਵੀ ਇਕ ਖਾਸ ਟਿਕਟ ਦੀ ਸ਼ੁਰੂਆਤ ਕੀਤੀ ਗਈ ਹੈ।

ਇਹ ਟਿਕਟ ਰੌਸ਼ਨੀ ਦੇ ਤਿਉਹਾਰ ਦੀਵਾਲੀ ਦੀਆਂ ਮੂਲ ਅਤੇ ਸੰਸਕਾਰਾਂ ਨੂੰ ਦਰਸਾਉਂਦੀ ਹੈ, ਜਿਸ ਵਿੱਚ ਬੁਰਾਈ 'ਤੇ ਚੰਗਾਈ ਦੀ ਜਿੱਤ, ਜ਼ਿੰਦਗੀ ਵਿੱਚ ਰੌਸ਼ਨੀ ਅਤੇ ਖੁਸ਼ਹਾਲੀ ਦੇ ਪ੍ਰਤੀਕ ਰੂਪ ਵਜੋਂ ਦੀਵੇ ਅਤੇ ਸੁਨੇਹੇ ਨੂੰ ਦਰਸਾਇਆ ਗਿਆ ਹੈ। ਟਿਕਟ 'ਤੇ ਰੌਸ਼ਨੀ ਅਤੇ ਸਜਾਵਟ ਦੇ ਚਮਕਦਾਰ ਚਿੰਨ੍ਹ ਦਰਸਾਏ ਗਏ ਹਨ, ਜੋ ਇਸ ਤਿਉਹਾਰ ਦੇ ਮੂਲ ਸੰਦਰਭ ਨੂੰ ਠੀਕ ਰੂਪ ਵਿੱਚ ਪੇਸ਼ ਕਰਦੇ ਹਨ। ਕੈਨੇਡਾ ਦੀ ਵੱਖ-ਵੱਖ ਭਾਸ਼ਾਈ ਅਤੇ ਸੱਭਿਆਚਾਰਕ ਕੌਮਾਂ ਨੂੰ ਮੰਨਦਿਆਂ, ਕੈਨੇਡਾ ਪੋਸਟ ਹਰ ਵਾਰ ਇਨ੍ਹਾਂ ਟਿਕਟਾਂ ਰਾਹੀਂ ਸੰਸਕਾਰਾਂ ਦੀ ਪਹਿਚਾਣ ਬਣਾਉਂਦੀ ਹੈ। ਇਹ ਟਿਕਟ ਕੈਨੇਡਾ ਦੀਆਂ ਸੱਭਿਆਚਾਰਕ ਮੂਲਕ ਅਹਿਮੀਅਤਾਂ ਨੂੰ ਵੀ ਪ੍ਰਗਟਾਉਂਦੀ ਹੈ।




ਇਸ ਦੇ ਜਾਰੀ ਹੋਣ ਨਾਲ ਡਾਕ ਰਾਹੀਂ ਸੰਚਾਰ ਕਰਨ ਵਾਲੇ ਲੋਕਾਂ ਨੂੰ ਇੱਕ ਹੋਰ ਖਾਸ ਡਾਕ ਟਿਕਟ ਮੋਹਰ ਮਿਲੀ ਹੈ, ਜੋ ਕਿ ਰਵਾਇਤੀ ਤਿਉਹਾਰ ਦੀਵਾਲੀ ਨੂੰ ਮਨਾਉਣ ਦੇ ਉਤਸ਼ਾਹ ਨੂੰ ਹੋਰ ਵੀ ਵਧਾਉਂਦੀ ਹੈ। This report was written by Ekjot Singh as part of the Local Journalism Initiative.

# ਤਿੰਨ ਪੰਜਾਬਣਾਂ ਦੀ ਮੌਤ ਦੇ ਦੋਸ਼ਾਂ ਵਿੱਚ ਫਸਿਆ ਜੋਗਪ੍ਰੀਤ ਸਿੰਘ ਫਰਾਰ

ਬਰੈਂਪਟਨ : ਉਨਟਾਰੀਓ ਵਿੱਚ ਤਿੰਨ ਪੰਜਾਬਣਾਂ ਦੀ ਮੌਤ ਦੇ ਦੋਸ਼ਾਂ ਵਿੱਚ ਫਸਿਆ 24 ਸਾਲਾ ਜੋਗਪ੍ਰੀਤ ਸਿੰਘ ਅਜੇ ਵੀ ਫਰਾਰ ਹੈ, ਅਤੇ ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਦਾ ਮੰਨਣਾ ਹੈ ਕਿ ਉਹ ਬਰੈਂਪਟਨ ਵਿੱਚ ਲੁਕੇ ਹੋਏ ਹੋ ਸਕਦੇ ਹਨ। ਉਨ੍ਹਾਂ ਵਿਰੁੱਧ ਇਹ ਦੋਸ਼ 20 ਜੁਲਾਈ ਨੂੰ ਪੈਰੀ ਸਾਊਂਡ ਨੇੜੇ ਹੋਏ ਇਕ ਤੇਜ਼ ਰਫਤਾਰ ਕਾਰ ਹਾਦਸੇ ਤੋਂ ਬਾਅਦ ਲਗਾਏ ਗਏ ਸਨ, ਜਿਸ ਵਿਚ ਤਿੰਨ ਕੁੜੀਆਂ ਦੀ ਮੌਤ ਹੋ ਗਈ ਸੀ।

ਹਾਦਸਾ ਰਾਤ 11 ਵਜੇ ਵਾਪਰਿਆ ਸੀ, ਜਦੋਂ ਜੋਗਪ੍ਰੀਤ ਸਿੰਘ ਨਸ਼ੇ ਦੀ ਹਾਲਤ ਵਿੱਚ ਕਾਰ ਚਲਾ ਰਹੇ ਸਨ। ਉਨ੍ਹਾਂ ਵਿਰੁੱਧ ਨਸ਼ੇ ਵਿੱਚ ਗੱਡੀ ਚਲਾਉਣ ਅਤੇ ਤਿੰਨ ਜਣਿਆਂ ਦੀ ਮੌਤ ਦਾ ਕਾਰਨ ਬਣਨ ਦੇ ਦੋਸ਼ ਲਗਾਏ ਗਏ ਹਨ। ਹਾਦਸੇ ਵਿੱਚ ਇੱਕ ਹੋਰ ਵਿਅਕਤੀ ਗੰਭੀਰ ਤੌਰ 'ਤੇ ਜ਼ਖਮੀ ਹੋ ਗਿਆ ਸੀ। ਜੋਗਪ੍ਰੀਤ ਸਿੰਘ ਨੇ 29 ਜੁਲਾਈ ਨੂੰ ਪੈਰੀ ਸਾਊਂਡ ਦੀ ਅਦਾਲਤ ਵਿੱਚ ਪੇਸ਼ ਹੋਣਾ ਸੀ, ਪਰ ਉਹ ਨਹੀਂ ਪਹੁੰਚੇ, ਜਿਸ ਨਾਲ ਉਨ੍ਹਾਂ ਦੇ ਫਰਾਰ ਹੋਣ ਦਾ ਸ਼ੱਕ ਹੋ ਰਿਹਾ ਹੈ। ਜਾਣ ਗਵਾਉਣ ਵਾਲੀਆਂ ਕੁੜੀਆਂ ਵਿਚੋਂ ਇਕ ਦੀ ਪਹਚਾਣ ਲਖਵਿੰਦਰ ਕੌਰ ਵਜੋਂ ਹੋਈ ਹੈ, ਜੋ ਕਿ ਬਟਾਲਾ ਨੇੜਲੇ ਪਿੰਡ ਸੁੱਖਾ ਚਿੜਾ ਦੀ ਵਾਸੀ ਸੀ ਅਤੇ ਸਿਰਫ 10 ਮਹੀਨੇ ਪਹਿਲਾਂ ਹੀ ਸਟੱਡੀ ਵੀਜ਼ੇ 'ਤੇ ਕੈਨੇਡਾ ਆਈ ਸੀ। ਇਸ ਹਾਦਸੇ ਤੋਂ ਬਾਅਦ ਕੁੜੀਆਂ ਦੇ ਪਰਿਵਾਰ ਨੂੰ ਗਹਿਰਾ ਧੱਕਾ ਲੱਗਿਆ ਹੈ। ਲਖਵਿੰਦਰ ਕੌਰ ਦੇ ਚਾਚੇ ਨਰਿੰਦਰ ਸਿੰਘ ਨੇ ਦੱਸਿਆ ਕਿ ਉਹ ਆਪਣੀ ਭਤੀਜੀ ਦੇ ਵੀਕਐਂਡ ਦੌਰਾਨ ਆਪਣੇ ਦੋਸਤਾਂ ਨਾਲ ਕਾਰ ਵਿੱਚ ਸਫਰ ਕਰਨ ਦੇ ਬਾਰੇ ਜਾਣਦੇ ਸਨ, ਪਰ ਇਸ ਤਰ੍ਹਾਂ ਦੇ ਹਾਦਸੇ ਨੇ ਸਾਰੇ ਪਰਿਵਾਰ ਨੂੰ ਉਲਟਾ ਦੇਖਾ ਦਿੱਤਾ। ਹਾਦਸੇ ਵਿੱਚ ਦੋ ਮੁੰਡੇ ਵੀ ਜ਼ਖਮੀ ਹੋ ਗਏ ਸਨ। ਦੂਜੇ ਪਾਸੇ, ਪੁਲਿਸ ਲੋਕਾਂ ਨੂੰ ਅਪੀਲ ਕਰ ਰਹੀ ਹੈ ਕਿ ਜੇ ਕਿਸੇ ਕੋਲ ਜੋਗਪ੍ਰੀਤ ਸਿੰਘ ਬਾਰੇ ਜਾਣਕਾਰੀ ਹੈ ਤਾਂ ਉਹ 1-888-310-1122 'ਤੇ ਸੰਪਰਕ ਕਰਨ।




Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ

SINCE 1997 SANJHA PUNJAB

ਸਾਂਝਾ ਪੰਜਾਬ ਸਵੀਟਸ

ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤ੍ਰਿਆਰ ਬਰ ਤਿਆਰ ਮਿਲਦੇ ਹਨ।

100% Vegitarian

Special Rates for Gurdwara & Mandir



CONTACT : SATJINDER SAMRA

604-930-9099

E-mail : sanjhapunjabsweets@gmail.com | Website : www.sanjhapunjabsweets.com

1-B 12830 96 Ave, Surrey, BC V3V 6A8

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

International
Punjabi Tribune

• Rachhpal Singh Gill
Editor
604-616-2171

Funded by the Government of Canada | Financé par le gouvernement du Canada | Canada

**ADVISORY BOARD**

• **Gurvinder Singh Dhaliwal**
Vancouver,
604-825-1550

• **Gurlal Singh**
Journalist,

• **Hardam Singh Maan**
Surrey
604-308-6663

• **Virpal Singh Bhagta**
News Reporter | Punjab
+91 96532 00226

• **Ekjot Singh**
News Reporter

**Printed & Published in Canada by :**
**International Punjabi Tribune Inc.**

604-584-5577 (Office)
punjabitribune
iptribune@gmail.com
www.punjabitribune.ca
punjabitribune

**NOTICE TO ADVERTISER**

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ਼ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲ਼ੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲ਼ੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖ਼ੁਦ ਜਿੰਮੇਵਾਰ ਹੋਵੇਗਾ।

# ਕੈਨੇਡਾ ਦਾ ਪੂੰਜੀਵਾਦੀ ਸਿਸਟਮ, ਪਰਵਾਸ ਬਨਾਮ ਪੰਜਾਬੀ ਭਾਈਚਾਰਾ

**ਵਲੋਂ : ਮਲਵਿੰਦਰ**

ਅਖ਼ਬਾਰ ਦੇ ਮੁੱਖ ਪੰਨੇ ਦੀ ਖ਼ਬਰ ਜੇਕਰ ਆਉਂਦੇ ਦਿਨਾਂ ਦੌਰਾਨ ਅੰਦਰਲੇ ਕਿਸੇ ਪੰਨੇ 'ਤੇ ਇੱਕ ਡੱਬੀ ਵਿੱਚ ਸਿਮਟ ਕੇ ਰਹਿ ਜਾਵੇ ਤਾਂ ਸਮਝ ਆ ਜਾਂਦਾ ਹੈ ਕਿ ਵੱਡੇ ਮਹੱਤਵ ਵਾਲੀ ਇਸ ਖ਼ਬਰ ਦਾ ਭੋਗ ਪਾ ਦਿੱਤਾ ਗਿਆ ਹੈ।

ਕਾਰਨ ਰਾਜਨੀਤਕ ਦਬਾਅ ਵੀ ਹੋ ਸਕਦਾ ਹੈ ਤੇ ਮੀਡੀਆ ਦੀ ਖਰੀਦੋ-ਫ਼ਰੋਖ਼ਤ ਵੀ। ਨਤੀਜਾ ਇਹ ਨਿਕਲਦਾ ਹੈ ਕਿ ਆਉਂਦੇ ਦਿਨਾਂ ਦੌਰਾਨ ਅਸੀਂ ਖ਼ਬਰ ਵਾਲੀ ਉਸ ਘਟਨਾ ਨੂੰ ਭੁੱਲ ਵਿਸਰ ਜਾਂਦੇ ਹਾਂ। ਹਊ ਪਰੇ ਕਰਨ ਵਾਲੀ ਸਾਡੀ ਬਿਰਤੀ ਵਧੀਕੀਆਂ ਸਹਿਣ ਕਰਨ ਵਾਲੀ ਤੇ ਵਿਦਰੋਹਾਂ, ਸੰਘਰਸ਼ਾਂ ਤੋਂ ਦੂਰ ਲੈ ਕੇ ਜਾਣ ਵਾਲੀ ਹੁੰਦੀ ਹੈ। ਬਰੈਂਪਟਨ (ਕੈਨੇਡਾ) ਵਿੱਚ ਛਪਦੀਆਂ ਅਖ਼ਬਾਰਾਂ ਵਿੱਚ ਪਹਿਲੇ ਪੰਨੇ 'ਤੇ ਮੋਟੀ ਸੁਰਖੀ ਛਪਦੀ ਹੈ, ਜਿਸ ਅਨੁਸਾਰ ਪੁਲਿਸ ਨੇ ਤਿੰਨ ਪੰਜਾਬੀ ਮੁੰਡਿਆਂ ਨੂੰ ਸਟੋਰ ਲੁੱਟਣ ਦੇ ਮਾਮਲੇ ਵਿੱਚ ਕਾਬੂ ਕੀਤਾ ਹੈ। ਤਿੰਨਾਂ ਦੇ ਨਾਂਵਾਂ ਪਿੱਛੇ ਪ੍ਰੀਤ ਲਗਦਾ ਹੈ। ਇਹ ਖ਼ਬਰ ਪੜ੍ਹ ਕੇ ਅਸੀਂ ਅਚੰਭਿਤ ਨਹੀਂ ਹੁੰਦੇ। ਇਹ ਖ਼ਤਰਨਾਕ ਵਰਤਾਰਾ ਹੈ। ਜਦੋਂ ਅਜਿਹੀਆਂ ਘਟਨਾਵਾਂ ਸਾਨੂੰ ਹੈਰਾਨ ਨਾ ਕਰਨ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਜੀਵਨ ਦੀਆਂ ਬੇਤਰਤੀਬੀਆਂ ਨਾਲ ਸਮਝੌਤਾ ਕਰ ਲਿਆ ਹੈ। ਸਮਾਜ ਵਿੱਚ ਗਲਤ ਹੋ ਵਾਪਰ ਰਹੇ ਦੇ ਨਤੀਜਿਆਂ ਬਾਰੇ ਸੋਚਣਾ ਬੰਦ ਕਰ ਦਿੱਤਾ ਹੈ। ਅਸੀਂ ਕਿਸੇ ਵੱਡੇ ਹਾਦਸੇ ਦੇ ਵਾਪਰਨ ਦੀ ਉਡੀਕ ਕਰ ਰਹੇ ਹਾਂ। ਅਜਿਹਾ ਉਦੋਂ ਵੀ ਵਾਪਰਦਾ ਹੈ ਜਦੋਂ ਸਾਡੇ ਆਸ ਪਾਸ ਜਾਂ ਪੜੋਸ ਵਿੱਚ ਗੈਰ ਕਾਨੂੰਨੀ ਨਸ਼ਿਆਂ ਦਾ ਕਾਰੋਬਾਰ ਹੋ ਰਿਹਾ ਹੁੰਦਾ ਹੈ, ਪਰਿਵਾਰ ਬਿਖਰ ਰਹੇ ਹੁੰਦੇ ਹਨ, ਜਵਾਨ ਲੜਕੇ ਮਰ ਰਹੇ ਹੁੰਦੇ ਹਨ ਤੇ ਅਸੀਂ ਚੁੱਪ ਰਹਿੰਦੇ ਹਾਂ। ਅਜਿਹਾ ਚੋਣਾਂ ਵਿੱਚ ਹਰ ਵਾਰ ਕਿਸੇ ਕਾਤਲ, ਬਲਾਤਕਾਰੀ, ਗੁੰਡੇ, ਬਦਮਾਸ਼ ਤੇ ਭ੍ਰਿਸ਼ਟ ਦਾ ਵੱਡੇ ਫਰਕ ਨਾਲ ਚੋਣਾਂ ਜਿੱਤਣ ਤੋਂ ਬਾਅਦ ਸੰਸਦ ਵਿੱਚ ਪਹੁੰਚਣ ਵੇਲੇ ਵੀ ਵਾਪਰਦਾ ਹੈ। ਇਹ ਘਟਨਾਵਾਂ ਆਪਣੀ ਸੂਲ਼ੀ ਦਾ ਆਪਣੇ ਹੱਥੀਂ ਪ੍ਰਬੰਧ ਕਰਨਾ ਹੁੰਦਾ ਹੈ। ਪਰਵਾਸ ਕਰਕੇ ਬਿਹਤਰ ਜੀਵਨ ਹਾਲਤਾਂ ਲਈ ਦੂਜੇ ਦੇਸ਼ ਵਿੱਚ ਅਜਿਹੀਆਂ ਕਰਤੂਤਾਂ ਡੂੰਘੀ ਸੋਚ ਵਿਚਾਰ ਮੰਗਦੀਆਂ ਹਨ। ਕੈਨੇਡਾ ਵਿੱਚ ਅਜਿਹਾ ਕੀ ਹੈ ਕਿ ਅਸੀਂ ਆਪਣੀਆਂ ਚੰਗੀਆਂ ਨੌਕਰੀਆਂ ਛੱਡ ਕੇ, ਕਾਰੋਬਾਰ ਤਿਆਗ ਕੇ, ਚੰਗੀ ਭਲੀ ਵਾਹੀ ਖੇਤੀ ਕਿਰਸਾਨੀ ਛੱਡ ਕੇ, ਦੋ-ਮੰਜ਼ਲੀਆਂ ਕੋਠੀਆਂ ਨੂੰ ਜਿੰਦਰੇ ਮਾਰ ਕੇ ਇੱਧਰ ਆ ਗਏ ਹਾਂ ਜਾਂ ਆਉਣ ਲਈ ਤਰਲੋਮੱਛੀ ਹੋ ਰਹੇ ਹਾਂ। ਅਸੀਂ ਆਪਣੀਆਂ ਅਠਾਰਾਂ ਅਠਾਰਾਂ ਸਾਲਾਂ ਦੀਆਂ ਮਾਸੂਮ ਧੀਆਂ ਤੇ ਪੁੱਤਰਾਂ ਨੂੰ ਵੱਡੀ ਰਕਮ ਖ਼ਰਚ ਕਰਕੇ ਜਹਾਜ਼ੇ ਚਾੜ੍ਹ ਰਹੇ ਹਾਂ? ਸ਼ਾਇਦ ਬਹੁਤ ਕੁਝ ਸੀ 'ਤੇ ਹੈ ਵੀ। ਪਰ ਸਾਡਾ ਵਿਹਾਰ ਤੇ ਚਾਲ-ਚੱਲਣ ਇਸਦੇ ਸਿਫਤੀ ਮੁਹਾਂਦਰੇ ਨੂੰ ਵਲੂੰਧਰ ਰਿਹਾ ਹੈ। ਕਾਰਾਂ ਚੋਰੀ ਕਰਨ, ਡਰੱਗਜ਼ ਦਾ ਕਾਰੋਬਾਰ ਕਰਨ, ਸਟੋਰਾਂ ਦੀਆਂ ਕੰਧਾਂ ਪਾੜ ਕੇ ਸਮਾਨ ਲੁੱਟ ਕੇ ਲੈ ਜਾਣ, ਸਟੋਰਾਂ ਦੀਆਂ ਟਰਾਲੀਆਂ ਵਿੱਚ ਗਰੌਸਰੀ ਦਾ ਸਮਾਨ ਲੱਦ ਕੇ ਆਪਣੇ ਘਰ ਤਕ ਲਿਜਾਕੇ ਟਰਾਲੀ ਕਿਸੇ ਗਲੀ ਸੜਕ ਕਿਨਾਰੇ ਲਾਵਾਰਸ ਛੱਡ ਦੇਣੀ, ਕਾਰਾਂ ਵਿੱਚ ਉੱਚੀ ਆਵਾਜ਼ ਵਿੱਚ ਗਾਣੇ ਲਾਉਣੇ ਤੇ ਪਲਾਜ਼ਿਆਂ, ਸਿਟੀ ਸੈਂਟਰਾਂ ਦੀਆਂ ਪਾਰਕਾਂ ਵਿੱਚ ਗੇੜੇ ਲਾਉਣੇ, ਕੁੜੀਆਂ ਨੂੰ ਕਾਮੀ ਨਿਗਾਹਾਂ ਨਾਲ ਘੂਰਨਾ ਆਦਿ ਕਈ ਨਿੱਕੀਆਂ ਨਿੱਕੀਆਂ ਗੱਲਾਂ ਹਨ, ਜਿਨ੍ਹਾਂ ਦੇ ਨਤੀਜੇ ਵੱਡੇ ਨਿਕਲਣ ਵਾਲੇ ਹਨ। ਅਜਿਹੇ ਧੰਦਿਆਂ ਵਿੱਚ ਲੁਪਤ ਲੋਕ ਭਾਵੇਂ ਥੋੜ੍ਹੇ ਜਿਹੇ ਹਨ, ਪਰ ਸਮੁੱਚੇ ਭਾਈਚਾਰੇ ਦੇ ਮੱਥੇ 'ਤੇ ਕਲੰਕ ਦਾ ਦਾਗ ਲਾਉਣ ਲਈ ਬਥੇਰੇ ਹਨ।

ਇਹ ਹੁਣ ਕੋਈ ਨਵੀਂ ਗੱਲ ਨਹੀਂ ਕਿ ਕੈਨੇਡਾ ਵਿੱਚ ਪਰਵਾਸੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇੱਥੇ ਪੱਕੇ ਹੋਣ ਲਈ ਅਸਾਇਲਮ ਮੰਗਣ ਵਾਲਿਆਂ ਦੀ ਗਿਣਤੀ ਦੋ ਲੱਖ ਦੇ ਨੇੜੇ ਪੁੱਜ ਗਈ ਹੈ, ਜਿਹਨਾਂ ਵਿੱਚ 10 ਹਜ਼ਾਰ ਪੰਜਾਬੀ ਹਨ। ਅਸਾਇਲਮ (ਸ਼ਰਨ) ਕੈਨੇਡਾ ਵਿੱਚ ਪੱਕੇ ਹੋਣ ਦਾ ਇੱਕ ਰਾਹ ਹੈ। ਇਸਦੀ ਇਜਾਜ਼ਤ ਤਾਂ ਮਿਲਦੀ ਹੈ ਜੇਕਰ ਤੁਹਾਡੀ ਨਸਲ, ਧਰਮ, ਕੌਮੀਅਤ, ਜਾਂ ਰਾਜਨੀਤਕ ਵਿਚਾਰਾਂ ਕਾਰਨ ਤੁਹਾਨੂੰ ਤੁਹਾਡੇ ਆਪਣੇ ਦੇਸ਼ ਵਿੱਚ ਸਤਾਇਆ ਜਾ ਰਿਹਾ ਹੈ। ਤੁਹਾਡੇ ਉੱਪਰ ਅੱਤਿਆਚਾਰ ਹੋ ਰਿਹਾ ਹੈ ਜਾਂ ਹੋਣ ਦਾ ਡਰ ਹੈ। ਇਸ ਤੋਂ ਇਲਾਵਾ ਵਰਕ ਪਰਮਿਟ ਵੀ ਇੱਕ ਤਰੀਕਾ ਹੈ ਜਿਸ ਨਾਲ ਅਸੀਂ ਕੈਨੇਡਾ ਵਿੱਚ ਪੱਕੇ ਹੋਣ ਦੀ ਆਸ ਕਰ ਸਕਦੇ ਹਾਂ।




ਵਿਦਿਆਰਥੀ ਵੀਜ਼ੇ ਉੱਪਰ ਕੈਨੇਡਾ ਆਏ ਜਾਂ ਆ ਰਹੇ ਕੌਮਾਂਤਰੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਲਗਾਤਾਰ ਵਧ ਰਹੀਆਂ ਹਨ। ਰਾਹ ਗਲੀ ਮਿਲਦੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਜਦੋਂ ਜੌਬ ਦਾ ਪੁੱਛੀਦਾ ਹੈ ਤਾਂਹ ਬਹੁਤਿਆਂ ਦਾ ਜਵਾਬ ਹੁੰਦਾ ਕਿ ਕੋਸ਼ਿਸ਼ ਕਰ ਰਹੇ ਹਾਂ ਪਰ ਅਜੇ ਮਿਲੀ ਨਹੀਂ। ਗਰੌਸਰੀ ਮਹਿੰਗੀ ਹੋ ਗਈ ਹੈ। ਰਹਿਣ ਲਈ ਬੇਸਮੈਂਟਾਂ ਦੇ ਕਿਰਾਏ ਵਧ ਗਏ ਹਨ। ਜੇਕਰ ਇਨ੍ਹਾਂ ਦੇ ਭਵਿੱਖ ਦੀ ਗੱਲ ਕਰੀਏ ਤਾਂ ਹਾਲਾਤ ਹੱਕ ਵਿੱਚ ਭੁਗਤਦੇ ਨਹੀਂ ਲੱਗਦੇ।

ਪਰੈੱਸ ਦੇ ਇੱਕ ਹਿੱਸੇ ਦੀ ਖ਼ਬਰ ਹੈ ਕਿ ਕੈਨੇਡਾ ਦੇ ਇੰਮੀਗ੍ਰੇਸ਼ਨ ਮੰਤਰੀ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਪੱਕੇ ਤੌਰ 'ਤੇ ਕੈਨੇਡਾ ਵਿੱਚ ਨਹੀਂ ਰਹਿ ਸਕਦੇ। ਉਸ ਨੇ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਮੁਕੰਮਲ ਕਰਕੇ ਆਪਣੇ ਘਰ ਪਰਤ ਜਾਣ ਦੀ ਸਲਾਹ ਦਿੱਤੀ ਹੈ। ਅਫ਼ਵਾਹਾਂ ਵਰਗੀ ਖ਼ਬਰ ਇਹ ਵੀ ਹੈ ਕਿ ਕੈਨੇਡਾ ਸਰਕਾਰ ਵਰਕ ਪਰਮਿਟ ਦੇਣੇ ਬੰਦ ਕਰ ਰਹੀ ਹੈ। ਉਂਝ ਜਦੋਂ ਇਸਦਾ ਦੂਜਾ ਪਾਸਾ ਵੇਖਦੇ ਹਾਂ ਤਾਂ ਸਥਿਤੀ ਭਿੰਨ ਲਗਦੀ ਹੈ। ਵਿਦਿਆਰਥੀ ਵੀਜ਼ੇ 'ਤੇ ਆਏ ਵਿਦਿਆਰਥੀਆਂ ਦੀ ਫੀਸ ਦੇ ਰੂਪ ਵਿੱਚ ਆਉਂਦੀ ਰਕਮ ਅਰਬਾਂ ਡਾਲਰ ਹੈ। ਇਸ ਦੇਸ਼ ਦੀ ਆਰਥਿਕਤਾ ਪਰਵਾਸੀਆਂ ਦੁਆਰਾ ਫੀਸ ਅਤੇ ਟੈਕਸ ਦੇ ਰੂਪ ਵਿੱਚ ਆਉਂਦੀ ਰਾਸ਼ੀ ਉੱਪਰ ਨਿਰਭਰ ਹੈ। ਕੁਝ ਵੀ ਹੋਵੇ, ਹੁਣ ਦੇ ਵੇਲਿਆਂ ਵਿੱਚ ਹਰ ਹੈਸੀਅਤ ਦਾ ਪਰਵਾਸੀ ਸੰਕਟ ਵਿੱਚ ਹੈ। ਪਰਵਾਸ ਲਈ ਘਰੋਂ ਤੁਰਨਾ ਕਠਿਨ ਫੈਸਲਾ ਹੁੰਦਾ ਹੈ। ਰਿਵਰਸ ਪਰਵਾਸ ਹੋਰ ਵੀ ਕਠਿਨ ਤੇ ਨਿਰਾਸ਼ਾਜਨਕ ਹੁੰਦਾ ਹੈ। ਕੁਝ ਇਹ ਕਠਿਨ ਫੈਸਲਾ ਕਰ ਵਾਪਸ ਵੀ ਪਰਤ ਰਹੇ ਹਨ। ਇਹ ਰੁਝਾਨ ਅਜੇ ਮੁਢਲੇ ਪੜਾਅ 'ਤੇ ਹੈ। ਫਿਰ ਵੀ ਸਥਿਤੀ ਦਾ ਮੁਲਾਂਕਣ ਕਰਨ ਲਈ ਬਹੁਤ ਹੈ। ਬਾਕੀਆਂ ਨੂੰ ਵੀ ਸੋਚਣ ਦੀ ਲੋੜ ਹੈ।

ਵਿਜ਼ਟਰ ਵੀਜ਼ੇ 'ਤੇ ਆ ਰਹੇ ਪਰਵਾਸੀ ਇੱਥੇ ਪੱਕੇ ਤੌਰ 'ਤੇ ਟਿਕ ਜਾਣਾ ਚਾਹੁੰਦੇ ਹਨ। ਇਸ ਲਈ ਉਹ ਏਜੰਟਾਂ ਅਤੇ ਵਕੀਲਾਂ ਦੀ ਸ਼ਰਨ ਵਿੱਚ ਜਾਂਦੇ ਹਨ। ਇਹ ਲੋਕ ਚਾਹਵਾਨਾਂ ਕੋਲੋਂ ਮੋਟੀ ਰਕਮ ਵਸੂਲ ਕੇ ਉਨ੍ਹਾਂ ਦੀ ਫਾਈਲ ਅਸਾਇਲਮ ਲਈ ਲਾ ਦਿੰਦੇ ਹਨ। ਫਾਈਲ ਨਾਲ ਝੂਠੇ ਸੱਚੇ ਡਾਕੂਮੈਂਟਸ ਵਕੀਲ ਤਿਆਰ ਕਰ ਲੈਂਦੇ ਹਨ। ਅਸਾਇਲਮ ਮਿਲਣ 'ਤੇ ਬੰਦੇ ਨੂੰ ਰਿਫਊਜੀ ਦਾ ਸਟੇਟਸ ਮਿਲ ਜਾਂਦਾ ਹੈ, ਜਿਸਦਾ ਭਾਵ ਹੈ ਕਿ ਤੁਹਾਨੂੰ ਆਪਣੇ ਹੀ ਦੇਸ਼ ਵਿੱਚ ਖ਼ਤਰਾ ਹੈ। ਇੱਥੇ ਕੈਨੇਡਾ ਵਿੱਚ ਪੱਕੇ ਹੋਣ ਲਈ ਆਪਣੇ ਦੇਸ਼ ਵਿੱਚ ਖ਼ਤਰੇ ਦਾ ਖ਼ਤਰਾ ਵੀ ਮੁੱਲ ਲੈਣਾ ਪੈਂਦਾ ਹੈ। ਇੰਝ ਹੀ ਲੋਕ ਮੋਟੀਆਂ ਰਕਮਾਂ ਲੈ ਕੇ ਵਰਕ ਪਰਮਿਟ ਦਿੰਦੇ ਹਨ।

ਬੱਸ ਸਟਾਪ 'ਤੇ ਮਿਲੀ ਇੱਕ ਲੜਕੀ ਦੱਸਦੀ ਹੈ ਕਿ ਮੇਰੇ ਕੋਲ ਵਰਕ ਪਰਮਿਟ ਹੈ ਪਰ ਵਰਕ ਨਹੀਂ ਹੈ। ਕੈਨੇਡਾ ਦੇ ਚਾਹਵਾਨਾਂ ਨਾਲ ਇਹ ਧਾਂਦਲੀਆਂ ਵੀ ਹੋ ਰਹੀਆਂ ਹਨ। ਇੱਕ ਸੈਸ਼ਨ ਦੌਰਾਨ ਵਿਦਿਆਰਥੀਆਂ ਨੂੰ ਖੁੱਲ੍ਹ ਕੇ ਗੱਲ ਕਰਨ ਦਾ ਮੌਕਾ ਦਿੱਤਾ ਤਾਂ ਬਹੁਤ ਸਾਰੀਆਂ ਗੱਲਾਂ ਦਾ ਓਹਲਾ ਰੱਖਕੇ ਲੜਕੀਆਂ ਨੇ ਦੱਸਿਆ ਕਿ ਜੌਬ ਦੇਣ ਬਦਲੇ ਉਨ੍ਹਾਂ ਨੂੰ ਉਹ ਕੰਮ ਵੀ ਕਰਨ ਨੂੰ ਕਿਹਾ ਜਾਂਦਾ ਹੈ, ਜਿਸਦਾ ਜ਼ਿਕਰ ਉਹ ਇੱਥੇ ਨਹੀਂ ਕਰ ਸਕਦੀਆਂ। ਇੱਕ ਲੜਕੀ ਨੂੰ ਮਸਾਜ਼ ਕਰਨ ਦੀ ਨੌਕਰੀ ਦੀ ਪੇਸ਼ਕਸ ਕੀਤੀ ਗਈ। ਉਹ ਮਸਾਜ਼ ਦੇ ਅਰਥ ਸਮਝਦੀ ਸੀ। ਪੇਸ਼ਕਸ ਠੁਕਰਾ ਕੇ ਆ ਗਈ। ਇੱਕ ਹੋਰ ਨੂੰ ਸ਼ਰਾਬ ਵਰਤਾਉਣ ਦੀ ਜੌਬ ਦੇਣ ਵੇਲੇ ਸ਼ਰਤ ਸੀ ਕਿ ਕੱਪੜੇ ਛੋਟੇ ਪਹਿਨਣੇ ਹਨ ਅਤੇ ਖ਼ੁਦ ਸ਼ਰਾਬ ਦਾ ਸੇਵਨ ਕਰਨਾ ਹੈ ਤਾਂ ਜੋ ਗਾਹਕ ਨੂੰ ਉਸਦੇ ਸਵਾਦ ਬਾਰੇ ਦੱਸਿਆ ਜਾਵੇ। ਉਸ ਨੂੰ ਵੀ ਜੌਬ ਠੁਕਰਾਉਣੀ ਠੀਕ ਲੱਗੀ। ਇਹ ਸਮਝ ਤੇ ਇਰਾਦਾ ਹਰ ਕਿਸੇ ਕੋਲ ਨਹੀਂ ਹੁੰਦਾ। ਕਿਸੇ ਸਵੀਕਾਰ ਵੀ ਕਰ ਲਿਆ ਹੋਵੇਗਾ। ਇੰਝ ਕੁਝ ਹੋਰ ਵਿਦਿਆਰਥੀਆਂ ਨੇ ਆਪਣੇ ਮੁਢਲੇ ਦਿਨਾਂ ਦੇ ਸੰਘਰਸ਼ ਦੀਆਂ ਲੂੰ ਕੰਡੇ ਖੜ੍ਹੇ ਕਰਨ ਵਾਲੀਆਂ ਯਾਦਾਂ ਸਾਂਝੀਆਂ ਕੀਤੀਆਂ। ਇਸ ਸੈਸ਼ਨ ਦੌਰਾਨ ਮੈਨੂੰ ਇਹ ਸਮਝ ਆਈ ਕਿ ਸਾਨੂੰ ਵੱਧ ਤੋਂ ਵੱਧ ਅਜਿਹੇ ਮੰਚ ਮੁਹਈਆ ਕਰਵਾਉਣੇ ਚਾਹੀਦੇ ਹਨ, ਜਿੱਥੇ ਉਹ ਆਪਣੇ ਸੰਘਰਸ਼ ਦੀ ਗੱਲ ਕਰਦਿਆਂ ਆਉਂਦੀਆਂ ਮੁਸ਼ਕਿਲਾਂ ਬਾਰੇ ਗੱਲ ਕਰ ਸਕਣ। ਇੰਝ ਹੋਰਾਂ ਅਤੇ ਨਵਿਆਂ ਨੂੰ ਲੋੜੀਂਦਾ ਗਿਆਨ ਮਿਲ ਸਕਦਾ ਹੈ, ਜਿਸ ਨਾਲ ਉਹ ਆਉਣ ਵਾਲੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਸਕਦੇ ਹਨ।

ਕੈਨੇਡਾ ਚੰਗਾ ਮੁਲਕ ਹੈ। ਪੌਣ-ਪਾਣੀ ਤੇ ਭੋਏਂ ਨੂੰ ਸੰਭਾਲਿਆ ਹੋਇਆ ਹੈ। ਲੋਕ ਨਿਯਮਾਂ ਦਾ ਪਾਲਣ ਕਰਦੇ ਹਨ। ਆਪਣੇ ਕਿਸੇ ਕੰਮ ਲਈ ਦਫਤਰਾਂ ਵਿੱਚ ਖੱਜਲ ਖੁਆਰ ਨਹੀਂ ਹੋਣਾ ਪੈਂਦਾ। ਪਰ ਮੰਦੀ ਦਾ ਦੌਰ ਚੱਲ ਰਿਹਾ ਹੈ। ਨਵੇਂ ਆਏ ਵਿਦਿਆਰਥੀਆਂ ਨੂੰ ਤੇ ਕਈ ਪੁਰਾਣਿਆਂ ਨੂੰ ਵੀ ਜੌਬ ਨਹੀਂ ਮਿਲ ਰਹੀ। ਬਿਆਜ ਦਰਾਂ ਵਧਣ ਕਾਰਨ ਘਰ ਖਰੀਦਣੇ ਔਖੇ ਹੋ ਗਏ ਹਨ। ਜਿਊਣਾ ਮਹਿੰਗਾ ਹੋ ਗਿਆ ਹੈ। ਅਜਿਹੇ ਵਿੱਚ ਤਹੱਮਲ ਰੱਖਣ ਦੀ ਲੋੜ ਹੈ। ਪਰਵਾਸੀ, ਜਿਹੜੇ ਸਿਸਟਮ ਦੇ ਮੇਚ ਨਹੀਂ ਆਉਂਦੇ, ਸਰਕਾਰ ਦੀ ਅੱਖ ਵਿੱਚ ਰੜਕਦੇ ਹਨ। ਸਟਡੀ ਵੀਜ਼ੇ 'ਤੇ ਆਇਆਂ ਨੂੰ ਪੀ.ਆਰ ਨਾ ਦੇਣ ਦੇ ਫੈਸਲੇ ਵਰਗੇ ਹੋਰ ਕਠਿਨ ਫੈਸਲੇ ਵੀ ਆ ਸਕਦੇ ਹਨ। ਪੀ.ਆਰ. ਹੋ ਗਿਆਂ ਨੂੰ ਵੀ ਕਿਸੇ ਭਰਮ ਵਿੱਚ ਨਹੀਂ ਰਹਿਣਾ ਚਾਹੀਦਾ। ਪੂਜੀਵਾਦੀ ਸਿਸਟਮ ਮੁਨਾਫ਼ੇ ਨੂੰ ਕੇਂਦਰ ਵਿੱਚ ਰੱਖਦਾ ਹੈ। ਜਦੋਂ ਤਕ ਪਰਵਾਸੀ ਉਹਨਾਂ ਲਈ ਸਸਤੀ ਲੇਬਰ ਹਨ, ਆਪਣੀਆਂ ਮੁਢਲੀਆਂ ਲੋੜਾਂ ਲਈ ਸੁਚੇਤ ਨਹੀਂ ਹਨ, ਥਾਂ ਥਾਂ ਉੱਸਰ ਚੁੱਕੇ ਧਾਰਮਕ ਸਥਾਨਾਂ ਦੀ ਬਹੁਤਾਤ ਨੂੰ ਹੀ ਆਪਣੀ ਪ੍ਰਾਪਤੀ ਸਮਝ ਰਹੇ ਹਨ, ਸਿਹਤ ਨਾਲ ਸੰਬੰਧਿਤ ਲੋੜਾਂ ਲਈ ਸਾਂਝੀ ਆਵਾਜ਼ ਬਣ ਸੜਕਾਂ 'ਤੇ ਨਹੀਂ ਨਿਕਲਦੇ, ਵਧੀਆਂ ਵਿਆਜ ਦਰਾਂ ਤੇ ਮਹਿੰਗੀ ਹੋ ਗਈ ਗਰੌਸਰੀ ਨੂੰ ਮੁੱਦਾ ਨਹੀਂ ਬਣਾਉਂਦੇ ਅਤੇ ਟੈਕਸ ਦਰਾਂ, ਮਾਮੂਲੀ ਉਜਰਤ ਲਈ ਕੈਸ਼ 'ਤੇ ਕੰਮ ਕਰਦੇ ਕਾਮਿਆਂ ਅਤੇ ਉਚੇਰੀ ਸਿੱਖਿਆ ਲਈ ਲੋੜੀਂਦੇ ਕਾਲਜ, ਯੂਨੀਵਰਸਿਟੀਆਂ ਦੀ ਮੰਗ ਲਈ ਇਕੱਠੇ ਨਹੀਂ ਹੁੰਦੇ, ਪੂੰਜੀਵਾਦੀ ਸਰਕਾਰ ਪੀ.ਆਰ. ਅਤੇ ਕੱਚੇ ਕਾਮਿਆਂ ਦਾ ਸਵਾਗਤ ਕਰਦੀ ਰਹੇਗੀ। ਜਦੋਂ ਸਿਸਟਮ ਨੂੰ ਸਾਡੀ ਲੋੜ ਨਾ ਰਹੀ, ਇੱਕ ਨੋਟਿਸ ਨਾਲ ਸਾਨੂੰ ਬਾਹਰ ਜਾਣ ਦਾ ਫ਼ੁਰਮਾਨ ਜਾਰੀ ਹੋ ਜਾਵੇਗਾ। ਅਜਿਹੀ ਸਥਿਤੀ ਦੇ ਸੱਚ ਨੂੰ ਸਮਝਦਿਆਂ ਪਰਵਾਸੀਆਂ ਤੇ ਖਾਸ ਕਰਕੇ ਪੰਜਾਬੀ ਪਰਵਾਸੀਆਂ ਨੂੰ ਸੋਚਣ ਦੀ ਲੋੜ ਹੈ। ਨਹੀਂ ਤਾਂ ਕੈਨੇਡਾ ਹੱਥਾਂ ਵਿੱਚੋਂ ਤਿਲਕ ਜਾਵੇਗਾ।

# ਭਾਰਤ ਵਲੋਂ ਅਮਰੀਕਾ ਨਾਲ 31 ਪ੍ਰੀਡੇਟਰ ਡਰੋਨ ਖਰੀਦਣ ਲਈ 32 ਹਜ਼ਾਰ ਕਰੋੜ ਰੁਪਏ ਦੇ ਸੌਦੇ ਨੂੰ ਮਨਜ਼ੂਰੀ

ਵਾਸ਼ਿੰਗਟਨ, (ਏਕਜੋਤ ਸਿੰਘ): ਭਾਰਤ ਅਤੇ ਅਮਰੀਕਾ ਦੇ ਰੱਖਿਆ ਸਬੰਧਾਂ ਵਿੱਚ ਇੱਕ ਹੋਰ ਅਹਿਮ ਮੋੜ ਅੱਜ ਆਇਆ, ਜਦੋਂ ਦੋਵਾਂ ਦੇਸ਼ਾਂ ਨੇ 31 ਪ੍ਰੀਡੇਟਰ ਡਰੋਨ ਦੀ ਖਰੀਦ ਲਈ ਚਾਰ ਅਰਬ ਡਾਲਰ ਦਾ ਵੱਡਾ ਸਮਝੌਤਾ ਸਾਈਨ ਕੀਤਾ। ਇਹ ਡਰੋਨ ਪ੍ਰਸਿੱਧ ਅਮਰੀਕੀ ਕੰਪਨੀ 'ਜਨਰਲ ਲੌਜਿਸਟਿਕ' ਤੋਂ ਵਿਦੇਸ਼ੀ ਫੌਜੀ ਵਿਕਰੀ ਮਾਰਗ ਰਾਹੀਂ ਖਰੀਦੇ ਜਾਣਗੇ। ਇਹ ਸਮਝੌਤਾ ਭਾਰਤੀ ਰੱਖਿਆ ਖੇਤਰ ਲਈ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ, ਖਾਸ ਕਰਕੇ ਭਾਰਤ-ਚੀਨ ਸਰਹੱਦਾਂ 'ਤੇ ਤਣਾਅ ਦੇ ਮੱਦੇਨਜ਼ਰ ਭਾਰਤ ਦੀ ਜੰਗੀ ਸਮਰੱਥਾ ਨੂੰ ਵਧਾਉਣ ਦੇ ਨਜਰਿਏ ਨਾਲ। ਇਹ ਡਰੋਨ ਲੰਬੀ ਦੂਰੀ ਤੱਕ ਚੱਲਣ ਅਤੇ ਨਿਗਰਾਨੀ ਕਰਨ ਵਿੱਚ ਕਾਬਲ ਹੋਣਗੇ, ਜਿਸ ਨਾਲ ਭਾਰਤੀ ਸੈਨਾ ਦੀ ਤਾਕਤ ਵਿੱਚ ਕਾਫ਼ੀ ਵਾਧਾ ਹੋਵੇਗਾ। ਇਹ ਪ੍ਰੀਡੇਟਰ ਡਰੋਨ ਉੱਚ-ਤਕਨੀਕੀ ਸੈਟੇਲਾਈਟ ਸਿਸਟਮ ਅਤੇ ਹਥਿਆਰਾਂ ਨਾਲ ਲੈਸ ਹਨ, ਜੋ ਸੈਨਾ ਨੂੰ ਵਿਸ਼ੇਸ਼ਤ ਤੌਰ 'ਤੇ ਵਿਰੋਧੀਆਂ ਦੀ ਹਵਾਈ ਅਤੇ ਸਮੁੰਦਰੀ ਨਿਗਰਾਨੀ ਕਰਨ ਵਿੱਚ ਮਦਦ ਕਰਨਗੇ। ਇਸ ਨਾਲ ਭਾਰਤੀ ਸੈਨਾ ਦੀ ਮੌਜੂਦਾ ਅਤੇ ਭਵਿੱਖ ਦੀਆਂ ਕਾਰਵਾਈਆਂ ਜ਼ਿਆਦਾ ਮਜ਼ਬੂਤ ਹੋਣਗੀਆਂ, ਖਾਸਕਰ ਚੀਨ ਨਾਲ ਵਿਵਾਦਤ ਸੀਮਾਵਾਂ ਉੱਤੇ ਹੋਣ ਵਾਲੇ ਕਿਸੇ ਵੀ ਹਲਾਤ ਲਈ ਸਥਿਤੀ 'ਤੇ ਜ਼ਿਆਦਾ ਨਜ਼ਰ ਰੱਖਣੀ ਸੌਖੀ ਹੋਵੇਗੀ।

ਰਾਜਧਾਨੀ ਦਿੱਲੀ ਵਿੱਚ ਭਾਰਤ ਦੇ ਉੱਚੇ ਰੱਖਿਆ ਤੇ ਰਣਨੀਤਕ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਸਮਝੌਤੇ 'ਤੇ ਦਸਤਖਤ ਕੀਤੇ ਗਏ। ਇਹ ਮੰਤਰੀ ਮੰਡਲ ਦੀ ਸਹਿਮਤੀ ਤੋਂ ਬਾਅਦ ਆਇਆ ਹੈ, ਜੋ ਕਿ ਦੋਵਾਂ ਦੇਸ਼ਾਂ ਦੇ



ਵਿਚਕਾਰ ਵਧਦੇ ਫੌਜੀ ਸਬੰਧਾਂ ਨੂੰ ਪ੍ਰਗਟ ਕਰਦਾ ਹੈ। ਇਹ ਸਮਝੌਤਾ, ਭਾਰਤ ਦੇ ਰੱਖਿਆ ਖੇਤਰ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ, ਦੋਵੇਂ ਮੁਲਕਾਂ ਵਿਚਕਾਰ ਸਾਮਰਾਜਿਕ ਸਬੰਧਾਂ ਵਿੱਚ ਵੀ ਗਹਿਰਾਈ ਲਿਆਵੇਗਾ।

ਇਸ ਸਮਝੌਤੇ ਦੀ ਖਾਸ ਗੱਲ ਇਹ ਹੈ ਕਿ ਇਸਨੂੰ ਅਮਰੀਕਾ ਵਿੱਚ ਰਾਸ਼ਟਰਪਤੀ ਚੋਣਾਂ ਤੋਂ ਥੋੜ੍ਹੇ ਸਮੇਂ ਪਹਿਲਾਂ ਆਖਰੀ ਰੂਪ ਦਿੱਤਾ ਗਿਆ ਹੈ। ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਦੇ ਦੌਰਾਨ, ਦੋਵਾਂ ਮੁਲਕਾਂ ਦੇ ਰੱਖਿਆ ਸਬੰਧਾਂ ਵਿੱਚ ਵਾਧਾ ਹੋਇਆ ਹੈ। ਇਹ ਸਮਝੌਤਾ ਭਵਿੱਖ ਵਿੱਚ ਭਾਰਤ ਅਤੇ ਅਮਰੀਕਾ ਦੇ ਰੱਖਿਆ ਸਹਿਯੋਗ ਲਈ ਬਹੁਤ ਸਾਰੇ ਨਵੇਂ ਰਸਤੇ ਖੋਲ੍ਹ ਸਕਦਾ ਹੈ। ਭਾਰਤ ਵੱਲੋਂ ਪ੍ਰੀਡੇਟਰ ਡਰੋਨ ਦੀ ਖਰੀਦ ਇਸ ਲਈ ਵੀ ਮਹੱਤਵਪੂਰਨ ਮੰਨੀ ਜਾ ਰਹੀ ਹੈ ਕਿਉਂਕਿ ਇਹ ਸਾਮਰਾਜਿਕ ਤਾਕਤ ਵਜੋਂ ਉਸਦੀ ਪੋਜ਼ੀਸ਼ਨ ਨੂੰ ਵਧਾਏਗਾ। ਚੀਨ ਅਤੇ ਪਾਕਿਸਤਾਨ ਦੇ ਸਾਥੀ ਸਥਿਤੀ ਵਿੱਚ, ਇਹ ਡਰੋਨ ਖਾਸ ਤੌਰ ਤੇ ਭਾਰਤੀ ਸੈਨਾ ਨੂੰ ਚੁਸਤ, ਤੇਜ਼ ਅਤੇ ਸਮਰੱਥ ਬਣਾਉਣ ਵਿੱਚ ਮਦਦ ਕਰਨਗੇ। ਇਹ ਡਰੋਨ ਖੇਤਰੀ ਸੁਰੱਖਿਆ ਅਤੇ ਸਥਿਤੀ ਉੱਤੇ ਨਿਗਰਾਨੀ ਰੱਖਣ ਦੇ ਨਾਲ, ਜੰਗੀ ਸਥਿਤੀਆਂ ਵਿੱਚ ਵੀ ਅਹਿਮ ਰੋਲ ਅਦਾ ਕਰਨਗੇ।

ਇਸ ਸਮਝੌਤੇ ਦੀ ਪ੍ਰਕਿਰਿਆ ਕਈ ਮਹੀਨਿਆਂ ਤੱਕ ਚੱਲੀ, ਜਿਸ ਦੌਰਾਨ ਦੋਵਾਂ ਦੇਸ਼ਾਂ ਨੇ ਤਕਨੀਕੀ, ਰਣਨੀਤਕ ਅਤੇ ਆਰਥਿਕ ਪੱਖਾਂ 'ਤੇ ਵਿਚਾਰ ਕੀਤਾ। ਭਾਰਤ ਦੀ ਜਨਰਲ ਡ੍ਰੋਨ ਪ੍ਰੋਗਰਾਮ ਵਿੱਚ ਦਿਲਚਸਪੀ ਵਧਦੀ ਜਾ ਰਹੀ ਹੈ, ਜੋ ਕਿ ਇਸਨੂੰ ਸਮਰੱਥ ਅਤੇ ਆਧੁਨਿਕ ਰੱਖਿਆ ਤਾਕਤ ਬਣਾਉਣ ਵੱਲ ਇੱਕ ਵੱਡਾ ਕਦਮ ਹੈ। ਅਮਰੀਕਾ ਲਈ, ਇਹ ਸਮਝੌਤਾ ਨਿਰਧਾਰਤ ਰੱਖਿਆ ਸਾਮਾਨ ਦੀ ਬੇਹਤਰ ਪਹੁੰਚ ਅਤੇ ਵਪਾਰਕ ਸੰਭਾਵਨਾਵਾਂ ਨੂੰ ਅੱਗੇ ਵਧਾਉਣ ਵਾਲਾ ਹੈ। ਇਸ ਨਾਲ ਦੋਨੋਂ ਦੇਸ਼ਾਂ ਵਿਚਾਲੇ ਸਿਧੇ ਰੱਖਿਆ ਖਰੀਦ ਸਬੰਧਾਂ ਵਿੱਚ ਗਹਿਰਾਈ ਆਵੇਗੀ, ਅਤੇ ਭਵਿੱਖ ਵਿੱਚ ਹੋਰ ਤਕਨੀਕੀ ਅਤੇ ਜੰਗੀ ਸਾਜੋ-ਸਮਾਨ ਦੇ ਮਾਮਲਿਆਂ ਵਿੱਚ ਵੀ ਸਹਿਯੋਗ ਦੇ ਰਸਤੇ ਖੁੱਲ੍ਹਣਗੇ।

ਇਸ ਪ੍ਰਗਟਾਏ ਸਮਝੌਤੇ ਨਾਲ, ਭਾਰਤ ਦੀ ਰੱਖਿਆ ਨੀਤੀ ਅਤੇ ਚੀਨ ਨਾਲ ਵਧਦੇ ਵਿਵਾਦਾਂ ਦੇ ਸੰਦਰਭ ਵਿੱਚ ਇਸਨੂੰ ਇੱਕ ਮਹੱਤਵਪੂਰਨ ਵਿਕਾਸ ਵਜੋਂ ਦੇਖਿਆ ਜਾ ਰਿਹਾ ਹੈ। This report was written by Ekjot Singh as part of the Local Journalism Initiative.

# ਵਰਕਿੰਗ ਹੋਲੀਡੇਅ ਲਈ ਦੋ ਹਫ਼ਤਿਆਂ ਵਿੱਚ ਹੀ 40,000 ਤੋਂ ਵੱਧ ਭਾਰਤੀਆਂ ਨੇ ਅਰਜ਼ੀਆਂ ਕੀਤੀਆਂ ਦਾਖ਼ਲ

ਸਿਡਨੀ : ਆਸਟ੍ਰੇਲੀਆ ਵੱਲੋਂ ਭਾਰਤੀਆਂ ਲਈ ਸ਼ੁਰੂ ਕੀਤੇ ਵਰਕਿੰਗ ਹੋਲੀਡੇਅ ਮੇਕਰ ਵੀਜ਼ਾ ਪ੍ਰੋਗਰਾਮ ਨੂੰ ਭਾਰਤੀਆਂ ਵੱਲੋਂ ਬਹੁਤ ਚੰਗਾ ਪ੍ਰਤਿਕ੍ਰਿਆ ਮਿਲੀ ਹੈ। ਇਸ ਪ੍ਰੋਗਰਾਮ ਤਹਿਤ ਜਾਰੀ ਕੀਤੇ ਗਏ 1000 ਸਪੌਟਜ਼ ਲਈ, ਸਿਰਫ ਦੋ ਹਫ਼ਤਿਆਂ ਵਿੱਚ ਹੀ 40,000 ਤੋਂ ਵੱਧ ਭਾਰਤੀਆਂ ਨੇ ਅਰਜ਼ੀਆਂ ਦਾਖਲ ਕੀਤੀਆਂ ਹਨ। ਆਸਟ੍ਰੇਲੀਆ ਦੇ ਪਰਵਾਸ ਬਾਰੇ ਰਾਜ ਮੰਤਰੀ ਮੈਟ ਥਿਸਲਵੇਟ ਨੇ ਇਹ ਜਾਣਕਾਰੀ ਦਿੱਤੀ ਹੈ।

ਇਹ ਵੀਜ਼ਾ 18 ਤੋਂ 30 ਸਾਲ ਉਮਰ ਦੇ ਭਾਰਤੀਆਂ ਲਈ ਹੈ, ਜਿਸ ਵਿੱਚ ਉਨ੍ਹਾਂ ਨੂੰ ਆਸਟ੍ਰੇਲੀਆ ਵਿੱਚ ਇਕ ਸਾਲ ਲਈ ਰਹਿਣ ਦੇ ਨਾਲ-ਨਾਲ ਪੜ੍ਹਨ ਅਤੇ ਆਪਣੀ ਮਰਜ਼ੀ ਦਾ ਕੰਮ ਕਰਨ ਦੀ ਆਜ਼ਾਦੀ ਹੋਵੇਗੀ। ਇਹ ਨਵਾਂ ਵੀਜ਼ਾ ਪ੍ਰੋਗਰਾਮ ਭਾਰਤ ਅਤੇ ਆਸਟ੍ਰੇਲੀਆ ਦੇ ਵਿਚਕਾਰ ਵਧਦੇ ਸਬੰਧਾਂ ਨੂੰ ਮਜ਼ਬੂਤ




ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਵਜੋਂ ਦੇਖਿਆ ਜਾ ਰਿਹਾ ਹੈ।

ਮੈਟ ਥਿਸਲਵੇਟ ਨੇ ਦੱਸਿਆ ਕਿ ਵੀਜ਼ਾ ਬੈਲੇਟ ਸਿਸਟਮ 1 ਅਕਤੂਬਰ ਨੂੰ ਖੁੱਲ੍ਹਿਆ ਹੈ ਅਤੇ ਇਹ ਮਹੀਨੇ ਦੇ ਅਖੀਰ ਤੱਕ ਬੰਦ ਹੋ ਜਾਵੇਗਾ। ਇਸ ਪ੍ਰੋਗਰਾਮ ਤਹਿਤ ਸਫਲ ਉਮੀਦਵਾਰਾਂ ਦੀ ਚੋਣ ਰੈਂਡਮ ਬੈਲੇਟ ਪ੍ਰਕਿਰਿਆ ਰਾਹੀਂ ਕੀਤੀ ਜਾਵੇਗੀ। ਚੁਣੇ ਗਏ ਵਿਦਿਆਰਥੀ ਅਤੇ ਯੁਵਾ ਅਗਲੇ ਸਾਲ ਤੋਂ ਆਸਟ੍ਰੇਲੀਆ ਵਿੱਚ ਰਹਿ ਸਕਣਗੇ।

ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਦੀ ਸ਼ੁਰੂਆਤ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਅਤੇ ਯੁਵਾਵਾਂ ਨੂੰ ਨਵੇਂ ਮੌਕੇ ਮੁਹੱਈਆ ਕਰਨ ਲਈ ਕੀਤੀ ਗਈ ਹੈ।


ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ

ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫ਼ੂਨ ਕਰੋ:
ਦਲਜੀਤ ਸਿੰਘ ਰਾਏ
604-807-1012


ਦਲਜੀਤ ਸਿੰਘ ਰਾਏ

ਲੇਡੀਜ਼ ਸੰਗੀਤ, ਜਾਗੋ, ਮਾਈਆਂ,
ਵਿਆਹ, ਜਨਮਦਿਨ ਜਾਂ ਹੋਰ
ਕਿਸੇ ਵੀ ਖੁਸ਼ੀ ਮੌਕੇ 'ਤੇ
ਪਰਿਵਾਰਕ ਸੱਭਿਆਚਾਰਕ
ਪ੍ਰੋਗਰਾਮਾਂ ਲਈ ਸੰਪਰਕ ਕਰੋ
ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861



Keep Smiling Denture Clinic
Complete Denture | Implant Denture | Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।



ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
SEMCD CERTIFIED CLINICIAN
Book Your Appointment
778-600-0811 | 778-600-0810
13117-67A Ave, Surrey, BC | 2644 Cyril St Abbotsford BC

“ਯੂ.ਐਨ.ਓ ਨੇ ਜੂਨ 2024 ਵਿਚ ਵੀ ਮਤਾ ਪਾਸ ਕੀਤਾ ਹੈ ਕਿ ਫਲਸਤੀਨ ਪ੍ਰਭੂਸੱਤਾ ਸੰਪੰਨ ਦੇਸ਼ ਹੈ। 193 ਵਿਚੋਂ 146 ਮੈਂਬਰਾਂ ਇਸ ਦੇ ਹੱਕ ਵਿਚ ਵੋਟ ਪਾਈ। ਤਾਜ਼ੇ 17 ਸਤੰਬਰ ਨੂੰ ਪਾਸ ਕੀਤੇ ਮਤੇ ਵਿਚ ਵੀ ਇਕ ਸਾਲ ਦੇ ਅੰਦਰ ਫਲਸਤੀਨ ਦਾ ਕਬਜਾ ਛੱਡਣ ਦਾ ਇਸਰਾਈਲ ਨੂੰ ਨਿਰਦੇਸ਼ ਦਿੱਤਾ ਹੈ, ਜਿਸਨੂੰ ਮੰਨਣ ਤੋਂ ਉਸਨੇ ਇਨਕਾਰ ਕਰ ਦਿੱਤਾ ਹੈ। ਕਿਸੇ ਵੇਲੇ ‘ਅਰਬ ਲੀਗ’ ਅਤੇ ‘ਗੁੱਟ ਨਿਰਲੇਪ’ ਮੁਲਕਾਂ ਦੇ ਸੰਗਠਨ ਸਨ, ਜੋ ਅਮਰੀਕੀ ਅਤੇ ‘ਨਾਟੋ’ ਫੌਜੀ ਧੌਂਸ ਦੇ ਚਲਦਿਆਂ ਮਰ ਮੁੱਕ ਗਏ। ਸੋਵੀਅਤ ਯੂਨੀਅਨ ਦੇ ਪਤਨ ਮਗਰੋਂ ਅਮਰੀਕਾ ਨੇ ਸਗੋਂ ‘ਨਾਟੋ’ ਦਾ ਹੋਰ ਬੇਲੋੜਾ ਵਿਸਥਾਰ ਕਰਦਿਆਂ ਆਪਣੇ ਨਾਲ ਅਸਹਿਮਤ ਦੇਸ਼ਾਂ ਨੂੰ ਫੌਰੀ ਮਸਲਨ ਦੀ ਨੀਤੀ ਫੜੀ। ਝੂਠੇ ਖੋਖਲੇ ਬਹਾਨੇ ਬਣਾ ਕੇ ਇਰਾਕ ਅਤੇ ਲਿਬੀਆ ਮਸਲ ਸੁੱਟੇ।”

# ਇਜ਼ਰਾਈਲ-ਇਰਾਨ ਜੰਗ

## ਕੁਝ ਗੁੱਝੇ ਤੱਥ



**ਲੇਖਕ : ਡਾ. ਸੁਰਿੰਦਰ ਮੰਡ**
**ਸੰਪਰਕ :** 94143 24543

ਇਜ਼ਰਾਈਲ ਅਤੇ ਇਰਾਨ ਦਾ ਯੁੱਧ ਛਿੜ ਪਿਆ ਹੈ। ਇਸਰਾਈਲ ਯਹੂਦੀ ਪ੍ਰਭੁਤਾ ਅਤੇ ਪਾਸਾਰ ਨੂੰ ਸਮਰਪਿਤ ਦੇਸ਼ ਹੈ, ਅਤੇ ਇਰਾਨ 1979 ਤੋਂ ਬਾਅਦ ਇਸਲਾਮਿਕ ਸੋਚ ਨੂੰ। ਯਹੂਦੀ ਸਮੁਦਾਇ ਕੁੱਲ ਦੁਨੀਆਂ ਵਿਚ ਪੜ੍ਹੇ ਲਿਖੇ ਖੁਸ਼ਹਾਲ ਵਪਾਰੀ, ਪਰ ਹਰ ਮੁਲਕ ਵਿਚ ਘੱਟ ਗਿਣਤੀ ਲੋਕ ਸਨ। ਆਪਣੀ ਨਸਲੀ ਸ਼ੁੱਧਤਾ ਤੋਂ ਸੁਚੇਤ। ਯੂਰਪ ਵਿਚ ਯਹੂਦੀਆਂ ਨੂੰ ਧਾਰਮਕ ਨਸਲੀ ਵਖਰੇਵੇਂ ਅਤੇ ਆਰਥਕ ਸ਼ਰੀਕੇਬਾਜੀ ਦੇ ਚਲਦਿਆਂ ਖਤਰੇ ਵਜੋਂ ਵੇਖਦਿਆਂ ਨਿਸ਼ਾਨਾ ਬਣਾਇਆ ਜਾਂਦਾ ਰਿਹਾ। ਇਸਦੀ ਸਿਖਰ ਸੀ ਦੂਜੀ ਸੰਸਾਰ ਜੰਗ ਸਮੇਂ 1945 ਤਕ ਜਰਮਨ ਵਿਚ ਹਿਟਲਰ ਦੁਆਰਾ ਲੱਖਾਂ ਯਹੂਦੀਆਂ ਦਾ ਸਿੱਧਾ ਕਤਲੇਆਮ। ਯੂਰਪ ਅਤੇ ਹਿਟਲਰ ਈਸਾਈ ਸੀ। ਜ਼ਾਹਿਰ ਹੈ ਕਿ ਇਸ ਉਪਰੰਤ ਕਦੀ ਨਾ ਮੁੱਕਣ ਵਾਲਾ ਯਹੂਦੀ-ਈਸਾਈ ਕਲੇਸ਼ਖਾਨਾ ਸ਼ੁਰੂ ਹੋ ਜਾਂਦਾ। ਪਰ ਅਮਰੀਕਾ ਇੰਗਲੈਂਡ ਯੂਰਪੀ ਚਾਲਾਕ ਨਿਕਲੇ।

ਫਲਸਤੀਨ ਸਮੁੰਦਰ ਕੰਢੇ ਸਦੀਆਂ ਤੋਂ ਸੁੱਖੀਂ ਸਾਂਦੀ ਵੱਸ ਰਿਹਾ ਪ੍ਰਾਚੀਨ ਸਭਿਅਤਾ ਵਾਲਾ ਮੁਲਕ ਸੀ। ਜਿਸ ਉੱਤੇ 1948 ਵਿਚ ਬਸਤੀ ਵਜੋਂ ਇੰਗਲੈਂਡ ਦਾ ਕਬਜਾ ਸੀ। ਜਿੱਥੇ ਯੋਰੋਸ਼ਲਮ ਹੈ। ਜਿਸਨੂੰ ਈਸਾਈ ਯਹੂਦੀ ਅਤੇ ਮੁਸਲਿਮ ਤਿੰਨਾਂ ਹੀ ਧਾਰਮਕ ਭਾਈਚਾਰਿਆਂ ਦਾ ਪਵਿੱਤਰ ਥਾਂ ਹੋਣ ਦਾ ਮਾਣ ਹਾਸਿਲ ਹੈ। ਮਿਸਰ ਫਲਸਤੀਨ ਇਰਾਕ ਸਊਦੀ ਅਰਬ ਇਰਾਨ ਤੁਰਕੀ ਅਫਗਾਨਿਸਤਾਨ ਭਾਰਤ-ਪਾਕਿਸਤਾਨ-ਬੰਗਲਾ ਦੇਸ਼ ਚੀਨ, ਇਹ ਸਾਰੀ ਪੱਟੀ ਹੀ ਪ੍ਰਾਚੀਨ ਇਨਸਾਨੀ ਵਿਰਾਸਤ ਅਤੇ ਗਿਆਨ ਦਾ ਕੇਂਦਰ ਰਹੀ ਹੈ। ਧਰਤੀ ਹੇਠਲੇ ਲੱਭੇ ਤੇਲ ਭੰਡਾਰਾਂ ਇਸਨੂੰ ਹੋਰ ਲੁਭਾਉਣਾ ਬਣਾ ਦਿੱਤਾ। ਭਾਰਤ ਚੀਨ ਨੂੰ ਛੱਡ ਕੇ ਇਹ ਸਾਰਾ ਖਿੱਤਾ ਮੁਸਲਿਮ ਬਹੁਲ ਹੈ।

ਸੋ ਅਮਰੀਕਾ ਇੰਗਲੈਂਡ ਨੇ ਯੂ.ਐਨ ਰਾਹੀਂ ਪੂਰਾ ਜੁਗਾੜ ਕਰਕੇ ਮੁਸਲਿਮ ਬਹੁਲ ਫਲਸਤੀਨ ਨੂੰ ਤਕਰੀਬਨ ਅੱਧਾ ਅੱਧਾ ਵੰਡ ਕੇ 1948 ਵਿਚ ਯਹੂਦੀ ਮੁਲਕ ਇਸਰਾਈਲ ਬਣਾ ਦਿੱਤਾ। ਉਸਦੇ ਸਰਪ੍ਰਸਤ ਬਣ ਗਏ। ਹੌਲੀ ਹੌਲੀ ਬਹਾਨੇ ਬਣਾ ਬਣਾ ਕੇ ਫਲਸਤੀਨੀਆਂ ਨੂੰ ਇਕ ਤਰਾਂ ਗੁਲਾਮ ਬਣਾ ਕੇ ਸਾਰੇ ਦੇਸ਼ ਉੱਤੇ ਕਬਜਾ ਕਰ ਲਿਆ, ਉਜਾੜਾ ਕੀਤਾ,ਜ਼ੁਲਮ ਕੀਤੇ, ਜੇਲ੍ਹੀਂ ਡੱਕਿਆ। ਅੱਜ ਫਲਸਤੀਨ ਨਾਮ ਦਾ ਕੋਈ ਅਜ਼ਾਦ ਦੇਸ਼ ਨਹੀਂ ਹੈ। 2012 ਤੋਂ ਫਲਸਤੀਨ ਦੀ ਯੂ.ਐਨ.ਓ ਵਿਚ ਕੋਈ ਪ੍ਰਤੀਨਿਧਤਾ ਨਹੀਂ। ਉੱਜੜੇ ਲੱਖਾਂ ਫਲਸਤੀਨੀ ਦੂਜੇ ਮੁਲਕਾਂ ਵਿਚ ਸ਼ਰਨਾਰਥੀ ਹਨ। ਮਗਰੋਂ ਯੂ.ਐਨ.ਓ ਨੇ ਸੈਂਕੜੇ ਮਤੇ ਫਲਸਤੀਨ ਦੇ ਹੱਕ ਵਿਚ ਪਾਸ ਕੀਤੇ, ਜੋ ਅਮਰੀਕਾ ਨੇ ਵੀਟੋ ਕੀਤੇ ਅਤੇ ਇਸਰਾਈਲ ਨੇ ਨਹੀਂ ਮੰਨੇ। ਇਹ ਹਾਲਾਤ ਸਾਰੀ ਪੁਆੜੇ ਦੀ ਜੜ੍ਹ ਹਨ। ਅੱਜ ਦੀ ਮੋਦੀ ਸਰਕਾਰ ਦੀ ਇਸਰਾਈਲ ਨਾਲ ਬੇਲਪੁਣੇ ਵਾਲੀ ਨੀਤੀ ਨੂੰ ਛੱਡ ਕੇ, ਭਾਰਤ ਹਮੇਸ਼ਾਂ ਫਲਸਤੀਨ ਦੇ ਹੱਕ ਵਿਚ ਸਪੱਸ਼ਟ ਖਲੋਤਾ ਹੈ। ਸੋ ਇੰਜ ਫਲਸਤੀਨ ਦਾ ਇਸਰਾਈਲ ਨਾਲ ਲੜਾਈ ਝਗੜਾ ਪਿਛਲੇ ਸਾਲ ਹਮਾਸ ਦੇ ਹਮਲੇ ਤੋਂ ਸ਼ੁਰੂ ਨਹੀਂ ਹੋਇਆ, ਜਿਵੇਂ ਕਿ ਸਾਡਾ ਸ਼ਰਾਰਤੀ ਖਬਰ ਚੈਨਲ ਮੀਡੀਆ ਪ੍ਰਚਾਰਨ ਤੇ ਤੁਲਿਆ।

ਯੂ.ਐਨ.ਓ ਨੇ ਜੂਨ 2024 ਵਿਚ ਵੀ ਮਤਾ ਪਾਸ ਕੀਤਾ ਹੈ ਕਿ ਫਲਸਤੀਨ ਪ੍ਰਭੂਸੱਤਾ ਸੰਪੰਨ ਦੇਸ਼ ਹੈ। 193 ਵਿਚੋਂ 146 ਮੈਂਬਰਾਂ ਇਸ ਦੇ ਹੱਕ ਵਿਚ ਵੋਟ ਪਾਈ। ਤਾਜ਼ੇ 17 ਸਤੰਬਰ ਨੂੰ ਪਾਸ ਕੀਤੇ ਮਤੇ ਵਿਚ ਵੀ ਇਕ ਸਾਲ ਦੇ ਅੰਦਰ ਫਲਸਤੀਨ ਦਾ ਕਬਜਾ ਛੱਡਣ ਦਾ ਇਸਰਾਈਲ ਨੂੰ ਨਿਰਦੇਸ਼ ਦਿੱਤਾ ਹੈ, ਜਿਸਨੂੰ ਮੰਨਣ ਤੋਂ ਉਸਨੇ ਇਨਕਾਰ ਕਰ ਦਿੱਤਾ ਹੈ।

ਕਿਸੇ ਵੇਲੇ ‘ਅਰਬ ਲੀਗ’ ਅਤੇ ‘ਗੁੱਟ ਨਿਰਲੇਪ’ ਮੁਲਕਾਂ ਦੇ ਸੰਗਠਨ ਸਨ, ਜੋ ਅਮਰੀਕੀ ਅਤੇ ‘ਨਾਟੋ’ ਫੌਜੀ ਧੌਂਸ ਦੇ ਚਲਦਿਆਂ ਮਰ ਮੁੱਕ ਗਏ। ਸੋਵੀਅਤ ਯੂਨੀਅਨ ਦੇ ਪਤਨ ਮਗਰੋਂ ਅਮਰੀਕਾ ਨੇ ਸਗੋਂ ‘ਨਾਟੋ’ ਦਾ ਹੋਰ ਬੇਲੋੜਾ ਵਿਸਥਾਰ ਕਰਦਿਆਂ ਆਪਣੇ ਨਾਲ ਅਸਹਿਮਤ ਦੇਸ਼ਾਂ ਨੂੰ ਫੌਰੀ ਮਸਲਨ ਦੀ ਨੀਤੀ ਫੜੀ। ਝੂਠੇ ਖੋਖਲੇ ਬਹਾਨੇ ਬਣਾ ਕੇ ਇਰਾਕ ਅਤੇ ਲਿਬੀਆ ਮਸਲ ਸੁੱਟੇ। ਇਰਾਕੀ ਰਾਸ਼ਟਰਪਤੀ ਸੱਦਾਮ ਹੁਸੈਨ ਅਰਬ ਏਕਤਾ ਦਾ ਨਾਹਰਾ ਦਿੰਦਾ ਸੀ। ਪਹਿਲਾਂ ਕਿਹਾ ਕਿ ਇਰਾਕ ਕੋਲ ਰਸਾਇਣਕ ਹਥਿਆਰਾਂ ਦੇ ਭੰਡਾਰ ਹਨ,ਉਸਦੇ ਘਰ ਦੀ ਵੀ ਤਲਾਸ਼ੀ ਲਈ। ਕੁਛ ਨਾ ਮਿਲਿਆ। ਫਿਰ ਨਾਦਰਸ਼ਾਹੀ ਫੁਰਮਾਨ ਦਿੱਤਾ ਕਿ ਤਿੰਨ ਦਿਨਾ ਚ ਗੱਦੀ ਛੱਡੇ ,ਤੇ ਫਿਰ ਹਮਲਾ ਕਰ ਦਿੱਤਾ। ਸੱਦਾਮ ਹੁਸੈਨ ਫਾਹੇ ਟੰਗਤਾ। ਅੱਜ ਤਕ ਪੰਜ ਲੱਖ ਇਰਾਕੀ ਮਾਰੇ ਗਏ, ਦੇਸ਼ ਖਿੱਲਰ ਗਿਆ ਤੇ ਹੁਣ ਇਰਾਕ ਵਿਚ ਪੱਕਾ ਅਮਰੀਕੀ ਫੌਜੀ ਅੱਡਾ ਵੀ ਹੈ। ਲਿਬੀਆ ਦਾ ਰਾਸ਼ਟਰਪਤੀ ਕਰਨਲ ਗੱਦਾਫੀ ‘ਗਰੀਨ ਬੁੱਕ’ ਲਿਖ ਕੇ ਪੱਛਮੀ ਤਰਜ਼ ਦੇ ਵਿਕਾਸ ਮਾਡਲ ਦੀ ਬਜਾਏ ਸਥਾਨਕ ਹਿੱਤਾਂ ਅਨੁਕੂਲ ਵਿਕਾਸ ਮਾਡਲ ਨੂੰ ਪਰਚਾਰਦਾ ਸੀ। 1992 ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਲਿਬੀਆ ਸਰਕਾਰ ਵੱਲੋਂ ਸਪਾਂਸਰਡ ਇਕ ਸੈਮੀਨਾਰ ਵਿਚ, ਮੇਰੇ ਵਿਸ਼ਵ ਮੁੱਦਿਆਂ ਉੱਤੇ ਅਖਬਾਰਾਂ ਵਿਚ ਲੇਖ ਛਪਦੇ ਹੋਣ ਕਰਕੇ, ਮੈਨੂੰ ਵੀ ਬੋਲਣ ਲਈ ਬੁਲਾਇਆ ਗਿਆ ਸੀ। ਅਮਰੀਕੀਆਂ ਆਖਿਆ ਕਿ ਲਿਬੀਆ ਵਿਚ ਤਾਨਾਸ਼ਾਹੀ ਹੈ, ਗੱਦਾਫੀ ਨੂੰ ਬਹਾਨੇ ਬਣਾ ਕੇ ਮਾਰ ਮੁਕਾਇਆ। ਫਿਰ ਖਾਨਾਜੰਗੀ ਤੇ ਅੱਜ ਲਿਬੀਅਨ ਸ਼ਰਨਾਰਥੀ ਮੰਗਤੇ ਬਣੇ ਬੈਠੇ। ਇਸ ਤੋਂ ਬਾਅਦ ਫਿਰ ਤਾਨਾਸ਼ਾਹੀ ਵਾਲਾ ਬਹਾਨਾ ਲਾ ਕੇ ਰੂਸ ਪੱਖੀ ਮੁਲਕ ਸੀਰੀਆ ਦੀ ਸਰਕਾਰ ਡੇਗਣ ਲਈ ਧਾਵਾ ਬੋਲਿਆ ਪਰ ਵਿਚ ਰੂਸ ਆ ਖਲੋਤਾ। ਇੰਜ ਉੱਤਰੀ ਕੋਰੀਆ, ਇਰਾਨ ਅਤੇ ਕਿਊਬਾ ਬਚ ਨਿਕਲੇ, ਭਾਵੇਂ ਕਿ ਸਖਤ ਆਰਥਕ ਪਾਬੰਦੀਆਂ ਦੀ ਮਾਰ ਹੇਠ ਹਨ।

1979 ਤਕ ਇਰਾਨ ਦਾ ਸ਼ਾਸਕ ਮੁਹੰਮਦ ਰਜ਼ਾ ਪਹਿਲਵੀ ਅਮਰੀਕਾ ਇਸਰਾਈਲ ਪੱਖੀ ਸੀ। ਜਿਸ ਨੂੰ ਆਇਤੁਲਾ ਖੁਮੈਨੀ ਦੀ ਅਗਵਾਈ ਵਿਚ ਗੱਦੀ ਤੋਂ ਲਾਹ ਕੇ ਇਸਲਾਮਿਕ ਸਰਕਾਰ ਬਣੀ। ਇਰਾਨ ਉੱਤੇ ਸਖਤ ਅਮਰੀਕੀ ਪਾਬੰਦੀਆਂ ਲੱਗੀਆਂ। ਇਰਾਨ ਨੇ ਫਲਸਤੀਨ ਦੀ ਥਾਂ ਵਸਾਏ ਯਹੂਦੀ ਮੁਲਕ ਇਸਰਾਈਲ ਦੀ ਹੋਂਦ ਨੂੰ ਅਸਵੀਕਾਰ ਕੀਤਾ। ਤੇ ਇੰਜ ਵਧਦਾ ਵਧਦਾ ਕਲੇਸ਼ ਅੱਜ ਦੀ ਜੰਗ ਤਕ ਪੁੱਜਾ। ਅੱਜ ਇਸਰਾਈਲ ਅਮਰੀਕਾ ਦਾ ਲੈਫਟੀਨੈਂਟ ਅਤੇ ਪੱਕੀ ਠਾਹਰ ਹੈ, ਲਾਕੜੀ ਹੈ। ਕਈ ਵਾਰ ਅਮਰੀਕਾ ਨਾਲ ਰਲ ਕੇ ਇਰਾਕ ਇਰਾਨ ਦੇ ਪ੍ਰਮਾਣੂ ਕੇਂਦਰਾਂ ਉੱਤੇ ਸਿੱਧਾ ਹਮਲਾ ਕਰ ਚੁੱਕਾ।

ਫਲਸਤੀਨੀਆਂ ਨੂੰ ਉਹਨਾਂ ਦੀ ਬਣਦੀ ਅੱਧੀ ਭੂਮੀ ਦੇ ਕੇ ਪ੍ਰਭੂਸੱਤਾ ਸੰਪੰਨ ਮੁਲਕ ਵਜੋਂ ਮਾਣ ਮਾਨਤਾ ਦੇਣ ਤੋਂ ਬਿਨਾ ਮਸਲੇ ਦਾ ਕੋਈ ਵੀ ਹੋਰ ਫੌਜੀ ਹੱਲ ਹੰਢਣਸਾਰ ਨਹੀਂ ਲਗਦਾ। ਫਲਸਤੀਨ ਨੂੰ ਹੱਕ ਦਿਵਾਉਣ ਦੀ ਕੋਈ ਚਰਚਾ ਨੀ ਹੋ ਰਹੀ। ਮੁੱਦਾ ਸਾਈਡ ਕਰ ਦਿੱਤਾ ਗਿਆ ਹੈ। ਚਰਚਾ ਇਹ ਫੈਲਾ ਦਿੱਤੀ ਗਈ ਹੈ ਕਿ ਇਹ ਤਾਂ ਕੋਈ ਹਮਾਸ ਅਤੇ ਹਿਜ਼ਬੁਲਾ ਵਰਗੇ ਅੱਤਵਾਦੀ ਸੰਗਠਨਾ ਨੂੰ ਕਾਬੂ ਕਰਨ ਦਾ ਮੁੱਦਾ ਹੈ।

ਕੈਦੀਆਂ ਦੇ ਵਟਾਂਦਰੇ ਨਾਲ ਇਸਰਾਈਲੀ ਬੰਧਕ ਛੁਡਾਏ ਜਾ ਰਹੇ ਸਨ, ਬਾਕੀ ਵੀ ਛੁਡਾਏ ਜਾ ਸਕਦੇ ਸਨ, ਪਰ ਰੋਕ ਕੇ ਗੱਲ ਲੜਾਈ ਵਧਾਉਣ ਵਾਲੇ ਬੰਨੇ ਤੋਰ ਕੇ ਗਾਜ਼ਾ ਦਾ ਮੁਕੰਮਲ ਉਜਾੜਾ, ਇਰਾਨ ਦੇ ਪਰਮਾਣੂ ਫੌਜੀ ਅਤੇ ਤੇਲ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦਾ ਅਸਲ ਗੁੱਝਾ ਟੀਚਾ ਹਾਸਲ ਕਰਨ ਉੱਤੇ ਕੇਂਦਰਿਤ ਕੀਤੀ ਜਾ ਰਹੀ ਹੈ।

ਅਮਰੀਕਾ ਦੇ ਇਸ ਖਿੱਤੇ ਵਿਚ ਇਸਰਾਈਲ ਤੋਂ ਇਲਾਵਾ ਤੁਰਕੀ, ਇਰਾਕ, ਸੀਰੀਆ, ਬਹਿਰੀਨ, ਸਊਦੀ ਅਰਬ, ਕਤਰ,ਯੂ.ਏ.ਈ, ਓਮਾਨ, ਕੁਵੈਤ, ਸਾਈਪਰਸ ਵਿਚ ਪੱਕੇ ਫੌਜੀ ਅੱਡੇ ਹਨ, ਜਿੱਥੇ ਉਹਨਾਂ ਅਨੁਸਾਰ 40 ਹਜ਼ਾਰ ਫੌਜੀ ਤਾਇਨਾਤ ਹਨ, ਜੋ ਇਸ ਤੇਲ ਖਿੱਤੇ ਉੱਤੇ ਜ਼ੋਰਾਵਰੀ ਕਾਬੂ ਕਬਜੇ ਲਈ ਹਨ। ਸਾਡਾ ਮੀਡੀਆ ਚੇਤੇ ਰੱਖੇ ਕਿ ਬੰਗਲਾ ਦੇਸ਼ ਵਿਚ ਮੌਜੂਦਾ ਹਾਲਾਤ ਜੋ ਬਣੇ ਹਨ, ਜਿਵੇਂ ਉਥੇ ਹਿੰਦੂਆਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ, ਇਸ ਵਿਚ ਹੋਰ ਕਾਰਨਾਂ ਦੇ ਨਾਲ ਅਮਰੀਕਾ ਦਾ ਵੀ ਹੱਥ ਹੋਣ ਦੇ ਸਪੱਸ਼ਟ ਇਲਜ਼ਾਮ ਲੱਗੇ ਹਨ।

ਯੂਕਰੇਨ,ਫਲਸਤੀਨ,ਤਾਈਵਾਨ,ਉੱਤਰੀ ਕੋਰੀਆ ਆਦਿ ਸਭ ਵੱਡੇ ਕਲੇਸ਼ਖਾਨਿਆਂ ਵਿਚ ਹਰ ਥਾਂ ਇਕ ਪਾਸਿਉਂ ਅਮਰੀਕਾ ਮੋਹਰੀ ਹੈ। ਸਭ ਵਪਾਰਕ ਆਰਥਕ ਹਿੱਤਾਂ ਲਈ ਹੋ ਰਿਹਾ। ਇਹ ਆਮ ਅਮਰੀਕੀ ਲੋਕਾਂ ਦੇ ਹਿੱਤ ਵਿਚ ਵੀ ਨਹੀਂ। ਵੱਡੀ ਜੰਗ ਭੜਕੀ ਤਾਂ ਵਪਾਰੀਆਂ ਨੇ ਤਾਂ ਨਹੀਂ ਮਰਨਾ, ਨਾ ਕਦੀ ਪਹਿਲਾਂ ਮਰੇ। ਦੇਸ਼ ਭਗਤੀ ਦਾ ਡੌਰੂ ਖੜਕਾ ਕੇ ਰੋਟੀ ਖਾਤਰ ਭਰਤੀ ਹੋਏ ਮਾਵਾਂ ਦੇ ਫੌਜੀ ਪੁੱਤਾਂ ਦਾ ਖੂਨ ਵਹਾਉਣਗੇ ਪਾਣੀ ਵਾਂਗ। ਤੇ ਫਿਰ ਪਹਿਲਾਂ ਵਾਂਗ ਬੈਠ ਕੇ ਸਮਝੌਤਾ ਕਰ ਲੈਣਗੇ, ਜਿਵੇਂ ਹੁਣ ਦੂਜੀ ਸੰਸਾਰ ਜੰਗ ਦੇ ਘੁਲਾਟੀਏ ਅਮਰੀਕਾ ਜਪਾਨ ਜਰਮਨ ਇੰਗਲੈਂਡ ਫਰਾਂਸ ਇਟਲੀ ਜੱਫੀਆਂ ਪਾ ਰਹੇ ਨੇ। ਦੇਸ਼ ਭਗਤੀ ਖਾਤਰ ਮਰੇ ਫੌਜੀ ਦੱਸੋ ਕਿਹੜੇ ਖਾਤੇ ਗਏ ? ਇਹੀ ਹੁਣ ਹੋਣਾ। ਦੁਨੀਆਂ ਦੇ ਲੋਕਾਂ ਨੂੰ ਸਮਝਣਾ ਪਊ ਕਿ ਅਮਰੀਕਾ ਇੰਗਲੈਂਡ ਵਰਗੇ 32 ਦੇਸ਼ਾਂ ਨੇ ਰਲ ਕੇ ‘ਨਾਟੋ’ ਫੌਜੀ ਗਠਜੋੜ ਮਾੜੇ ਮੁਲਕਾਂ ਨੂੰ ਲੁੱਟਣ ਕੁੱਟਣ ਲਈ ਬਣਾਇਆ ਹੈ। ਜੋ ਵਿਕਾਸਸ਼ੀਲ ਦੇਸ਼ਾਂ ਲਈ ਵੱਡਾ ਖਤਰਾ ਹੈ। ਬੇਭਰੋਸਗੀ ਏਨੀ ਹੈ ਕਿ ਹਥਿਆਰਾਂ ਦੀ ਦੌੜ ਕਦੀ ਨਹੀਂ ਜੇ ਰੁਕਣੀ। ਇਹ ਗੱਲ ਬਾਕੀ ਮੁਲਕਾਂ ਨਹੀਂ ਮੰਨਣੀ ( ਭਾਰਤ ਨੇ ਵੀ ਨਹੀਂ ਸੀ ਮੰਨੀ) ਕਿ 8-10 ਮੁਲਕਾਂ ਕੋਲ ਪ੍ਰਮਾਣੂ ਹਥਿਆਰਾਂ ਦੀ ਕਨੂੰਨੀ ਧੌਂਸ ਹੋਵੇ ਅਤੇ ਬਾਕੀਆਂ ਨੂੰ ਵਰਜਿਆ ਜਾਵੇ ਕਿ ਇੰਜ ਕਰਨਾ ਗੈਰ ਕਨੂੰਨੀ ਹੈ। ਜੇ ਇਹ ਸੱਚ ਹੈ ਤਾਂ ਕਿਸੇ ਨਾ ਕਿਸੇ ਦਿਨ ਵੱਡੀ ਤਬਾਹੀ ਅਟੱਲ ਹੈ। ਅਮੀਰਾਂ ਲੁਕ ਜਾਣਾ ਕਿਉਂਕਿ ਜਿੱਥੇ ਮਰਜ਼ੀ ਲੁਕ ਸਕਦੇ, ਤੇ ਮਰਨਾ ਆਮ ਲੋਕਾਂ। ਇਸ ਲਈ ਆਮ ਲੋਕਾਂ ਨੂੰ ਇਸ ਧਰਤੀ/ਇਨਸਾਨੀਅਤ ਵਿਰੋਧੀ ਚਲਨ ਵਿਰੁੱਧ ਫੌਰੀ ਉੱਠ ਖਲੋਣਾ ਚਾਹੀਦਾ।

ਦੁਖੀ ਯਹੂਦੀਆਂ ਦਾ, ਮੁਸਲਿਮ ਖਿੱਤੇ ਵਿਚ ਜਬਰੀ ਕਬਜੇ ਵਾਲਾ ਘਰ (ਇਸਰਾਈਲ ਦੇਸ਼) ਬਣਵਾ ਕੇ ਸ਼ੈਤਾਨ ਸਾਮਰਾਜੀਆਂ ਨੇ ਆਪਣੇ ਗਲੋਂ ਬਲਾ ਲਾਹੁਣ ਲਈ ਮੁਸਲਮਾਨਾ ਯਹੂਦੀਆਂ ਦੋਹਾਂ ਨਾਲ ਜਾਣ ਬੁੱਝ ਕੇ ਧ੍ਰੋਹ ਕੀਤਾ ਹੈ। ਉਹਨਾਂ ਦੇ ਖਾਹਮਖਾਹ ਕੁੰਢ ਫਸਾ ਦਿੱਤੇ ਹਨ। ਖੁਸ਼ਹਾਲ ਯਹੂਦੀ ਇਥੇ ਹਮੇਸ਼ਾਂ ਤਨਾਓ ਬੇਯਕੀਨੀ ਦਾ ਸ਼ਿਕਾਰ ਰਹਿਣਗੇ। ਮਰਦੇ ਮਾਰਦੇ ਰਹਿਣਗੇ। ਧੱਕਾ ਸਦਾ ਨਹੀਂ ਚੱਲਦਾ ਹੁੰਦਾ। ਚੰਗੇ ਰਹਿਣਗੇ ਜੇ ਮੋੜਾ ਕੱਟਣ। ਫਲਸਤੀਨੀਆਂ ਨਾਲ ਸਨਮਾਨਜਨਕ ਸਮਝੌਤਾ ਕਰਨ ਦੀ ਖੁਦ ਪਹਿਲ ਕਰਨ। ਅਮੀਰ ਤਾਂ ਹਨ ਹੀ, ਸਿਆਣੇ ਬਣ ਕੇ ਅੱਗੇ ਲਈ ਆਪਣੇ ਬੱਚਿਆਂ ਦਾ ਹਿੱਤ ਸੋਚਣ। ਚੁੱਕਣ ਚੁਕਾਉਣ ਵਾਲਿਆਂ ਦਾ ਅਸਲੀ ਇਤਿਹਾਸਕ ਚਿਹਰਾ ਪਛਾਨਣ।

ਸ਼ਾਂਤੀ ਲਈ ਇਰਾਨ ਨੂੰ ਦਿੱਸਦਾ ਸੱਚ ਸਵੀਕਾਰਦਿਆਂ ਇਸਰਾਈਲ ਦੀ ਹੋਂਦ ਮੰਨਣੀ ਹੋਵੇਗੀ। ਅਤੇ ਇਸਰਾਈਲ ਨੂੰ ਹੰਕਾਰ ਛੱਡ ਕੇ ਦੂਰ ਦੀ ਸੋਚਦਿਆਂ ਫਲਸਤੀਨ ਨੂੰ ਪਿਆਰ ਨਾਲ ਅਜ਼ਾਦ ਦੇਸ਼ ਸਵੀਕਾਰਨਾ ਹੋਵੇਗਾ। ਬਾਕੀ ਸਭ ਰਸਤੇ ਤਬਾਹੀ ਵੱਲ ਨੂੰ ਜਾਂਦੇ ਹਨ। ਸਮਾਂ ਹੱਥੋਂ ਨਿਕਲਣ ਹੀ ਵਾਲਾ ਹੈ। ਵੇਖਦੇਂ ਲੀਡਰਾਂ ਦੀ ਅਕਲ !

# ਕੀ ਪੰਜਾਬ ਇੱਕ ਦਿਨ ਖ਼ਾਲੀ ਹੋ ਜਾਵੇਗਾ?



ਲਿਖਤ : ਹੀਰਾ ਸਿੰਘ ਤੂਤ

ਸਾਡੀ ਨੌਜਵਾਨ ਪੀੜ੍ਹੀ ਦਿਨੋਂ-ਦਿਨ ਵਿਦੇਸ਼ਾਂ ਵੱਲ ਪ੍ਰਵਾਸ ਕਰ ਰਹੀ ਹੈ। ਬਾਰਾਂ ਕਲਾਸਾਂ ਪਾਸ ਕਰਨ ਤੋਂ ਬਾਅਦ ਹਰ ਕੋਈ ਆਈਲੈਟਸ ਦੇ ਬੈਂਡ ਇਕੱਠੇ ਕਰਨ ਤੁਰ ਪਿਆ ਹੈ। ਜੇਕਰ ਕਿਸੇ ਨੂੰ ਪੁੱਛੀਏ ਕਿ ਇਹ ਵਹੀਰਾਂ ਕਿਉਂ ਘੱਤੀਆਂ ਜਾ ਰਹੀਆਂ ਹਨ ਤਾਂ ਹਰ ਕੋਈ ਆਖਦਾ ਹੈ, "ਇੱਥੇ ਵੀ ਕੋਈ ਸਿਸਟਮ ਹੈ!" ਜੇਕਰ ਇੱਥੇ ਕੋਈ ਸਿਸਟਮ ਨਹੀਂ ਹੈ ਤਾਂ ਇਹ ਸਿਸਟਮ ਠੀਕ ਕੌਣ ਕਰੇਗਾ? ਕੀ ਉਹ ਕਰਨਗੇ ਜੋ ਸਾਰੀ ਉਮਰ ਖ਼ੇਤਾਂ ਵਿੱਚ ਝੋਨਾ ਲਾ ਕੇ ਗੁਜ਼ਾਰਦੇ ਨੇ! ਜਾਂ ਉਹ ਕਰਨਗੇ ਜਿਨ੍ਹਾਂ ਦੀਆਂ ਪੀੜ੍ਹੀਆਂ ਨੇ ਕਿਸੇ ਜਿਮੀਦਾਰ ਦਾ ਸੀਰਪੁਣਾ ਕਰਦਿਆਂ ਆਪਣੀ ਸਾਰੀ ਜ਼ਿੰਦਗੀ ਵਿਹਾਅ ਦਿੱਤੀ ਹੈ। ਸਾਰਾ ਹੀ ਪੜ੍ਹਿਆ-ਲਿਖਿਆ ਜਾਂ ਸੱਭਿਅਕ ਤਬਕਾ ਵਿਦੇਸ਼ਾਂ ਵੱਲ ਪਰਵਾਸ ਕਰ ਰਿਹਾ ਹੈ। ਜੋ ਬਾਕੀ ਰਹਿ ਗਏ ਹਨ, ਕੀ ਉਹ ਸਿਸਟਮ ਦਾ ਸੁਧਾਰ ਕਰ ਸਕਣਗੇ?

ਪੰਜਾਬ ਦੇ ਬਹੁਤੇ ਕਾਲਜ ਸੱਖਣੇ ਹਨ, ਵਿਦਿਆਰਥੀਆਂ ਤੋਂ ਵੀ ਅਤੇ ਪ੍ਰੋਫੈਸਰਾਂ ਤੋਂ ਵੀ। ਲੰਮੇ ਸਮੇਂ ਤੋਂ ਕੋਈ ਭਰਤੀ ਨਹੀਂ ਹੋਈ ਹੈ। ਤੇ ਫਿਰ ਉੱਚ ਵਿੱਦਿਆ ਕੌਣ ਹਾਸਲ ਕਰੇਗਾ ਅਤੇ ਕੌਣ ਕਰਵਾਏਗਾ? ਮੈਨੂੰ ਇਸ ਤਰ੍ਹਾਂ ਜਾਪਦਾ ਹੈ ਕਿ ਇੱਕ ਨਾ ਇੱਕ ਦਿਨ ਕਾਲਜਾਂ-ਯੂਨੀਵਰਸਿਟੀਆਂ ਦਾ ਵੀ ਭੋਗ ਪੈ ਜਾਵੇਗਾ ਤੇ ਸ਼ਾਇਦ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਦੱਸੀਏ ਕਿ ਕੋਈ ਕਾਲਜ ਜਾਂ ਯੂਨੀਵਰਸਿਟੀ ਨਾਮ ਦੀ ਵੀ ਇੱਕ ਚੀਜ਼ ਹੁੰਦੀ ਸੀ।

## ਹੁਣ ਨਾ ਪਾਣੀ ਪਿਤਾ ਰਿਹਾ ਹੈ ਤੇ ਨਾ ਧਰਤੀ ਮਾਂ ਰਹੀ ਹੈ!

ਪੰਜਾਬ ਦਾ ਪਾਣੀ ਦਿਨੋਂ-ਦਿਨ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ। ਜੋ ਵਗਦੇ ਪਾਣੀ ਹਨ, ਉਨ੍ਹਾਂ ਵਿੱਚ ਵੀ ਜ਼ਹਿਰਾਂ ਘੋਲ ਦਿੱਤੀਆਂ ਗਈਆਂ ਹਨ। ਪੁਰਾਣੇ ਸਮੇਂ ਵਿੱਚ ਭੇਡਾਂ-ਬੱਕਰੀਆਂ ਚਾਰਦੇ ਆਜੜੀ, ਕੱਸੀਆਂ-ਖਾਲਾਂ ਤੋਂ ਪਾਣੀ ਭਰ ਕੇ ਚਾਹ ਬਣਾ ਕੇ ਪੀਂਦੇ ਸਨ, ਪਰ ਹੁਣ ਅਜਿਹਾ ਨਹੀਂ ਹੈ। ਹੁਣ ਉਹ ਵੀ ਚਾਹ ਬਣਾਉਣ ਵਾਸਤੇ ਪਾਣੀ, ਬੋਤਲ ਵਿੱਚ ਪਾ ਕੇ ਘਰਾਂ ਤੋਂ ਲੈ ਕੇ ਜਾਂਦੇ ਹਨ। ਮੈਨੂੰ ਇੱਕ ਗੱਲ ਸਮਝ ਨਹੀਂ ਆਉਂਦੀ ਕਿ ਸਾਡੇ ਬਹੁਤੇ ਕਿਸਾਨ ਬਹੁਤਾ ਝੋਨਾ ਬੀਜਣ ਮਗਰ ਹੀ ਕਿਉਂ ਪਏ ਹੋਏ ਹਨ? ਸਾਡੇ ਪੰਜਾਬ ਵਿੱਚ ਕਿੰਨੇ ਕੁ ਲੋਕ ਹਨ ਜੋ ਚੌਲ ਖਾਂਦੇ ਹਨ? ਇਸਦਾ ਬੁਰਾ ਸਿੱਟਾ ਤਾਂ ਇਹ ਹੈ ਕਿ ਪਾਣੀ ਡੂੰਘੇ ਹੋ ਰਹੇ ਹਨ। ਇਹ ਬਹੁਤ ਹੀ ਵੱਡਾ ਚਿੰਤਾ ਦਾ ਵਿਸ਼ਾ ਹੈ

ਸਾਨੂੰ ਚਾਹੀਦਾ ਹੈ ਕਿ ਅਸੀਂ ਫ਼ਸਲੀ-ਚੱਕਰ ਅਪਣਾਈਏ ਤਾਂ ਜੋ ਧਰਤੀ ਮਾਂ ਦੀ ਕੁੱਖ ਬਾਂਝ ਹੋਣ ਤੋਂ ਬਚ ਜਾਵੇ। ਅਸੀਂ ਜਿੰਨਾ ਜ਼ਹਿਰ ਪਾਣੀ ਵਿੱਚ ਘੋਲ ਦਿੱਤਾ ਹੈ, ਉਸ ਤੋਂ ਵੱਧ ਅਸੀਂ ਧਰਤੀ ਮਾਂ ਦੀ ਕੁੱਖ ਵਿੱਚ ਰਲਾ ਦਿੱਤਾ ਹੈ। ਹੁਣ ਬਹੁਤੀਆਂ ਫ਼ਸਲਾਂ ਅਤੇ ਫ਼ਲ ਵਿਦੇਸ਼ਾਂ ਨੇ ਵੀ ਖ਼ਰੀਦਣ ਤੋਂ ਇਨਕਾਰ ਕਰ ਦਿੱਤਾ ਹੈ। ਮੱਤ ਕੋਈ ਭਰਮ ਵਿੱਚ ਰਹੇ ਕਿ ਸਾਡਾ ਬੀਜਿਆ ਜ਼ਹਿਰ ਅਸੀਂ ਨਹੀਂ ਖਾ ਰਹੇ ਤੇ ਇਹ ਹੋਰਨਾਂ ਦੇ ਢਿੱਡ ਵਿੱਚ ਪੈ ਰਿਹਾ ਹੈ। ਅਸੀਂ ਆਪਣੇ ਪੇਟ ਦੀ ਧਰਤੀ ਅਤੇ ਬਾਹਰਲੀ ਧਰਤੀ ਵਿੱਚ ਖ਼ੁਦ ਹੀ ਜ਼ਹਿਰ ਬੀਜਦੇ ਜਾ ਰਹੇ ਹਾਂ ਜਿਸਦਾ ਨਤੀਜਾ ਕੈਂਸਰ ਦੇ ਰੂਪ ਵਿੱਚ ਸਾਡੇ ਸਾਹਮਣੇ ਹੈ। ਨਾ ਉੱਪਰਲੀ ਧਰਤੀ ਦਾ ਪਾਣੀ ਸਾਫ਼ ਰਿਹਾ ਹੈ ਤੇ ਨਾ ਧਰਤੀ ਹੇਠਲਾ ਪਾਣੀ ਸਾਫ਼ ਰਿਹਾ ਹੈ। ਅਜੇ ਵੀ ਵੇਲਾ ਹੈ। ਸਾਨੂੰ ਸੰਭਲਣ ਦੀ ਲੋੜ ਹੈ।

## ਕਿਸਾਨੀ ਸੰਘਰਸ਼ ਦਾ ਕੀ ਬਣੇਗਾ?

ਕਿਸਾਨੀ ਸੰਘਰਸ਼ ਇਤਿਹਾਸਕ ਸੰਘਰਸ਼ ਬਣ ਗਿਆ ਹੈ। ਇਹ ਇੱਕ ਅਜਿਹਾ ਸੰਘਰਸ਼ ਹੈ ਜੋ ਸਭ ਤੋਂ ਲੰਮਾ, ਸਹਿਜ ਅਤੇ ਵੱਡੇ ਇਕੱਠ ਵਾਲਾ ਹੋ ਨਿੱਬੜਿਆ ਹੈ। ਇਹ ਸੰਘਰਸ਼, ਸੰਘਰਸ਼ ਹੀ ਨਹੀਂ ਸਗੋਂ ਸਿਸਟਮ ਨਾਲ ਸਿੱਧੀ ਟੱਕਰ ਹੈ ਅਤੇ ਆਰ-ਪਾਰ ਦੀ ਲੜਾਈ ਹੈ। ਕੀ ਸਰਕਾਰ ਉੱਪਰ ਇਸਦਾ ਅਸਰ ਹੋਵੇਗਾ? ਮੈਨੂੰ ਜਾਪਦਾ ਹੈ ਕਿ ਅਸਰ ਹੋਵੇਗਾ, ਪਰ ਕੁਝ ਸਮਾਂ ਹੋਰ ਲੱਗ ਸਕਦਾ ਹੈ। ਤੇ ਜੇ ਕਿਧਰੇ ਬਦਕਿਸਮਤੀ ਨਾਲ ਇਸ ਸੰਘਰਸ਼ ਦੀ ਹਾਰ ਹੁੰਦੀ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਹੋਣ ਵਾਲੇ ਹੋਰ ਸੰਘਰਸ਼ ਇਸਦੇ ਸਾਹਮਣੇ ਬਹੁਤ ਬੌਣੇ ਰਹਿ ਜਾਣਗੇ।


ਇਸ ਸੰਘਰਸ਼ ਦਾ ਸਭ ਤੋਂ ਵੱਡਾ ਲਾਭ ਇਹ ਹੋਇਆ ਹੈ ਕਿ ਇਸ ਨੇ ਜ਼ਾਤ ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੇਦ-ਭਾਵ ਨੂੰ ਘੱਟ ਕਰਨ ਲਈ ਅਹਿਮ ਭੂਮਿਕਾ ਨਿਭਾਈ ਹੈ। ਤੇ ਜੇਕਰ ਇਹ ਸੰਘਰਸ਼ ਪੈਦਾ ਨਾ ਹੁੰਦਾ ਹੈ ਤਾਂ ਇਹ ਚਹੁੰ ਧਰਮਾਂ ਦੇ ਮੇਲ-ਮਿਲਾਪ ਤੇ ਭਾਈਚਾਰਕ-ਸਾਂਝਾਂ ਸ਼ਾਇਦ ਨਾ ਕਾਇਮ ਹੁੰਦੀਆਂ। ਭੱਜੀਆਂ-ਬਾਹਾਂ ਆਖ਼ਰ ਗੱਲ ਨੂੰ ਹੀ ਆਣ ਪਈਆਂ ਹਨ।

## ਪੰਜਾਬ ਵਿੱਚ ਫ਼ੈਲਦਾ ਜਾ ਰਿਹਾ ਅਰਾਜਕਤਾ ਦਾ ਮਾਹੌਲ

ਅੱਜਕਲ੍ਹ ਹਰ ਪਾਸੇ ਅਰਾਜਕਤਾ ਫ਼ੈਲਦੀ ਨਜ਼ਰ ਆ ਰਹੀ ਹੈ। ਬੇਰੋਜ਼ਗਾਰੀ ਦਰ ਵਧੀ ਹੈ। ਲੁੱਟਾਂ-ਖੋਹਾਂ ਵਧ ਰਹੀਆਂ ਹਨ। ਨਸ਼ੇ ਵਧ ਰਹੇ ਹਨ। ਨੌਜਵਾਨ ਪੀੜ੍ਹੀ ਸਰੀਰਕ ਪੱਖੋਂ ਦਿਨ-ਬ-ਦਿਨ ਨਿੱਘਰਦੀ ਜਾ ਰਹੀ ਹੈ। ਬਲਾਤਕਾਰ ਵਧ ਰਹੇ ਹਨ। ਅਗਵਾ ਕਰਨ ਦੀਆਂ ਵਾਰਦਾਤਾਂ ਵਧ ਰਹੀਆਂ ਹਨ। ਨਿਆਂ ਘਟ ਰਹੇ ਹਨ। ਧਰਨੇ-ਮੁਜ਼ਾਹਰੇ ਵਧ ਹਨ, ਪਰ ਸਰਕਾਰਾਂ ਦਾ ਇਸ ਉੱਪਰ ਕੋਈ ਅਸਰ ਹੁੰਦਾ ਨਜ਼ਰ ਨਹੀਂ ਆ ਰਿਹਾ। ਲੋਕ ਖੱਜਲ-ਖੁਆਰ ਹੋ ਰਹੇ ਹਨ। ਤਕੜੇ ਦਾ ਸੱਤੀਂ-ਵੀਹੀਂ ਸੌ ਹੈ ਤੇ ਗਰੀਬ ਦੀ ਕੋਈ ਜ਼ਿੰਦਗੀ ਨਹੀਂ ਹੈ।

## ਸਰਕਾਰੀ ਸਹੂਲਤਾਂ

ਇੱਥੇ ਦੁੱਧ ਵਿੱਚ ਮੀਂਗਣਾਂ ਘੋਲ ਕੇ ਦੇਣ ਦਾ ਰਿਵਾਜ਼ ਪੈ ਚੁੱਕਾ ਹੈ। ਨਿੱਤ-ਦਿਹਾੜੇ ਬਹੁਤ ਸਾਰੀਆਂ ਸਰਕਾਰੀ ਸਕੀਮਾਂ ਚੱਲ ਰਹੀਆਂ ਹਨ। ਲਾਭਪਾਤਰੀ ਲੋਕਾਂ ਨੂੰ ਬਹੁਤ ਸਾਰੀਆਂ ਕਾਰਵਾਈਆਂ ਤੇ ਕਈ ਤਰ੍ਹਾਂ ਦੇ ਪੜਾਵਾਂ ਵਿੱਚੋਂ ਲੰਘਣਾ ਪੈਂਦਾ ਹੈ। ਲਾਭਪਾਤਰੀ ਨੂੰ ਕੋਈ ਲਾਭ ਮਿਲੇ ਜਾਂ ਨਾ ਮਿਲੇ ਪਰ ਧੂੜ-ਧੱਪੇ ਤਾਂ ਜ਼ਰੂਰ ਮਿਲਦੇ ਹਨ। ਇੱਕ ਗਰੀਬ ਜਾਂ ਦਿਹਾੜੀਦਾਰ ਬੰਦਾ ਅੱਕ ਕੇ ਇਹੀ ਆਖਦਾ ਹੈ, "ਦਫ਼ਾ ਕਰੋ! ਮੈਂ ਇਹੋ ਜਿਹੀ ਸਹੂਲਤ ਲੈਣੀ ਹੀ ਨਹੀਂ!"



# 'ਸੈਨ ਹੋਜੇ' ਗੁਰੂਦੁਆਰਾ ਸਾਹਿਬ ਦਾ ਤਾਜ਼ਾ ਫ਼ੁਰਮਾਨ ਤੋਂ ਸਿੱਖ ਭਾਈਚਾਰਾ ਨਿਰਾਸ਼

**ਵਲੋਂ : ਜਸਵੀਰ ਸਿੰਘ**



ਅਮਰੀਕਾ ਵਿੱਚ ਸੈਨ ਹੋਜੇ ਗੁਰਦੁਆਰਾ ਕਮੇਟੀ ਨੇ ਕੌਮੀ ਚਿੰਨ੍ਹਾਂ ਅਤੇ ਕੌਮੀ ਬਿਰਤਾਂਤ ਨੂੰ ਪ੍ਰਤੀਬਿੰਬਤ ਕਰਦੀ ਕਿਸੇ ਵੀ ਲਿਖਤ ਪੋਸਟਰ ਜਾਂ ਫੋਟੋ ਲਾਉਣ ਤੇ ਇੱਕ ਤਰ੍ਹਾਂ ਨਾਲ ਪਾਬੰਦੀ ਲਗਾ ਦਿੱਤੀ ਹੈ।

ਭਾਰਤੀ ਰਾਜ ਅਤੇ ਸਨਾਤਨੀ ਤਾਕਤਾਂ, ਸਿੱਖਾਂ ਦੀ ਕੌਮੀ ਚੇਤਨਾ ਪੈਦਾ ਕਰਨ ਵਾਲੇ ਹਰੇਕ ਸਰੋਤ ਉੱਤੇ ਕਬਜਾ ਕਰਨ ਜਾਂ ਇਨ੍ਹਾਂ ਨੂੰ ਤੋੜ ਭੰਨ ਦੇਣ ਦੀ ਨੀਤੀ ਤੇ ਚੱਲ ਰਹੀਆਂ ਹਨ। ਇਸ ਨੀਤੀ ਵਿੱਚ ਗੁਰਦੁਆਰੇ ਦੀ ਸਪੇਸ ਬਹੁਤ ਮਹੱਤਵਪੂਰਨ ਹੈ। ਇੱਥੋਂ ਹੀ ਕੌਮੀ ਸਿੱਖ ਚੇਤਨਾ ਗੁਰਮਤਿ ਅਤੇ ਸਿੱਖੀ ਨਾਲ ਜੁੜਕੇ, ਖਾਲਸਾਈ ਪਛਾਣ ਦਾ ਰੂਪ ਧਾਰਦੀ ਹੈ। ਭਾਰਤੀ ਰਾਜ ਅਤੇ ਸਨਾਤਨੀ ਤਾਕਤਾਂ ਦੀ ਸੂਖਮ ਨੀਤੀ, ਖਾਲਸਾ ਪਛਾਣ ਨੂੰ ਗੁਰਮਤਿ ਅਤੇ ਸਿੱਖੀ ਤੋਂ ਤੋੜ ਕੇ ਇਸਨੂੰ ਅੰਗਰੇਜ਼ਾਂ ਦੀ ਪੈਦਾਵਾਰ, ਸੰਪਰਦਾਇਕਤਾ ਅਤੇ ਸੌੜਾ ਕੌਮਵਾਦ ਸਾਬਤ ਕਰਨ ਵੱਲ ਸੇਧਿਤ ਹੈ। ਇਹ ਸਿੱਖ ਕੌਮ ਉੱਤੇ ਰਾਜਸੀ ਤਾਕਤ ਦੀ ਵਰਤੋਂ ਰਾਹੀਂ ਦਾਬਾ ਪਾਉਣ ਦਾ ਵਰਤਾਰਾ ਜਾਂ ਪਰਯੋਗ ਹੈ। ਇਸ ਸੂਖਮ ਵਰਤਾਰੇ ਨੂੰ ਮਨੁੱਖੀ ਭਾਈਚਾਰਿਆਂ ਵੱਲੋਂ ਇੱਕ ਦੂਜੇ ਉੱਪਰ ਦਾਬਾ ਪਾਉਣ ਲਈ ਰਾਜਸੀ ਤਾਕਤ ਦੀ ਵਰਤੋਂ ਦੇ ਸਿਧਾਂਤ ਰਾਹੀਂ ਸਮਝਿਆ ਜਾ ਸਕਦਾ ਹੈ। ਰਾਜਨੀਤਕ ਤਾਕਤ ਦੇ ਸੰਕਲਪ ਅਨੁਸਾਰ, ਤਾਕਤ ਤੋਂ ਭਾਵ ਇੱਕ ਅਜਿਹੇ ਸਬੰਧ ਤੋਂ ਹੈ ਜੋ ਇੱਕ ਭਾਈਚਾਰੇ ਵੱਲੋਂ,ਦੂਜੇ ਭਾਈਚਾਰੇ ਦੇ ਵਿਹਾਰ ਵਿੱਚ ਬਦਲਾਅ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਵਿਹਾਰਕ ਬਦਲਾਵਾਂ ਵਿੱਚ ਮਨੁੱਖਾਂ ਦੇ ਵਿਸ਼ਵਾਸ਼, ਮਾਨਤਾਵਾਂ, ਵਿਚਾਰਾਂ, ਉਮੀਦਾਂ,ਭਾਵਨਾਵਾਂ ਅਤੇ ਕੋਈ ਸਰਗਰਮੀ ਕਰਨ ਦੀ ਸੋਚ ਸਭ ਕੁਝ ਸ਼ਾਮਲ ਹੈ।

ਇਸਤੋਂ ਭਾਵ ਕਿ ਇੱਕ ਤਾਕਤਵਰ ਭਾਈਚਾਰਾ ਦੂਜੇ ਕਮਜ਼ੋਰ ਭਾਈਚਾਰੇ ਜਾਂ ਭਾਈਚਾਰਿਆਂ ਦੀਆਂ ਨੀਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਨੂੰ ਅਜਿਹਾ ਵਿਹਾਰ ਕਰਨ ਲਈ ਮਜਬੂਰ ਕਰਦਾ ਹੈ ਜਿਹੜਾ ਕਿ ਉਹ ਨਹੀ ਕਰਨਾ ਚਾਹੁੰਦੇ। ਤਾਕਤਵਰ ਭਾਈਚਾਰਾ, ਆਪਣੇ ਅਧੀਨ ਭਾਈਚਾਰੇ ਜਾਂ ਭਾਈਚਾਰਿਆਂ ਦੀਆਂ ਸੋਚਾਂ ਅਤੇ ਇਛਾਵਾਂ ਨੂੰ ਕਾਬੂ ਕਰਕੇ ਵੀ ਇਨ੍ਹਾਂ ਦੇ ਵਿਹਾਰ ਨੂੰ ਬਦਲ ਦੇਂਦਾ ਹੈ।

ਤਾਕਤਵਰ ਭਾਈਚਾਰੇ ਵੱਲੋਂ ਆਪਣੇ ਅਧੀਨ ਭਾਈਚਾਰੇ ਦੀਆਂ ਸੋਚਾਂ, ਇਛਾਵਾਂ,ਵਿਸ਼ਵਾਸ਼ਾਂ ਅਤੇ ਜਰੂਰਤਾਂ ਨੂੰ ਇੱਕ ਖਾਸ ਦਿਸ਼ਾ ਅਤੇ ਰੂਪਾਂ ਵਿੱਚ ਢਾਲ ਕੇ ਆਪਣਾਂ ਦਾਬਾ ਰੱਖਣ ਦੀ ਵਿਧੀ ਨੂੰ ਤਾਕਤ ਦੀ ਮਨੋਵਿਗਿਆਨਕ ਵਿਧੀ ਕਿਹਾ ਜਾਂਦਾ ਹੈ। ਤਾਕਤ ਦੀ ਮਨੋਵਿਗਿਆਨਕ ਵਿਧੀ ਤਾਕਤ ਵਰਤਣ ਦੀ ਸਭ ਤੋਂ ਉੱਤਮ ਅਤੇ ਸੂਖਮ ਤਕਨੀਕ ਹੈ। ਇਸ ਤਾਕਤ ਦੀ ਵਰਤੋਂ ਰਾਹੀਂ ਤਾਕਤਵਰ ਭਾਈਚਾਰਾ ਆਪਣੇ ਅਧੀਨ ਭਾਈਚਾਰੇ ਦੀ ਵਿਸ਼ਵਾਸ਼ ਪਰਣਾਲੀ ਨੂੰ ਕਾਬੂ ਕਰ ਲੈਂਦਾ ਹੈ ਅਤੇ ਅਧੀਨ ਭਾਈਚਾਰੇ ਦੇ ਲੋਕ ਤਾਕਤਵਰ ਭਾਈਚਾਰੇ ਦੀ ਇੱਛਾ ਦਾ ਪਾਲਣ ਕਰਨ ਲੱਗਦੇ ਹਨ।

ਮਨੋਸਮਾਜਕ ਦਾਬੇ ਦੀਆਂ ਵਿਧੀਆਂ ਦੀ ਵਰਤੋਂ ਕਰਨ ਵਾਲੇ ਤਾਕਤਵਰ ਭਾਈਚਾਰੇ ਵੱਲੋਂ ਅਧੀਨ ਭਾਈਚਾਰੇ ਨੂੰ ਕਾਬੂ ਹੇਠ ਰੱਖਣ ਲਈ ਫੌਜੀ ਤਾਕਤ ਵਰਤਣ ਦੀ ਲੋੜ ਘੱਟ ਹੀ ਪੈਂਦੀ ਹੈ। ਇਸ ਤਰ੍ਹਾਂ ਦੇ ਦਾਬੇ ਹੇਠ ਆਏ ਲੋਕ, ਤਾਕਤਵਰ ਭਾਈਚਾਰੇ ਦੀ ਵਿਚਾਰਧਾਰਾ ਅਤੇ ਵਿਸ਼ਵਾਸ਼ ਪਰਣਾਲੀ ਨੂੰ ਸਹਿਜ ਰੂਪ ਵਿੱਚ ਹੀ ਪਰਵਾਨ ਕਰ ਲੈਂਦੇ ਹਨ। ਮਨੋਸਮਾਜਕ ਦਬਾਅ ਉਸ ਸਮੇਂ ਅੱਤ ਖਤਰਨਾਕ ਰੂਪ ਧਾਰਦਾ ਹੈ ਜਦੋਂ ਗੁਲਾਮ ਭਾਈਚਾਰੇ ਦੇ ਲੋਕ ਆਪਣੀ ਨਿੱਜ ਅਤੇ ਭਾਈਚਾਰਕ ਵਿਸ਼ਵਾਸ਼ ਪਰਣਾਲੀ ਨੂੰ ਖੁਦ ਹੀ ਛੱਡਣ ਲੱਗਦੇ ਹਨ। ਇਸ ਹਾਲਤ ਵਿੱਚ ਤਾਕਤਵਰ ਭਾਈਚਾਰਾ, ਸੋਚ ਕਾਬੂ ਕਰਨ ਵਾਲੀ ਇਸ ਵਿਧੀ ਹੇਠ ਆਏ ਅਧੀਨ ਭਾਈਚਾਰੇ ਦੀ ਕੌਮੀ ਪਛਾਣ ਸਿਰਜਣ ਵਾਲੇ ਹਰੇਕ ਸਰੋਤ, ਜਿਵੇਂ ਧਾਰਮਕ ਸੰਸਥਾਵਾਂ, ਨਾਇਕ, ਪਵਿੱਤਰ ਥਾਵਾਂ, ਰੀਤੀ ਰਿਵਾਜ਼ਾਂ, ਪਰੰਪਰਾਵਾਂ, ਧਾਰਮਕ ਗਰੰਥਾਂ,ਸਾਹਿਤ ਅਤੇ ਕੌਮੀ ਚਿੰਨ੍ਹਾਂ ਨੂੰ ਬਰਬਾਦ ਕਰ ਦੇਂਦਾ ਹੈ। ਸਿੱਖ ਵਿਰੋਧੀ ਸੋਚ ਵਾਲੀ ਵਿਚਾਰਧਾਰਾ ਵਾਲੇ ਵਿਅਕਤੀਆਂ ਵਲੋਂ ਸਿੱਖਾਂ ਨੂੰ ਕਾਬੂ ਕਰਨ ਵਾਲੀ,ਮਨੋਸਮਾਜਕ ਵਿਧੀ ਦੀ ਵਰਤੋਂ ਸਿੱਖਾਂ ਉੱਤੇ ਲਗਾਤਾਰ ਕੀਤੀ ਜਾ ਰਹੀ ਹੈ। ਖਾੜਕੂ ਲਹਿਰ ਦੇ ਖਾਤਮੇ ਤੋਂ 30 ਸਾਲਾਂ ਬਾਅਦ ਤੱਕ ਵੀ ਭਾਰਤੀ ਰਾਜ, ਕੌਮਵਾਦੀ ਸਿੱਖਾਂ ਅਤੇ ਕੌਮਵਾਦੀ ਚੇਤਨਾ ਨੂੰ ਆਪਣੇ ਸਾਰੇ ਫੌਜੀ, ਕਨੂੰਨੀ ਅਤੇ ਪਾਰਲੀਮੈਂਟਰੀ ਸਾਧਨਾ ਦੀ ਵਰਤੋਂ ਕਰਕੇ ਵੀ ਖਤਮ ਨਹੀ ਕਰ ਸਕਿਆ। ਭਾਰਤੀ ਰਾਜ ਆਪਣੇ ਸਾਰੇ ਢਾਂਚਾਗਤ ਸਾਧਨਾਂ ਦੀ ਵਰਤੋਂ ਕਰਕੇ, ਕੌਮਵਾਦੀ ਸਿੱਖਾਂ ਦੇ ਮਨੋਬਲ, ਖਾਲਸਾਈ ਪਛਾਣ, ਕੌਮਵਾਦੀ ਏਕੇ ਅਤੇ ਭਾਰਤੀ ਦਾਬੇ ਨੂੰ ਨਾ ਮੰਨਣ ਦੀ ਕੌਮੀ ਸਿੱਖ ਮਨੋਅਵਸਥਾ ਨੂੰ ਕਮਜ਼ੋਰ ਨਹੀ ਕਰ ਸਕਿਆ। ਭਾਰਤੀ ਰਾਜ ਸਾਰੇ ਮਨੋਵਿਗਿਆਨਕ ਸਾਧਨਾਂ ਦੀ ਵਰਤੋਂ ਕਰਕੇ ਵੀ ਕੌਮਵਾਦੀ ਸਿੱਖਾਂ ਵਿੱਚੋਂ,ਭਾਰਤੀ ਜਾਂ ਸਨਾਤਨੀ ਦਾਬੇ ਜਾਂ ਗੁਲਾਮੀ ਨੂੰ ਸਹਿਜ ਮਾਨਤਾ ਨਹੀ ਦਿਵਾ ਸਕਿਆ। ਕੌਮਵਾਦੀ ਸਿੱਖਾਂ ਨੂੰ ਸਮਝਣਾਂ ਪਵੇਗਾ ਕਿ ਉਹ ਭਾਰਤੀ ਰਾਜ ਅਤੇ ਸਨਾਤਨੀ ਹਿੰਦੂ ਪਰਬੰਧ ਨਾਲ ਵਿਚਾਰਧਾਰਕ ਜੰਗ ਦੇ ਨਵੇਂ ਦੌਰ ਵਿੱਚ ਦਾਖਲ ਹੋ ਰਹੇ ਹਨ। ਸਿੱਖਾਂ ਦੀ ਸਨਾਤਨੀ ਤਾਕਤਾਂ ਖਿਲਾਫ ਵਿਚਾਰਧਾਰਕ ਜੰਗ, ਦੂਜੇ ਭਾਈਚਾਰਿਆਂ ਵਾਂਗ, ਵੱਧ ਅਧਿਕਾਰਾਂ ਜਾਂ ਫੈਡਰਲ ਸਬੰਧਾਂ ਵਿੱਚ ਸੁਧਾਰਾਂ ਤੱਕ ਸੀਮਤ ਨਹੀ ਹੈ। ਇਸਦਾ ਅਸਲ ਖਾਸਾ, ਭਾਰਤੀ ਹਿੰਦੂ ਸੱਭਿਆਤਾ ਨਾਲ ਵਿਚਾਰਧਾਰਕ ਵਿਰੋਧ ਵਿੱਚ ਨਿਹਿਤ ਹੈ। ਇਸ ਸੰਘਰਸ਼ ਵਿੱਚ ਸਾਨੂੰ ਖ਼ੂਨ ਦੇ ਰਿਸ਼ਤਿਆਂ ਅਤੇ ਜੀਨਾਂ ਦੀ ਸਮਾਨਤਾ ਤੋਂ ਉੱਪਰ ਉੱਠਕੇ, ਪਰਾਚੀਨ ਪੰਜਾਬ ਦੇ ਨਾਂਗੇ ਅਤੇ ਦਾਸ ਕਹਾਉਂਦੇ ਹੜੱਪਾ ਸ਼ਰਨਾਰਥੀਆਂ ਨਾਲ ਰਿਸ਼ਤਾ ਗੰਢਣਾਂ ਪਵੇਗਾ। ਸਾਨੂੰ ਆਪਣੀ ਗੁਰਮੁਖੀ ਲਿੱਪੀ ਦੀਆਂ ਜੜ੍ਹਾ ਸੰਸਕ੍ਰਿਤ ਨਾਲੋਂ ਤੋੜਨੀਆਂ ਪੈਣਗੀਆਂ। ਸਨਾਤਨੀ ਤਾਕਤਾਂ ਨਾਲ ਸਾਡੇ ਸੰਘਰਸ਼ ਨੂੰ, ਭਾਰਤੀ ਸੱਭਿਅਤਾ ਦੀ ਪਛਾਣ ਨਾਲ ਕੇਂਦਰੀ ਵਿਰੋਧ ਵੱਜੋਂ ਕੌਮਾਂਤਰੀ ਮਾਨਤਾ ਦਿਵਾਉਣੀ ਪਵੇਗੀ। ਇੱਥੇ ਇਹ ਤੱਥ ਮਹੱਤਵਪੂਰਨ ਹੈ ਕਿ ਏਸ਼ੀਆ ਵਿੱਚ, ਇੱਕ ਅਸਲ ਲੋਕਤੰਤਰ ਲੱਭਣ ਦੀ ਪੱਛਮ ਦੀ ਇੱਛਾ ਹੁਣ ਮੱਧਮ ਪੈ ਰਹੀ ਹੈ। ਸਿੱਖ ਸੰਘਰਸ਼ ਦੀਆਂ ਭਾਰਤਵਾਦੀ ਵਿਆਖਿਆਵਾਂ ਨੂੰ ਰੱਦ ਕਰਵਾਉਣ ਦਾ ਉਚਿਤ ਮੌਕਾ ਹੁਣ ਆਣ ਪਹੁੰਚਿਆ ਹੈ। ਸਾਡੇ ਲਈ ਇਹ ਸਾਬਤ ਕਰਨ ਦਾ ਹੁਣ ਅਹਿਮ ਮੌਕਾ ਹੈ ਕਿ, ਸਿੱਖ ਸੰਘਰਸ਼ ਕੋਈ ਸੌੜਾ ਨੈਸ਼ਨਲਿਜ਼ਮ ਨਹੀ ਹੈ। ਬਲਕਿ ਇਸਦਾ ਸਬੰਧ, ਜੈਨੀਆਂ, ਬੋਧੀਆਂ ਅਤੇ ਮੁਸਲਮਾਨਾਂ ਦੀ ਹੋਣੀ ਨਾਲ ਸਿੱਧਾ ਜੁੜਿਆ ਹੋਇਆ ਹੈ। ਇਤਿਹਾਸਕਾਰੀ ਅਤੇ ਬਿਰਤਾਂਤ ਸਿਰਜਣ ਦੇ ਇਸ ਪੱਧਰ ਤੱਕ ਪਹੁੰਚਣਾਂ, ਸਿੱਖ ਕੌਮ ਲਈ ਵੱਡੀ ਚੁਣੌਤੀ ਹੈ, ਵਰਤਮਾਨ ਸਮੇਂ ਦੀ।

ਸੈਨ ਹੋਜੇ ਗੁਰਦੁਆਰਾ ਕਮੇਟੀ ਦਾ ਫ਼ੁਰਮਾਨ, ਸਿੱਖ ਕੌਮੀ ਚੇਤਨਾ ਅੱਗੇ ਆਉਣ ਵਾਲੀਆਂ, ਕੁਝ ਭਵਿੱਖਮੁਖੀ ਚੁਣੌਤੀਆਂ ਦੀ ਸੂਹ ਵੀ ਦੇਂਦਾ ਹੈ। ਇਹ ਫ਼ੁਰਮਾਨ, ਸਿੱਖ ਪਰੰਪਰਾਵਾਂ, ਸਿੱਖ ਵਿਚਾਰਧਾਰਕ ਹਿੱਤਾਂ ਅਤੇ ਸਿੱਖ ਆਦਰਸ਼ਾਂ ਵਿੱਚ ਪਾਏ ਜਾਣ ਵਾਲੇ ਭਵਿੱਖਮੁਖੀ ਵਿਗਾੜਾਂ ਦੀ ਜਾਣਕਾਰੀ ਵੀ ਦੇਂਦਾ ਹੈ। ਸ਼ਬਦਾਂ ਹੇਠ ਲੁਕੀ ਹੋਈ ਇਸ ਬੁਝਾਰਤ ਨੂੰ ਬੁੱਝਣਾਂ ਜਰੂਰੀ ਹੈ। ਕੌਮਵਾਦ ਨਾਲ ਸਬੰਧਤ ਕੁਝ ਸੰਕਲਪ ਇਸ ਬੁਝਾਰਤ ਦੀ ਗੁੰਝਲ ਨੂੰ ਕੁਝ ਅਸਾਨ ਬਣਾ ਦੇਂਦੇ ਹਨ। ਜਿਸ ਤਰ੍ਹਾਂ ਕੌਮਵਾਦੀ ਚੇਤਨਾ ਕਿਸੇ ਭਾਈਚਾਰੇ ਜਾਂ ਕੌਮ ਦੀ ਵੱਖਰੀ ਪਛਾਣ ਦਾ ਤਾਕਤਵਰ ਸਰੋਤ ਹੁੰਦੀ ਹੈ। ਕਿਸੇ ਭਾਈਚਾਰੇ ਅਤੇ ਕੌਮ ਦੇ ਰਾਜਸੀ, ਸਮਾਜਕ ਅਤੇ ਮਾਨਸਿਕ ਪਰਗਟਾਵੇ, ਕੌਮੀ ਚੇਤਨਾ ਵਿੱਚੋਂ ਹੀ ਝਲਕਦੇ ਹਨ। ਕੌਮੀ ਭਾਵਨਾਵਾਂ, ਕੌਮ ਨਾਲ ਲਗਾਅ ਦਾ ਸਮੂਹਕ ਅਹਿਸਾਸ,ਕੌਮੀ ਚੇਤਨਾ ਦੇ ਅਜਿਹੇ ਤੱਤ ਹੁੰਦੇ ਹਨ, ਜੋ ਕੌਮੀ ਭਾਈਚਾਰੇ ਦੇ ਸਮੂਹਕ ਏਕੇ ਨੂੰ ਅਜਿਹਾ ਰੂਪ ਦੇਂਦੇ ਹਨ ਜਿਸ ਵਿੱਚ ਭਾਈਚਾਰੇ ਦੇ ਲੋਕਾਂ ਅਤੇ ਇਸਦੇ ਉਦੇਸ਼ਾਂ ਵਿਚਕਾਰ ਡੂੰਘਾ ਸਬੰਧ ਕਾਇਮ ਹੋ ਜਾਂਦਾ ਹੈ। ਇਸ ਹਾਲਤ ਵਿੱਚ ਲੋਕਾਂ ਦੀਆਂ ਅਚੇਤਨ ਮਨੋ-ਤਾਕਤਾਂ ਤੋਂ ਲੈਕੇ ਵਿਚਾਰਧਾਰਕ ਵਖਰੇਵੇਂ ਕੌਮੀ ਉਦੇਸ਼ਾਂ ਨਾਲ ਇੱਕਮਿੱਕ ਹੋ ਜਾਂਦੇ ਹਨ। ਕੌਮੀ ਉਦੇਸ਼, ਕੌਮੀ ਪਰੰਪਰਾਵਾਂ, ਹਿੱਤਾਂ ਅਤੇ ਆਦਰਸ਼ਾਂ ਨਾਲ ਜੁੜ ਜਾਂਦੇ ਹਨ। ਪਰੰਪਰਾਵਾਂ ਭਾਈਚਾਰੇ ਨੂੰ ਸਾਂਝੀ ਬੋਲੀ ਅਤੇ ਕਦਰਾਂ-ਕੀਮਤਾਂ ਨਾਲ ਜੋੜੀ ਰੱਖਦੀਆਂ ਹਨ। ਇਨ੍ਹਾਂ ਦੇ ਅਧਾਰ ਤੇ ਭਾਈਚਾਰਿਆਂ ਦੇ ਲੋਕ ਖਾਸ ਤਰ੍ਹਾਂ ਦੇ ਵਿਹਾਰ ਕਰਦੇ ਹਨ। ਕੌਮੀ ਹਿੱਤ ਆਮ ਤੌਰ ਤੇ ਕੌਮੀ ਵਿਚਾਰਧਾਰਾਵਾਂ ਨਾਲ ਜੁੜੇ ਹੁੰਦੇ ਹਨ। ਕੌਮੀ ਆਦਰਸ਼ ਕੌਮੀ ਭਾਈਚਾਰਿਆਂ ਦੀ ਹੋਂਦ ਅਤੇ ਬਿਹਤਰ ਹਾਲਤਾਂ ਜਿਵੇਂ, ਲੋਕਾਂ ਦੀ ਰੱਖਿਆ, ਸਿਹਤ, ਧੰਨ-ਦੌਲਤ, ਆਰਥਕ, ਮਾਨਸਕ ਅਤੇ ਸਰੀਰਕ ਬਿਹਤਰੀ ਬਾਰੇ ਭਵਿੱਖਮੁਖੀ ਚੇਤਨਾ ਪੈਦਾ ਕਰਦੇ ਹਨ। ਕੌਮੀ ਪਰੰਪਰਾਵਾਂ, ਕੌਮੀ ਭਾਈਚਾਰਿਆਂ ਨੂੰ ਇਨ੍ਹਾਂ ਦੇ ਭੂਤਕਾਲ, ਕੌਮੀ ਹਿੱਤ ਇਨ੍ਹਾਂ ਦੇ ਵਰਤਮਾਨ ਅਤੇ ਕੌਮੀ ਆਦਰਸ਼ ਕੌਮੀ ਭਾਈਚਾਰਿਆਂ ਨੂੰ ਭਵਿੱਖ ਨਾਲ ਜੋੜਦੇ ਹਨ। ਇਹ ਅਮਲ ਇੱਕ ਅਜਿਹੀ ਕੌਮੀ ਮਾਨਸਿਕਤਾ ਨੂੰ ਜਨਮ ਦੇਂਦਾ ਹੈ ਜੋ ਪਰੰਪਰਾਵਾਂ ਨੂੰ ਧਰਤੀ ਦੇ ਇੱਕ ਖਾਸ ਖਿੱਤੇ, ਹੋਮਲੈਂਡ ਨੂੰ ਕੌਮੀ ਭਾਈਚਾਰੇ ਦੀ ਭੂਤਕਾਲ ਦੀ ਵਿਰਾਸਤ ਬਣਾ ਦੇਂਦਾ ਹੈ। ਇਹ ਕੌਮੀ ਮਾਨਸਿਕਤਾ, ਹੋਮਲੈਂਡ ਨੂੰ ਕੌਮੀ ਹਿੱਤਾਂ ਨਾਲ ਜੋੜਦੀ ਹੈ। ਇਹੋ ਮਾਨਸਿਕਤਾ ਕੌਮ ਦੇ ਵਰਤਮਾਨ ਸਰੋਤਾਂ ਨੂੰ ਕੌਮੀ ਆਦਰਸ਼ ਦੇ ਭਵਿੱਖਮੁਖੀ ਵਿਕਾਸ ਦਾ ਅਧਾਰ ਵੀ ਬਣਾ ਦੇਂਦੀ ਹੈ।


ਇਹ ਕੌਮੀ ਮਾਨਸਿਕਤਾ ਜਾਂ ਕੌਮੀ ਚੇਤਨਾ, ਕੌਮੀ ਭਾਈਚਾਰਿਆਂ ਦਾ ਖਾਸ ਸੁਭਾਅ ਅਤੇ ਖਾਸ ਇਛਾਵਾਂ ਵੀ ਸਿਰਜਦੀ ਹੈ। ਇਸ ਚੇਤਨਾ ਜਾਂ ਮਾਨਸਿਕਤਾ ਨਾਲ ਸਬੰਧਿਤ, ਦਿਸਦੇ ਜਾਂ ਅਣਦਿਸਦੇ ਤੱਤ, ਜਿਵੇਂ ਧਰਮ, ਬੋਲੀ, ਖ਼ੇਤਰ, ਇਤਿਹਾਸ,ਸਾਂਝੇ ਵੰਸ਼ ਵਿੱਚ ਵਿਸ਼ਵਾਸ਼, ਸਾਂਝੇ ਕੌਮੀ ਨਾਮ, ਪਵਿੱਤਰ ਕੌਮੀ ਥਾਵਾਂ, ਰਾਜ-ਪਰਿਵਾਰ ਅਤੇ ਮਹਾਨ ਕੌਮੀ ਹਸਤੀਆਂ ਆਦਿ ਹੋਮਲੈਂਡ ਦੇ ਚੇਤਨਾ ਨਾਲ ਜੁੜਕੇ, ਇਸ ਨਾਲ ਇੱਕ ਖਾਸ ਲਗਾਅ ਦੀ ਭਾਵਨਾ ਪੈਦਾ ਕਰ ਦੇਂਦੇ ਹਨ।

ਕੌਮੀ ਚੇਤਨਾ ਬਾਰੇ ਉਪਰੋਕਤ ਜਾਣਕਾਰੀ ਤੋਂ ਹੀ ਭਾਰਤੀ ਪਰਬੰਧ ਦੇ ਸਿੱਖ ਸਰੋਤਾਂ ਉੱਤੇ ਹਮਲੇ ਦੀ ਰਾਜਨੀਤੀ ਨੂੰ ਸਮਝਿਆ ਜਾ ਸਕਦਾ ਹੈ। ਇਹ ਮਾਮਲਾ ਜਿੱਥੇ ਕੌਮੀ ਚੇਤਨਾ ਅਤੇ ਖਾਲਸਾਈ ਪਛਾਣ ਦੇ ਸਰੋਤਾਂ ਬਾਰੇ ਸਿੱਖ ਸਮਝ ਵਿੱਚ ਵਿਗਾੜ ਪੈਦਾ ਕਰਨ ਵੱਲ ਸੇਧਤ ਹੈ ਦੂਜੇ ਪਾਸੇ ਇਹ ਪੰਥ ਅਤੇ ਪੰਜਾਬ ਦੇ ਰਿਸ਼ਤੇ ਨੂੰ ਤੋੜ ਦੇਣ ਦੀ ਨੀਤੀ ਵੱਲ ਵੀ ਸੇਧਤ ਹੈ।

ਇਸੇ ਲਈ ਭਾਰਤੀ ਅਫਸਰਸ਼ਾਹੀ ਅਤੇ ਵਿਦੇਸ਼ਾਂ ਵਿੱਚ ਤਾਇਨਾਤ ਭਾਰਤੀ ਸਫੀਰ ਗਿਣ-ਮਿਥ ਕੇ ਗੁਰੂਘਰਾਂ ਨੂੰ ਆਪਣਾਂ ਨਿਸ਼ਾਨਾ ਬਣਾ ਰਹੇ ਹਨ। ਉਹ ਪੇਸ਼ ਇਸ ਤਰ੍ਹਾਂ ਕਰਦੇ ਹਨ ਕਿ ਉਹ ਗੁਰੂਘਰ ਸਿਰਫ ਸ਼ਰਧਾਲੂਆਂ ਦੇ ਤੌਰ ਤੇ ਜਾ ਰਹੇ ਹਨ ਪਰ ਅਸਲ ਨਿਸ਼ਾਨਾ ਉਨ੍ਹਾਂ ਦਾ ਖਾਲਸਾ ਜੀ ਦੀ ਸ਼ੁੱਧ ਪਛਾਣ ਨੂੰ ਸਿੱਖਾਂ ਦੇ ਹੋਮਲੈਂਡ ਨਾਲੋਂ ਤੋੜਕੇ ਭਾਰਤੀ ਹੋਮਲੈਂਡ ਨਾਲ ਜੋੜਨ ਦਾ ਹੈ। ਜਿੱਥੇ ਹਿੰਦੂ ਜਥੇਬੰਦੀ, ਆਰ ਐਸ ਐਸ ਸਿੱਖਾਂ ਸੰਸਥਾਵਾਂ ਦੇ ਅੰਦਰੂਨੀ ਪਰਬੰਧ ਵਿੱਚ ਦਖਲ ਦੇਕੇ ਸਿੱਖਾਂ ਨੂੰ ਹਿੰਦੂਆਂ ਦਾ ਹੀ ਅੰਗ ਦਰਸਾਉਣ ਉੱਤੇ ਜੋਰ ਦੇ ਰਹੀ ਹੈ ਉੱਥੇ ਵਿਦੇਸ਼ਾਂ ਵਿੱਚ ਤਾਇਨਾਤ ਭਾਰਤੀ ਅਫਸਰਸ਼ਾਹੀ ਗੁਰੂਘਰਾਂ ਵਿੱਚ ਅਣਲੋੜਾ ਦਖਲ ਦੇਕੇ ਸਿੱਖਾਂ ਦੀ ਉਸ ਕੌਮੀ ਚੇਤਨਾ ਨੂੰ ਖਤਮ ਕਰਨ ਦੇ ਯਤਨ ਕਰ ਰਹੇ ਹਨ ਜਿਹੜੀ ਚੇਤਨਾ 1984 ਦੇ ਘੱਲੂਘਾਰੇ ਨੇ ਉਸਾਰ ਦਿੱਤੀ ਹੈ। ਭਾਰਤ ਸਰਕਾਰ ਪਿਛਲੇ 40 ਸਾਲਾਂ ਦੌਰਾਨ ਆਪਣੇ ਲੱਖਾਂ ਯਤਨਾਂ ਦੇ ਬਾਵਜੂਦ ਸਿੱਖਾਂ ਦੀ ਉਸ ਚੇਤਨਾ ਨੂੰ ਖਤਮ ਨਹੀ ਕਰ ਸਕੀ ਜਿਹੜੀ ਭਾਰਤ ਨੂੰ ਹੁਣ ਬੇਗਾਨੀ ਧਰਤੀ ਸਮਝਦੀ ਹੈ ਅਤੇ ਪੰਜਾਬ ਨੂੰ ਆਪਣਾਂ ਹੋਮਲੈਂਡ ਤਸੱਵਰ ਕਰਦੀ ਹੈ। ਇਸੇ ਲਈ ਸਰਕਾਰਾਂ ਦੇ ਅਫਸਰ ਗੁਰੂਘਰਾਂ ਵਿੱਚੋਂ ਉਹ ਸਾਰੀਆਂ ਨਿਸ਼ਾਨੀਆਂ, ਫੋਟੋਆਂ, ਸਾਹਿਤ ਅਤੇ ਲੈਕਚਰ ਆਦਿ ਬੰਦ ਕਰਵਾਉਣ ਤੇ ਉਤਾਰੂ ਹਨ ਜਿਹੜੀਆਂ ਨਿਸ਼ਾਨੀਆਂ ਸਿੱਖਾਂ ਨੂੰ ਅਜ਼ਾਦ ਖਾਲਸਾ ਰਾਜ ਨਾਲ ਜੋੜਦੀਆਂ ਹਨ।

ਵਿਦੇਸ਼ੀ ਗੁਰੂਘਰਾਂ ਦੇ ਪਰਬੰਧਕਾਂ ਨੂੰ ਭਾਰਤ ਸਰਕਾਰ ਦੀ ਇਸ ਕੌਮ ਵਿਰੋਧੀ ਨੀਤੀ ਨੂੰ ਪਛਾਨਣਾਂ ਚਾਹੀਦਾ ਹੈ ਅਤੇ ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਆਪਣੀ ਕੌਮ ਨਾਲ ਖੜ੍ਹਨਾ ਚਾਹੀਦਾ ਹੈ। ਇਤਿਹਾਸ ਉਨ੍ਹਾਂ ਸਿੱਖਾਂ ਨੂੰ ਹੀ ਯਾਦ ਕਰੇਗਾ ਜਿਹੜੇ ਬਿਖੜੇ ਸਮੇਂ ਆਪਣੇ ਪੰਥ ਦੇ ਮੋਢੇ ਨਾਲ ਮੋਢਾ ਡਾਹ ਕੇ ਲੜੇ ਸਨ।

# ਏ.ਆਈ ਦੇ ਯੁਗ 'ਚ ਜਿਉਣ ਦੀ ਕਲਾ




ਵਲੋਂ : ਇੰਜ. ਈਸ਼ਰ ਸਿੰਘ
ਫੋਨ: 647-640-2014


ਹਰ ਯੁਗ ਦੀਆਂ ਕੁਝ ਖਾਸ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜਿਨ੍ਹਾਂ ਦੇ ਪ੍ਰਭਾਵ ਸਰਵ-ਵਿਆਪੀ ਹੁੰਦੇ ਹਨ। ਇੱਕ ਸਫਲ ਅਤੇ ਪ੍ਰਸੰਨ-ਚਿੱਤ ਜੀਵਨ ਜਿਉਣ ਲਈ ਸਾਨੂੰ ਆਪਣੇ-ਆਪ ਨੂੰ ਇਨ੍ਹਾਂ ਪ੍ਰਭਾਵਾਂ ਅਨੁਸਾਰ ਬਦਲਦੇ ਰਹਿਣਾ ਪੈਂਦਾ ਹੈ। ਇਸ ਲਈ ਸਾਨੂੰ ਇਨ੍ਹਾਂ ਵਿਸ਼ੇਸ਼ਤਾਵਾਂ ਅਤੇ ਇਨ੍ਹਾਂ ਦੇ ਪ੍ਰਭਾਵਾਂ ਦਾ ਸਹੀ ਗਿਆਨ ਹਾਸਿਲ ਕਰਨਾ ਅਤੇ ਨਾਲ਼ ਹੀ ਇਨ੍ਹਾਂ ਅਨੁਸਾਰ ਬਦਲਦੇ ਰਹਿਣ ਦੀ ਸਿਆਣਪ ਅਤੇ ਕਲਾ ਸਿੱਖਣੀ ਜ਼ਰੂਰੀ ਹੈ। ਪਹਿਲਾ ਗਿਆਨ 'ਸਮੂਹਕ' ਹੈ ਅਤੇ ਇਹ ਬਾਹਰੋਂ ਮਿਲਦਾ ਹੈ ਅਤੇ ਇਸ ਨੂੰ ਹਾਸਲ ਕਰਨ ਲਈ ਮੁੱਖ ਤੌਰ 'ਤੇ ਬਾਹਰਲੇ ਸਾਧਨਾਂ ਅਤੇ ਹੋਰਾਂ ਇਨਸਾਨਾਂ 'ਤੇ ਨਿਰਭਰ ਹੋਣਾ ਪੈਂਦਾ ਹੈ। ਦੂਜੀ ਗੱਲ ਸਿਆਣਪ ਇੱਕ ਕਲਾ ਹੈ ਜੋ ਵਿਅਕਤੀਗਤ ਹੁਨਰ ਹੈ ਅਤੇ ਇਸ ਨੂੰ ਨਿਜੀ ਅਭਿਆਸ ਰਾਹੀਂ ਸਿੱਖਣਾ ਪੈਂਦਾ ਹੈ। ਇਹ ਮੁੱਖ ਤੌਰ 'ਤੇ ਅੰਦਰੂਨੀ ਵਿਸ਼ਾ ਹੈ ਪਰ ਇਸ ਨੂੰ ਗ੍ਰਹਿਣ ਕਰਨ ਲਈ ਵੀ ਬਾਹਰੀ ਅਗਵਾਈ ਅਤੇ ਮਦਦ ਦੀ ਲੋੜ ਪੈਂਦੀ ਹੈ। ਕੋਈ ਵੀ ਇਨਸਾਨ ਬੁੱਧੀ ਅਤੇ ਸਾਧਨਾਂ ਪੱਖੋਂ ਇੰਨਾ ਸਮਰੱਥ ਨਹੀਂ ਹੋ ਸਕਦਾ ਕਿ ਓਹ ਇਨ੍ਹਾਂ ਦੋਹਾਂ ਨੂੰ ਸਿਰ-ਖੁਦ ਆਪ ਸਮਝ ਸਕੇ, ਇਸ ਲਈ ਉਸ ਨੂੰ 'ਸਮੂਹਕ' ਬੁੱਧੀ ਅਤੇ 'ਸਮੂਹਕ' ਸਾਧਨਾਂ 'ਤੇ ਨਿਰਭਰ ਹੋਣਾ ਪੈਂਦਾ ਹੈ। ਖੁਸ਼ਕਿਸਮਤੀ ਨਾਲ਼ ਅੱਜ ਦੇ ਯੁਗ 'ਚ ਇਹ ਦੋਨੋਂ ਭਰਪੂਰ ਮਾਤਰਾ 'ਚ ਹਾਸਿਲ ਹਨ, ਜੋ ਇਸ ਯੁਗ ਦੀ ਇੱਕ ਹੋਰ ਵਿਸ਼ੇਸ਼ਤਾ ਹੈ। ਪਰ ਇਸ ਭਰਮਾਰ 'ਚੋਂ ਸਹੀ ਨੂੰ ਫੜਨਾ ਅਤੇ ਗਲਤ ਨੂੰ ਛੱਡਣਾ ਸਿਆਣਪ ਹੈ ਤੇ ਕਲਾ ਦਾ ਹਿੱਸਾ ਹੈ। ਪਹਿਲਾਂ ਆਪਣੇ ਯੁਗ ਦੀ ਮੁੱਖ ਵਿਸ਼ੇਸ਼ਤਾ, ਤਕਨੌਲੋਜੀ ਅਤੇ ਇਸ ਦੀ ਉਪ-ਬ੍ਰਾਂਚ ਏ. ਆਈ (ਆਰਟੀਫੀਸ਼ੀਅਲ ਇੰਟੈਲੀਜੈਂਸ/ ਬਣਾਉਟੀ ਬੁੱਧੀ) 'ਤੇ ਵਿਚਾਰ ਕਰਦੇ ਹਾਂ ਕਿਉਂਕਿ ਅੱਜ-ਕੱਲ੍ਹ ਇਨ੍ਹਾਂ ਦੀ ਹੀ ਚੜ੍ਹਤ ਹੈ। ਇਹ ਵਿਸ਼ਾ ਸੰਸਾਰ ਦੇ ਮੁੱਖ ਚਰਚਿਤ ਵਿਸ਼ਿਆਂ 'ਚੋਂ ਇੱਕ ਹੈ, ਹਾਲਾਂਕਿ ਇਹ ਕੰਪਿਊਟਰ ਸਾਇੰਸ ਦੀ ਸਿਰਫ ਇੱਕ ਉਪ-ਬ੍ਰਾਂਚ ਹੈ ਜੋ ਅੱਗੇ ਸਾਇੰਸ ਅਤੇ ਤਕਨੌਲੋਜੀ ਦੀ ਇੱਕ ਬ੍ਰਾਂਚ ਹੈ। ਹਾਲਾਤ ਇਸ ਤਰ੍ਹਾਂ ਦੇ ਬਣ ਗਏ ਹਨ ਕਿ ਇੱਕ ਉਪ-ਬ੍ਰਾਂਚ ਹੋਣ ਦੇ ਬਾਵਜੂਦ ਅੱਜ ਇਹ ਕੰਪਿਊਟਰ ਸਾਇੰਸ ਦਾ ਮੋਹਰੀ ਅੰਗ ਬਣ ਗਈ ਹੈ ਅਤੇ ਕੰਪਿਊਟਰ ਸਾਇੰਸ ਸਾਡੀ ਤਕਨੌਲੋਜੀ ਦੀ ਮੋਹਰੀ ਬਣ ਗਈ ਹੈ। ਤਕਨੌਲੋਜੀ ਅੱਗੇ ਸਾਡੇ ਜੀਵਨ ਦੇ ਸਾਰੇ ਖੇਤਰਾਂ, ਭਾਵ ਰਾਜਨੀਤਕ ਅਤੇ ਪ੍ਰਬੰਧਕੀ ਸਿਸਟਮ, ਆਰਥਿਕ, ਸਮਾਜਿਕ, ਧਾਰਮਿਕ ਮਸਲਿਆਂ ਅਤੇ ਕੋਮਲ ਕਲਾਵਾਂ 'ਤੇ ਕਾਬਜ਼ ਭਾਰੂ-ਪ੍ਰਭਾਵੀ ਹੋ ਗਈ ਹੈ। ਇੱਥੋਂ ਤੱਕ ਕਿ ਸਾਡੇ ਵਿਅਕਤੀਗਤ ਅਤੇ ਪਰਿਵਾਰਕ ਜੀਵਨਾਂ 'ਚ ਵੀ ਇਸ ਦਾ ਪ੍ਰਭਾਵ ਬਹੁਤ ਵਧ ਰਿਹਾ ਹੈ। ਇਸ ਦੇ ਚੰਗੇ ਪ੍ਰਭਾਵਾਂ ਨੂੰ ਕਬੂਲਣ ਅਤੇ ਮੰਦਿਆਂ ਤੋਂ ਬਚਣ ਦੀ ਸਿਆਣਪ ਗ੍ਰਹਿਣ ਕਰਨੀ ਅਤੇ ਕਲਾ ਸਿੱਖਣ ਦੀ ਲੋੜ ਹੀ ਇਸ ਲੇਖ ਦਾ ਉਦੇਸ਼ ਹੈ। ਸਰਲ ਸ਼ਬਦਾਂ 'ਚ ਏ.ਆਈ. ਦਾ ਮੁੱਖ ਕੰਮ ਇਸ ਤਰ੍ਹਾਂ ਦੀਆਂ ਮਸ਼ੀਨਾਂ ਬਣਾਉਣਾ ਹੈ ਜਿਹੜੀਆਂ ਇਨਸਾਨਾਂ ਵਰਗੀ ਬੁੱਧੀ ਰੱਖਦੀਆਂ ਹੋਣ। ਉਨ੍ਹਾਂ ਵਾਂਗੂੰ ਸੋਚਣ, ਸਮਝਣ, ਪ੍ਰਤੀਕਿਰਿਆ ਕਰਨ ਅਤੇ ਕੰਮ ਕਰਨ ਦੇ ਸਮਰੱਥ ਹੋਣ। ਬਿਜਲੀ ਦੀ ਤਰ੍ਹਾਂ ਇਹ ਵੀ ਇੱਕ 'ਆਲ ਪਰਪਜ' ਤਕਨੌਲੋਜੀ ਹੈ, ਸੰਸਾਰ ਦੇ ਹਰ ਖੇਤਰ 'ਚ ਇਸ ਦੀ ਲੋੜ ਹੈ ਅਤੇ ਬਿਜਲੀ ਵਾਂਗੂੰ ਹੀ ਇਹ ਮਨੁੱਖੀ ਜੀਵਨ 'ਚ ਕ੍ਰਾਂਤੀਕਾਰੀ ਬਦਲਾਓ ਲਿਆਉਣ ਦੀ ਸਮਰੱਥ ਹੈ। ਇਹ ਬਦਲਾਓ ਸਾਰਥਿਕ ਹੈ ਜਾਂ ਨਕਾਰਾਤਮਕ ਏਹ ਇਸ ਦੇ ਹੱਥ 'ਚ ਨਹੀਂ ਅਤੇ ਨਾ ਹੀ ਇਸ (ਏ.ਆਈ) ਦੇ ਬੇ-ਕਾਬੂ ਹੋਣ ਦੇ ਖ਼ਦਸ਼ੇ ਨਿਰਮੂਲ ਹਨ। ਹੋਰ ਮਾਰੂ ਹਥਿਆਰਾਂ ਵਾਂਗੂੰ ਇਸ ਦਾ, ਸਮਾਜ-ਵਿਰੋਧੀ ਅਨਸਰਾਂ ਦੇ ਹੱਥੇ ਚੜ੍ਹਨ ਦਾ ਇੱਕ ਹੋਰ ਵੱਡਾ ਡਰ ਹੈ। ਇਨ੍ਹਾਂ ਸਭ ਤੋਂ ਬਚਾਓ ਮਨੁੱਖੀ ਸਿਆਣਪ 'ਤੇ ਨਿਰਭਰ ਕਰਦਾ ਹੈ, ਜਿਸ ਦਾ ਹਰ ਯੁਗ 'ਚ ਅਭਾਵ ਰਿਹਾ ਹੈ। ਤਕਨੌਲੋਜੀ ਦੇ ਹਾਮੀ ਇਹ ਦਾਅਵੇ ਕਰਦੇ ਹਨ ਕਿ ਇਹ ਅਤੇ ਮੁੱਖ ਤੌਰ 'ਤੇ ਏ.ਆਈ ਸਾਡੀਆਂ ਮੁੱਖ ਸਮੱਸਿਆਵਾਂ ਦਾ ਸਮਾਧਾਨ ਕਰ ਸਕਦੀ ਹੈ। ਪਰ ਸੰਸਾਰ ਦਾ ਇਤਿਹਾਸ ਅਤੇ ਇਸ ਦੇ ਅਜੋਕੇ ਹਾਲਾਤ ਇਸ ਵਿਚਾਰਧਾਰਾ ਨੂੰ ਨਕਾਰਦੇ ਹਨ। ਹੁਣ ਤੱਕ ਇਕੱਤਰ ਕੀਤੀਆਂ ਸਾਡੀਆਂ ਸਭ ਤਕਨੌਲੋਜੀਆਂ ਅਤੇ ਸ਼ਕਤੀਆਂ ਦੇ ਬਾਵਜੂਦ ਸਾਨੂੰ ਮਨੁੱਖੀ ਹੋਂਦ ਨੂੰ ਬਚਾਉਣ ਦੀ ਚਿੰਤਾ ਲੱਗੀ ਹੋਈ ਹੈ। ਇਸ ਕਰਕੇ ਅੱਜ ਤਕਨੌਲੋਜੀ ਅਤੇ ਖਾਸ ਕਰਕੇ ਇਸ ਦੀ ਨਵੀਂ ਬ੍ਰਾਂਚ ਏ.ਆਈ, ਯੂ.ਐਨ.ਓ. ਸਣੇ ਸਾਰੇ ਦੇਸ਼ਾਂ ਲਈ ਸਿਰ-ਦਰਦੀ ਬਣ ਗਈ ਹੈ। ਹਾਲਾਂਕਿ ਇਹ ਸਾਡੀ ਬਹੁ-ਪੱਖੀ ਤਰੱਕੀ ਅਤੇ ਅਥਾਹ ਖੁਸ਼ਹਾਲੀ ਦਾ ਵੱਡਾ ਅਧਾਰ ਰਹੀ ਹੈ ਅਤੇ ਅੱਜ ਵੀ ਇਸ ਨੂੰ ਲਗਾਤਾਰ ਕਾਇਮ ਰੱਖ ਰਹੀ ਹੈ। ਇਹ ਸਿਰ-ਦਰਦੀ ਇਸ ਕਰਕੇ ਨਹੀਂ ਬਣੀ ਕਿ ਇਸ ਦਾ ਕੋਈ ਲਾਭ ਨਹੀਂ ਰਿਹਾ। ਬਲਕਿ ਇਸ ਕਰਕੇ ਬਣੀ ਹੈ ਕਿ ਹੁਣ ਇਹ ਸੰਸਾਰ ਦੇ ਸ਼ਾਤਿਰ ਧੜਿਆਂ ਵਲੋਂ ਬਾਕੀ ਇਨਸਾਨਾਂ ਦੇ ਸਰੀਰਾਂ ਅਤੇ ਮਨਾਂ 'ਤੇ ਕਬਜ਼ਾ ਕਰਨ ਦਾ ਮਾਧਿਅਮ ਬਣ ਚੁੱਕੀ ਹੈ। ਅੱਜ ਸੰਸਾਰ ਦੇ ਦਸ ਸਭ ਤੋਂ ਵੱਧ ਅਮੀਰ ਖਰਬ-ਪਤੀਆਂ 'ਚੋਂ ਸੱਤ ਤਕਨੌਲੋਜੀ ਨਾਲ਼ ਜੁੜੇ ਹੋਏ ਹਨ ਅਤੇ ਅਮਰੀਕਾ ਦੀ ਰਾਜਧਾਨੀ 'ਚ ਇਨ੍ਹਾਂ ਦੀ ਲੌਬੀ ਦੂਜੇ ਨੰਬਰ ਦੀ ਸਭ ਤੋਂ ਤਾਕਤਵਰ ਲੌਬੀ ਹੈ। ਇਸ ਦਾ ਅਰਥ ਇਹ ਨਹੀਂ ਕਿ ਇਹ ਕਿਸੇ ਹੋਰ ਖੇਤਰ ਨਾਲ਼ੋਂ ਵੱਧ ਉਪਜ ਕਰ ਰਹੀ ਹੈ ਜਾਂ ਇਸ ਵਲੋਂ ਬਣਾਈਆਂ ਵਸਤਾਂ ਹੋਰਾਂ ਦੀਆਂ ਵਸਤੂਆਂ ਤੋਂ ਵੱਧ ਲਾਭਦਾਇਕ ਹਨ। ਇਸ ਦੇ ਉਲਟ ਇਹ ਆਪਣੇ ਲਾਭ-ਹਿਤ, ਬੇ-ਲੋੜੀਆਂ ਅਤੇ 'ਲਗਜ਼ਰੀ' ਵਸਤੂਆਂ ਨਾਲ਼ ਮਾਰਕੀਟਾਂ ਨੂੰ ਭਰ ਰਹੀ ਹੈ, ਕਿਉਂਕਿ ਇਨ੍ਹਾਂ ਨੂੰ ਬਣਾਉਣ ਅਤੇ ਜ਼ਰੂਰਤ ਵਾਲ਼ੀਆਂ ਵਸਤੂਆਂ ਬਣਾਉਣ 'ਚ ਲਾਗਤ ਦਾ ਬਹੁਤਾ ਫਰਕ ਨਹੀਂ ਹੁੰਦਾ। ਨਾ ਹੀ ਇਸ ਦੇ ਇਜ਼ਾਰੇਦਾਰਾਂ ਨੂੰ ਕੋਈ ਵਸਤੂ ਬਣਾਉਣ ਲਈ ਕਿਸੇ ਤੋਂ ਇਜਾਜ਼ਤ ਲੈਣ ਦੀ ਲੋੜ ਹੈ। ਕਿੰਨੀ ਅਜੀਬ ਗੱਲ ਹੈ ਕਿ ਆਪਣੇ ਭਾਰਤ ਦੇਸ਼ 'ਚ ਭਾਵੇਂ ਅਜੇ ਨਹੀਂ, ਪਰ ਵਿਕਸਿਤ ਦੇਸ਼ਾਂ 'ਚ ਸਰਕਾਰ ਕਿਸਾਨਾਂ ਨੂੰ ਦਸਦੀ ਹੈ ਕਿ ਓਹ ਆਪਣੇ ਖੇਤਾਂ 'ਚ ਕੀ ਬੀਜਣ। ਜੇ ਓਹ ਸਰਕਾਰੀ ਹੁਕਮ ਨਾ ਮੰਨਣ ਤਾਂ ਸਰਕਾਰ ਉਨ੍ਹਾਂ ਦੀ ਫਸਲ ਦੀ ਖਰੀਦ ਨਹੀਂ ਕਰਦੀ। ਇਸ ਲਈ ਕਿਸਾਨਾਂ ਨੂੰ ਹਰ ਸਾਲ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਦਲਵੀਂਆਂ ਫਸਲਾਂ ਬੀਜਣੀਆਂ ਪੈਂਦੀਆਂ ਹਨ। ਪਰ ਤਕਨੌਲੋਜੀ ਖਾਸ ਕਰ ਕੇ ਏ.ਆਈ ਦੇ ਇਜ਼ਾਰੇਦਾਰ, ਟੌਅਰ ਨਾਲ਼ ਐਲਾਨ ਕਰ ਦਿੰਦੇ ਹਨ ਕਿ ਆਉਣ ਵਾਲ਼ੀ ਫਲਾਣੀ ਤਰੀਕ ਨੂੰ ਅਸੀਂ ਇਹ ਨਵੀਂ ਕਾਢ ਮਾਰਕੀਟ 'ਚ ਲਿਆ ਰਹੇ ਹਾਂ। ਉਲਟਾ ਸਰਕਾਰਾਂ ਨੂੰ ਭੱਜ-ਨੱਠ ਲੱਗ ਜਾਂਦੀ ਹੈ ਕਿ ਅਸੀਂ ਕੀ ਕਰੀਏ? ਇਹ ਸਚਾਈ ਯੂ.ਐਨ.ਓ. ਦੇ ਮਾਣ-ਯੋਗ ਸਕੱਤਰ ਜਨਰਲ ਐਂਟੋਨੀਓ ਗੁਟੇਰੇਜ਼ ਦੇ ਇਸ ਤਾਜ਼ਾ ਬਿਆਨ (19 ਸਤੰਬਰ, 2024 ਦੇ) ਤੋਂ ਪ੍ਰਤੱਖ ਹੈ, ਕਿ: "ਇਹ ਗੱਲ ਪਹਿਲਾਂ ਹੀ ਸਪਸ਼ਟ ਹੋ ਚੁੱਕੀ ਹੈ ਕਿ ਏ.ਆਈ ਨਾਲ਼ ਮਨੁੱਖੀ ਅਧਿਕਾਰਾਂ ਸਣੇ ਹੋਰ ਖੇਤਰਾਂ ਲਈ, ਕਈ ਪਰਕਾਰ ਦੇ ਫ਼ੌਰੀ ਅਤੇ ਦੂਰ-ਰਸ ਬੁਰੇ ਅਸਰ ਜੁੜੇ ਹੋਏ ਹਨ। ਇਸ ਸਬੰਧ 'ਚ ਗੰਭੀਰ ਚਿੰਤਾਵਾਂ ਇਹ ਹਨ ਕਿ ਇਸ ਦੀ ਸ਼ਕਤੀ ਸਿਮਟ ਕੇ ਕੁਛ ਦੇਸ਼ਾਂ ਅਤੇ ਕੰਪਨੀਆਂ ਦੇ ਹੱਥਾਂ 'ਚ ਇਕੱਠੀ ਹੋ ਗਈ ਹੈ।" ਏ.ਆਈ ਨਾਲ਼ ਜੁੜੇ ਖ਼ਤਰਿਆਂ ਬਾਰੇ ਇਹ ਉਨ੍ਹਾਂ ਦਾ ਕੋਈ ਪਹਿਲਾ ਬਿਆਨ ਨਹੀਂ। ਕਈ ਵਾਰ ਪਹਿਲਾਂ ਵੀ ਓਹ ਇਸ ਤੋਂ ਵੀ ਸਖ਼ਤ ਬਿਆਨ ਦੇ-ਦੇ ਕੇ ਸੰਸਾਰ ਨੂੰ ਇਸ ਵਿਸ਼ੇ 'ਤੇ ਖ਼ਬਰਦਾਰ ਕਰਦੇ ਰਹੇ ਹਨ। ਕਈ ਵਾਰ ਤਾਂ ਉਨ੍ਹਾਂ ਦੇ ਬਿਆਨਾਂ ਤੋਂ ਇਸ ਤਰ੍ਹਾਂ ਲਗਦਾ ਹੈ ਕਿ ਓਹ ਬਹੁਤ ਹੀ ਮਜਬੂਰ ਅਤੇ ਦੁਖੀ ਹੋ ਕੇ ਬੋਲ ਰਹੇ ਹਨ। ਆਪਾਂ ਜਾਣਦੇ ਹਾਂ ਕਿ ਸਮੁੱਚੇ ਸੰਸਾਰ ਦੀਆਂ ਹੋਰ ਅਨੇਕਾਂ ਸਮੱਸਿਆਵਾਂ, ਉਨ੍ਹਾਂ ਦੀਆਂ ਚਿੰਤਾਵਾਂ ਅਤੇ ਦਰਦਾਂ ਦਾ ਕਾਰਨ ਬਣੀਆਂ ਹੋਈਆਂ ਹਨ। ਜਿਵੇਂ ਕਿ: ਚੱਲ ਰਹੇ ਯੁੱਧ, ਵਾਤਾਵਰਨ ਪਰਿਵਰਤਨ, ਮਾਰੂ ਹਥਿਆਰਾਂ ਦੀ ਦੌੜ, ਸ਼ਰਣਾਰਥੀਆਂ ਦੇ ਦੁੱਖ, ਅੱਤ-ਵਾਦ, ਨਾ-ਬਰਾਬਰੀ, ਭੁੱਖਮਰੀਆਂ ਅਤੇ ਕੁਦਰਤੀ ਆਫਤਾਂ ਆਦਿ। ਏ.ਆਈ ਬਾਰੇ ਉਨ੍ਹਾਂ ਦੀ ਦਰਦਮਈ ਬਿਆਨ-ਬਾਜ਼ੀ ਇਹ ਸਾਬਿਤ ਕਰਦੀ ਹੈ ਕਿ ਇਹ ਸਮੱਸਿਆ ਵੀ ਹੋਰ ਵੱਡੀਆਂ ਸਮੱਸਿਆਵਾਂ ਜਿੰਨੀ ਹੀ ਗੰਭੀਰ ਬਣ ਚੁੱਕੀ ਹੈ। ਹੋਰ ਸਮੱਸਿਆਵਾਂ ਦਹਾਕਿਆਂ ਤੋਂ ਚਲੀਆਂ ਆ ਰਹੀਆਂ ਹਨ ਜਦ ਕਿ ਏ.ਆਈ ਦੀ ਸਮੱਸਿਆ ਨਵੀਂ ਅਤੇ ਬਹੁਤ ਤੇਜ਼ੀ ਨਾਲ ਉੱਭਰ ਰਹੀ ਹੈ। ਸਕੱਤਰ ਜਨਰਲ ਸਾਹਿਬ ਦੇ ਉਪਰੋਕਤ ਬਿਆਨ ਦਾ ਕਾਰਨ ਡੇਢ ਕੁ ਸਾਲ ਪਹਿਲਾਂ (ਮਾਰਚ, 2023) ਨਿਕਲ਼ੀ ਏ.ਆਈ ਦੀ ਇੱਕ ਉੱਪ-ਕਾਢ (ਚੈਟ-ਜੀਪੀਟੀ) ਹੈ, ਜਿਸ ਨੇ ਸੰਸਾਰ 'ਚ ਤਰਥੱਲੀ ਮਚਾ ਦਿੱਤੀ ਸੀ ਅਤੇ ਇਸ ਦੇ ਹਾਮੀਆਂ ਨੂੰ ਵੀ ਚਿੰਤਾ 'ਚ ਪਾ ਦਿੱਤਾ ਸੀ। ਇਲੋਂਨ ਮਸ੍ਹਕ ਸਣੇ ਸੰਸਾਰ ਭਰ ਦੇ ਵੀਹ ਹਜ਼ਾਰ ਤੋਂ ਵੱਧ ਮਾਹਿਰਾਂ, ਸਾਇੰਸਦਾਨਾਂ ਅਤੇ ਫ਼ਿਲਾਸਫ਼ਰਾਂ ਨੇ ਇੱਕ ਖੁੱਲ੍ਹਾ ਪੱਤਰ ਲਿਖ ਕੇ ਇਸ ਤਰ੍ਹਾਂ ਦੀਆਂ ਕਾਢਾਂ ਤੇ ਕੁਛ ਸਮੇਂ ਲਈ ਰੋਕ ਲਾਉਣ ਦੀ ਅਪੀਲ ਕੀਤੀ ਸੀ। ਉਨ੍ਹਾਂ ਨੇ ਇਸ ਤਰ੍ਹਾਂ ਦੀਆਂ ਕਾਢਾਂ ਨੂੰ ਕਾਬੂ ਤੋਂ ਬਾਹਰ ਹੋ ਰਹੀ ਤਕਨੌਲੋਜੀ ਦਾ ਪ੍ਰਤੀਕ ਗਰਦਾਨਿਆ ਸੀ। ਯੂ.ਐੱਨ.ਓ. ਸਣੇ ਸੰਸਾਰ ਦੇ ਸਾਰੇ ਦੇਸ਼ਾਂ ਨੇ ਇਸ ਦੇ ਸੰਭਾਵੀ ਖ਼ਤਰਿਆਂ ਬਾਰੇ ਫ਼ੌਰੀ ਤੌਰ 'ਤੇ ਗੰਭੀਰਤਾ ਨਾਲ਼ ਵਿਚਾਰ-ਵਟਾਂਦਰੇ ਕੀਤੇ ਸਨ ਅਤੇ ਸਕੱਤਰ ਜਨਰਲ ਸਾਹਿਬ ਨੇ ਇੱਕ ਉੱਚ-ਪਧਰੀ ਕਮੇਟੀ ਦਾ ਗਠਨ ਕੀਤਾ ਸੀ, ਜਿਸ ਦੀ ਰਿਪੋਰਟ ਹੁਣੇ ਹੀ (19 ਸਤੰਬਰ, 2024 ਨੂੰ) ਆਈ ਹੈ। ਇਸ ਦਾ ਸਿਰਲੇਖ "ਮਨੁੱਖਤਾ ਦੀ ਭਲਾਈ ਲਈ ਏ.ਆਈ 'ਤੇ ਨਿਯੰਤਰਣਪ੍ਰਬੰਧ" ("ਗਵਰਨਿੰਗ ਏ.ਆਈ ਫਾਰ ਹਿਉਮੈਨਿਟੀ") ਹੈ ਇਸ ਦਾ ਉਦੇਸ਼ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਏ. ਆਈ ਦਾ ਵਿਕਾਸ ਅਤੇ ਇਸ ਦੀ ਵਰਤੋਂ ਇਸ ਢੰਗ ਨਾਲ਼ ਕੀਤੀ ਜਾ ਸਕੇ ਕਿ ਇਸ ਦਾ ਲਾਭ ਸਾਰੀ ਮਨੁੱਖਤਾ ਨੂੰ ਹੋਵੇ ਅਤੇ ਇਸ ਨੂੰ ਪ੍ਰਭਾਵਕਾਰੀ ਅਤੇ ਕੌਮਾਂਤਰੀ ਪੱਧਰ 'ਤੇ ਸਰਬ-ਸੰਮਤੀ ਨਾਲ਼ ਨਿਯੰਤਰਣ ਕੀਤਾ ਜਾ ਸਕੇ। ਇਸ ਰਿਪੋਰਟ ਦਾ ਮੁੱਖ ਥੀਮ ਵੀ ਉਪਰੋਕਤ ਵਿਚਾਰਧਾਰਾ ਨਾਲ਼ ਮੇਲ ਖਾਂਦਾ ਹੈ, ਕਿ: "ਭਾਵੇਂ ਅਸੀਂ ਭਵਿੱਖ 'ਚ ਏ.ਆਈ ਅਤੇ ਇਸ ਦੀ ਭੂਮਿਕਾ ਪ੍ਰਤੀ ਆਸਵੰਦ ਹਾਂ ਪਰ ਇਹ ਆਸ ਇਸ ਦੇ ਖ਼ਤਰਿਆਂ, ਮੌਜੂਦਾ ਢਾਂਚਿਆਂ ਦੀਆਂ ਕਮੀਆਂ ਅਤੇ ਸਾਡੀਆਂ ਪ੍ਰਾਥਮਿਕਤਾਵਾਂ ਉੱਪਰ ਨਿਰਭਰ ਕਰਦੀ ਹੈ। ਅਸੀਂ ਭਵਿੱਖ 'ਚ ਇਸ ਦੀ ਅਹਿਮ ਭੂਮਿਕਾ ਤੋਂ ਮੁਨਕਰ ਨਹੀਂ ਪਰ ਸਾਡਾ ਉਦੇਸ਼ ਇਹ ਹੈ ਕਿ ਇਸ ਦੇ ਲਾਭ ਸਮੁੱਚੀ ਮਨੁੱਖਤਾ ਨੂੰ ਪਹੁੰਚਣ ਅਤੇ ਅੱਜ ਦੇ ਲਾਭਾਂ ਦਾ ਆਉਣ ਵਾਲ਼ੀਆਂ ਪੀੜ੍ਹੀਆਂ 'ਤੇ ਕੋਈ ਮਾੜਾ ਅਸਰ ਨਾ ਪਵੇ, ਜਿਵੇਂ ਕਿ ਬਦ-ਕਿਸਮਤੀ ਨਾਲ਼ ਵਾਤਾਵਰਨ-ਪਰਿਵਰਤਨ ਨਾਲ਼ ਪੈਣ ਦਾ ਖ਼ਦਸ਼ਾ ਹੈ"। ਪਰ ਇਸ ਦੇ ਹਮਾਇਤੀ ਇਸ ਨੂੰ ਹੋਰ ਸਭ ਖੇਤਰਾਂ ਦੀ ਤਰੱਕੀ ਦਾ ਮੁੱਖ ਜ਼ਰੀਆ ਮੰਨਦੇ ਹਨ ਅਤੇ ਮੁੱਖ ਸਮੱਸਿਆਵਾਂ ਦੇ ਹੱਲ ਕਰਨ ਦਾ ਮਾਧਿਅਮ ਦੱਸਦੇ ਹਨ। ਜਿਵੇਂ ਕਿ: ਵਿਦਿਅਕ ਖੇਤਰ, ਖੇਤੀ-ਬਾੜੀ, ਸਿਹਤ ਸੇਵਾਵਾਂ, ਆਰਥਿਕ, ਵਾਤਾਵਰਨ ਪਰਿਵਰਤਨ, ਆਵਾਜਾਈ, ਸਾਇੰਸੀ ਖੋਜਾਂ, ਆਰਥਿਕ, ਜਨਰਲ ਸਰਵਸਿਜ਼ ਅਤੇ ਸੁਰੱਖਿਆ ਆਦਿ ਸਭ ਦਾ। ਇੱਥੋਂ ਤੱਕ ਦਾਅਵਾ ਕਰਦੇ ਹਨ ਕਿ ਇਹ ਸੰਸਾਰ ਦੀ ਲੱਗ-ਭੱਗ ਹਰ ਸਮੱਸਿਆ ਦਾ ਹੱਲ ਕਰ ਸਕੇਗੀ। ਏ.ਆਈ ਪ੍ਰਤੀ ਯਥਾਰਥੀ ਪਹੁੰਚ ਅਪਣਾਉਣ ਵਾਲ਼ਿਆਂ ਨੂੰ, ਗੈਰ-ਵਿਗਿਆਨਕ, 'ਡੂਮ ਸ਼ੇਅਰਜ਼' ਅਤੇ ਨਿਰਾਸ਼ਾ-ਵਾਦੀ ਹੋਣ ਦਾ ਫ਼ਤਵਾ ਦਿੰਦੇ ਹਨ। ਇਹ ਦਲੀਲਾਂ ਵੀ ਦਿੰਦੇ ਹਨ ਕਿ ਇਸ ਤਰ੍ਹਾਂ ਦੀ ਆਲੋਚਨਾ ਅਤੇ ਵਿਰੋਧਤਾ ਆਮ ਗੱਲ ਹੈ ਕਿਉਂਕਿ ਹਰ ਨਵੀਂ ਤਕਨੌਲੋਜੀ ਦੀ ਵਿਰੋਧਤਾ ਹੁੰਦੀ ਆਈ ਹੈ। ਇਹ ਦਲੀਲ ਦੇਣ ਵੇਲ਼ੇ ਓਹ ਇਹ ਗੱਲ ਲਕੋ ਕੇ ਰਖਦੇ ਹਨ ਕਿ ਹਰ ਸਮੇਂ ਦੀ ਤਕਨੌਲੋਜੀ ਦਾ ਬੇ-ਥਾਹ ਨਾਜਾਇਜ਼ ਲਾਭ ਇਜ਼ਾਰੇਦਾਰਾਂ ਨੂੰ ਹੀ ਹੋਇਆ ਹੈ, ਅਤੇ ਜਨ-ਸਧਾਰਨ ਤੱਕ ਇਸ ਦਾ ਲਾਭ ਉਸ ਵਕਤ ਹੀ ਪਹੁੰਚਿਆ ਹੈ ਜਦ ਇਸ ਦੀ ਵਿਰੋਧਤਾ ਅਤੇ ਭਰਪੂਰ ਆਲੋਚਨਾ ਹੋਈ। ਸੰਸਾਰ ਦੀ ਚੋਟੀ ਦੀ ਯੂਨੀਵਰਸਿਟੀ 'ਐੱਮ.ਆਈ.ਟੀ' ਦੇ ਦੋ ਪ੍ਰੋਫੈਸਰਾਂ ਵਲੋਂ 'ਪਾਵਰ ਐਂਡ ਪ੍ਰੋਗਰੈੱਸ' (2023) ਨਾਉਂ ਦੀ ਪ੍ਰਸਿੱਧ ਕਿਤਾਬ ਲਿਖੀ ਗਈ ਹੈ। ਇਸ ਦਾ ਥੀਮ 'ਤਕਨੌਲੋਜੀ ਅਤੇ ਖੁਸ਼ਹਾਲੀ ਲਈ ਸਾਡਾ ਇੱਕ ਹਜ਼ਾਰ ਸਾਲ ਦਾ ਸੰਘਰਸ਼' ਹੈ। ਉਨ੍ਹਾਂ ਨੇ ਤੱਤ ਕੱਢਿਆ ਹੈ ਕਿ ਸਾਇੰਸ ਅਤੇ ਤਕਨੌਲੋਜੀ ਦੀ ਹਰ ਮੁੱਖ ਕਾਢ ਨੇ ਸਮਾਜ 'ਚ ਨਾ-ਬਰਾਬਰੀ ਨੂੰ ਵਧਾਇਆ ਹੈ...। ਇਨ੍ਹਾਂ ਦੇ ਲਾਭਾਂ ਦੀ ਜਨਸਧਾਰਨ ਤੱਕ ਰਸਾਈ ਇਨ੍ਹਾਂ ਦੇ ਕਾਢੂਆਂ ਅਤੇ ਖੋਜੀਆਂ ਦੀ ਬਜਾਇ ਸਮਾਜ-ਸੁਧਾਰਕਾਂ, ਫਿਲਾਸਫਰਾਂ, ਲੇਖਕਾਂ ਅਤੇ ਸੁਹਿਰਦ ਰਾਜਨੀਤੀਵਾਨਾਂ ਨੇ ਕਰਵਾਈ ਹੈ। ਅਤੇ ਜਾਂ ਕਾਮਿਆਂ ਦੀਆਂ ਯੂਨੀਅਨਾਂ ਨੇ ਖੁਦ ਸੰਘਰਸ਼ ਕਰ ਕੇ ਪ੍ਰਾਪਤ ਕੀਤੀ ਹੈ, ਜਿਨ੍ਹਾਂ ਨੂੰ ਅੱਜ ਲੱਗ-ਭੱਗ ਖਤਮ ਹੀ ਕਰ ਦਿੱਤਾ ਗਿਆ ਹੈ। ਅੱਜ ਦੀ ਤ੍ਰਾਸਦੀ ਵੀ ਇਹ ਹੈ ਕਿ ਇਸ ਖੇਤਰ 'ਤੇ ਕਾਬਜ਼ ਇਜ਼ਾਰੇਦਾਰਾਂ ਨੇ ਸਾਨੂੰ ਭੁਲੇਖਿਆਂ 'ਚ ਪਾ ਰੱਖਿਆ ਹੈ ਜਿਨ੍ਹਾਂ ਓਹਲੇ ਓਹ ਬੇ-ਲੋੜੀਆਂ ਅਤੇ ਮਨੁੱਖੀ ਕਦਰਾਂ-ਕੀਮਤਾਂ ਤੋਂ ਸੱਖਣੀਆਂ ਕਾਢਾਂ ਤਾਂ ਕਢਦੇ ਹੀ ਹਨ ਅਤੇ ਨਾਲ਼ ਧਰਤੀ ਦੇ ਵਡਮੁੱਲੇ ਕੁਦਰਤੀ ਸਾਧਨਾਂ ਨੂੰ ਵੀ ਬਰਬਾਦ ਕਰ ਰਹੇ ਹਨ। ਕਿਤਾਬ 'ਚ ਇਨ੍ਹਾਂ ਦੀ ਤੁਲਨਾ ਉਦਯੋਗਿਕ ਕ੍ਰਾਂਤੀ ਦੇ ਵੇਲ਼ਿਆਂ ਦੇ 'ਰੌਬਰ-ਬੈਰਨਜ' ਕੀਤੀ ਗਈ ਹੈ।

ਨਾ-ਬਰਾਬਰੀ ਅਤੇ ਸਮਾਜਿਕ ਬੇ-ਚੈਨੀ ਵਧਾਉਣ ਦੇ ਨਾਲ਼ਨਾਲ਼ ਇਸ ਨੇ ਹੋਰ ਹਰ ਖੇਤਰ ਦੀਆਂ ਖੋਜਾਂ ਅਤੇ ਕਾਢਾਂ 'ਚ ਖੜੋਤ ਪੈਦਾ ਕਰ ਦਿੱਤੀ ਹੈ ਅਤੇ ਮਨੁੱਖ ਨੂੰ ਅਸਲੀਅਤ ਤੋਂ ਬਹੁਤ ਦੂਰ ਕਰ ਦਿੱਤਾ ਹੈ। ਅੱਜ ਤਕਨੌਲੋਜੀਆਂ ਦਾ ਹਾਲ ਵੀ ਧਰਮਾਂ ਵਰਗਾ ਹੋ ਗਿਆ ਹੈ ਅਤੇ ਇਨ੍ਹਾਂ ਦੋਹਾਂ ਨੂੰ ਲੋਟੂ ਟੋਲਿਆਂ ਨੇ ਅਪਹਰਣ ਕਰ ਲਿਆ ਹੈ। ਕੋਈ ਵੀ ਸਿਆਣਾ ਬੰਦਾ ਨਾ ਧਰਮ ਦੀ ਨਿਖੇਧੀ ਕਰਦਾ ਹੈ ਅਤੇ ਨਾ ਹੀ ਸਾਇੰਸ ਅਤੇ ਤਕਨੌਲੋਜੀ ਦੀ। ਉਹ ਨਿਖੇਧੀ ਕਰਦਾ ਹੈ ਇਨ੍ਹਾਂ 'ਤੇ ਕਾਬਜ਼ ਹੋਏ ਅਖੌਤੀ ਧਾਰਮਿਕ ਆਗੂਆਂ ਦੀ ਅਤੇ ਇਜ਼ਾਰੇਦਾਰਾਂ ਦੀ। ਜਦ ਕੋਈ ਉਨ੍ਹਾਂ ਦੀ ਵਿਰੋਧਤਾ ਹੁੰਦੀ ਹੈ ਤਾਂ ਅਖੌਤੀ ਧਾਰਮਿਕ ਆਗੂ ਉਸ ਨੂੰ ਧਰਮ ਜਾਂ ਕਿਸੇ ਸਤਿਕਾਰਤ ਮਹਾਂਪੁਰਖ ਦਾ ਵਿਰੋਧ ਗਰਦਾਨ ਦਿੰਦੇ ਹਨ ਅਤੇ ਸੱਚ ਬੋਲਣ ਵਾਲ਼ੇ ਦਾ ਜਿਉਣਾ ਔਖਾ ਕਰ ਦਿੰਦੇ ਹਨ। ਇਸ ਤਰ੍ਹਾਂ ਦਾ ਹੀ ਵਰਤਾਰਾ ਅੱਜ ਸਾਇੰਸ ਅਤੇ ਤਕਨੌਲੋਜੀ ਦੇ ਖੇਤਰ 'ਚ ਵਰਤ ਰਿਹਾ ਹੈ। ਸਾਡੇ ਲਈ ਜ਼ਰੂਰੀ ਹੈ ਕਿ ਜਿਵੇਂ ਸਾਨੂੰ ਕਿਸੇ ਧਰਮ 'ਤੇ ਅੰਧ-ਵਿਸ਼ਵਾਸ ਨਹੀਂ ਕਰਨਾ ਚਾਹੀਦਾ ਓਸੇ ਤਰ੍ਹਾਂ ਅੱਜ ਦੀ ਤਕਨੌਲੋਜੀ 'ਤੇ ਵੀ ਨਹੀਂ ਕਰਨਾ ਚਾਹੀਦਾ। ਇਸ ਸਮੱਸਿਆ ਬਾਰੇ ਸੰਖੇਪ ਵਿਚਾਰ ਕਰ ਕੇ ਅਸੀਂ ਆਪਣੇ ਯੁਗ ਦੀ ਮੁੱਖ ਵਿਸ਼ੇਸ਼ਤਾ ਦੇ ਸਾਡੇ 'ਤੇ ਪੈ ਰਹੇ ਪ੍ਰਭਾਵਾਂ ਬਾਰੇ ਜਾਣ ਸਕਦੇ ਹਾਂ, ਭਾਵੇਂ ਇਸ ਨਾਲ਼ ਅਸੀਂ ਇਸ ਦਾ ਹੱਲ ਨਹੀਂ ਲੱਭ ਸਕਦੇ ਪਰ ਇਸ ਬਾਰੇ ਜਾਗਰੂਕ ਹੋ ਕੇ ਅਸੀਂ ਉਨ੍ਹਾਂ ਸੁਹਿਰਦ ਸੁਧਾਰਕਾਂ, ਵਿਸਲ-ਬਲੋਅਰਾਂ ਅਤੇ ਰਾਜਨੀਤੀਵਾਨਾਂ ਦੇ ਹੱਥ ਮਜ਼ਬੂਤ ਕਰ ਸਕਦੇ ਹਾਂ ਜੋ ਇਨ੍ਹਾਂ ਇਜ਼ਾਰੇਦਾਰਾਂ ਨਾਲ਼ ਆਢਾ ਲਾ ਰਹੇ ਹਨ। ਦੂਸਰਾ ਵਿਹਾਰਕ ਲਾਭ ਇਹ ਹੈ ਕਿ ਅਸੀਂ ਵਿਅਕਤੀਗਤ ਅਤੇ ਪਰਵਾਰਿਕ ਤੌਰ 'ਤੇ ਸੁਚੇਤ ਹੋ ਜਾਂਦੇ ਹਾਂ ਕਿ ਅਸੀਂ ਇਸ ਦੇ ਮੰਦੇ ਪ੍ਰਭਾਵਾਂ ਤੋਂ ਬਚਣ ਲਈ ਉਪਰਾਲੇ ਕਰਦੇ ਹਾਂ। ਪਰ ਜਿਵੇਂ ਪਹਿਲਾਂ ਵਿਚਾਰਿਆ ਹੈ, ਇਸ ਦੇ ਚੰਗੇ ਪ੍ਰਭਾਵਾਂ ਨੂੰ ਕਬੂਲਣਾ ਅਤੇ ਮੰਦਿਆਂ ਤੋਂ ਬਚਣਾ ਸਿਆਣਪ ਹੈ, ਕਲਾ ਹੈ/ ਹੁਨਰ ਹੈ ਅਤੇ ਵਿਅਕਤੀਗਤ ਫਰਜ਼ ਹੈ। ਸਿਆਣਪ ਅਤੇ ਕਲਾ ਹਰ ਇੱਕ ਨੂੰ ਆਪਣੇ ਨਿਜੀ ਅਭਿਆਸ ਰਾਹੀਂ ਸਿੱਖਣੀਆਂ ਪੈਂਦੀਆਂ ਹਨ, ਨਿਜੀ ਤੌਰ 'ਤੇ ਗ੍ਰਹਿਣ ਕਰਨੀਆਂ ਪੈਂਦੀਆਂ ਹਨ। ਇਹ ਨਾ ਕਿਸੇ ਹੋਰ ਤੋਂ ਲਈਆਂ ਜਾਂ ਖਰੀਦੀਆਂ ਜਾ ਸਕਦੀਆਂ ਅਤੇ ਨਾ ਹੀ ਇਨ੍ਹਾਂ ਦੀ ਆਊਟ-ਸੋਰਸਿੰਗ ਹੋ ਸਕਦੀ ਹੈ। ਇਸੇ ਤਰ੍ਹਾਂ ਕੋਈ ਬਾਹਰਲੀ ਤਕਨੌਲੋਜੀ ਵੀ ਸਾਡੀ ਮਦਦਗਾਰ ਨਹੀਂ ਹੋ ਸਕਦੀ। ਸਾਈਕਲ ਚਲਾਉਣਾ, ਤਰਨਾ, ਸਰੀਰਕ ਕਸਰਤ ਅਤੇ ਦੁਨਿਆਵੀ ਵਿੱਦਿਆ ਇਸ ਦੀਆਂ ਸਰਲ ਉਦਾਹਰਣਾਂ ਹਨ ਅਤੇ ਆਪਾ-ਸੁਧਾਰ, ਆਤਮ-ਵਿਕਾਸ, ਆਪਾਪਛਾਣ ਅਤੇ ਸਹੀ ਪਰਮਾਰਥ ਦੀ ਕਮਾਈ ਵੱਡੀਆਂ ਹਨ। ਇਹ ਵਿਅਕਤੀਗਤ ਜਾਂ ਖ਼ੁਦੀ ਦਾ ਖੇਤਰ ਹੈ ਅਤੇ ਬਹੁਤ ਵਿਸ਼ਾਲ ਹੈ। ਪੜ੍ਹਨਾ, ਸੁਣਨਾ ਆਦਿ ਇਸ ਤਰ੍ਹਾਂ ਦੀ ਸਿਆਣਪ ਗ੍ਰਹਿਣ ਕਰਨ ਜਾਂ ਕਲਾ 'ਚ ਨਿਪੁੰਨ ਹੋਣ ਲਈ ਮਦਦਗਾਰ ਅਤੇ ਜ਼ਰੂਰੀ ਤਾਂ ਹਨ ਪਰ ਇਨ੍ਹਾਂ ਨਾਲ਼ ਸਰਦਾ ਨਹੀਂ। ਇਸ ਲਈ ਮਿਹਨਤ ਕਰ ਕੇ ਇਹ ਕਰਨਾ ਜ਼ਰੂਰੀ ਹੈ ਤਾਂ ਕਿ ਅਸੀਂ ਅੱਜ ਦੀ ਬੇ-ਲਗਾਮ ਤਕਨੌਲੋਜੀ ਦੇ ਭਰਮਾਊ, ਉਕਸਾਊ, ਭੜਕਾਊ ਅਤੇ ਭਟਕਾਊ ਮਕੜ-ਜਾਲ਼ਾਂ ਤੋਂ ਬਚ ਸਕੀਏ।

# ਜੱਸਾ ਸਿੰਘ ਆਹਲੂਵਾਲੀਆ

## ਇਕ ਅਦੁੱਤੀ ਸਖਸ਼ੀਅਤ

ਮਹਿੰਦਰ ਸਿੰਘ ਵਾਲੀਆ





ਸਿੱਖ ਇਤਿਹਾਸ ਦੇ ਮਹਾਨ ਨਾਇਕ ਸਰਦਾਰ ਜੱਸਾ ਸਿੰਘ ਜੀ ਦਾ ਜਨਮ 3 ਮਈ 1718 ਈ: ਨੂੰ ਸਰਦਾਰ ਬੱਦਰ ਸਿੰਘ ਜੀ ਦੇ ਘਰ ਪਿੰਡ ਆਹਲੂ, ਜ਼ਿਲ੍ਹਾ ਲਾਹੌਰ ਵਿਖੇ ਹੋਇਆ। ਸ. ਜੱਸਾ ਸਿੰਘ ਅਜੇ ਚਾਰ ਕੁ ਸਾਲ ਦੇ ਹੀ ਸਨ, ਜਦੋਂ ਇਨ੍ਹਾਂ ਦੇ ਪਿਤਾ ਅਕਾਲ ਚਲਾਣਾ ਕਰ ਗਏ। ਸ. ਜੱਸਾ ਸਿੰਘ ਦੇ ਮਾਤਾ ਜੀ ਇਨ੍ਹਾਂ ਨੂੰ ਮਾਤਾ ਸੁੰਦਰੀ ਜੀ ਕੋਲ ਦਿੱਲੀ ਲੈ ਗਏ। ਇਨ੍ਹਾਂ ਦੇ ਰਸ ਭਿੰਨੇ ਕੀਰਤਨ ਅਤੇ ਸੇਵਾ ਤੋਂ ਪ੍ਰਭਾਵਿਤ ਹੋ ਕੇ ਮਾਤਾ ਸੁੰਦਰੀ ਜੀ ਨੇ ਸ. ਜੱਸਾ ਸਿੰਘ ਨੂੰ ਆਪਣੇ ਪਾਸ ਹੀ ਰੱਖ ਲਿਆ। ਸ. ਜੱਸਾ ਸਿੰਘ ਲਗਭਗ ਸੱਤ ਸਾਲ ਦਿੱਲੀ ਰਹੇ। ਉਥੇ ਆਪ ਨੇ ਪੜ੍ਹਾਈ-ਲਿਖਾਈ, ਫਰਸੀ, ਗਣਿਤ ਅਤੇ ਧਾਰਮਿਕ ਸਿੱਖਿਆ ਪ੍ਰਾਪਤ ਕੀਤੀ। ਮਾਤਾ ਸੁੰਦਰੀ ਜੀ ਨੇ ਇਨ੍ਹਾਂ ਵਿਚ ਕੌਮ ਦਾ ਭਵਿੱਖ ਵੇਖਿਆ। ਉਸ ਤੋਂ ਬਾਅਦ ਸ. ਜੱਸਾ ਸਿੰਘ ਪੰਜਾਬ ਆ ਗਏ। ਆਪਣੇ ਮਾਤਾ ਸ. ਬਾਘ ਸਿੰਘ ਜੀ ਰਾਹੀਂ ਆਪ ਨਵਾਬ ਕਪੂਰ ਸਿੰਘ ਦੇ ਸੰਪਰਕ ਵਿਚ ਆ ਗਏ। ਨਵਾਬ ਉਸ ਸਮੇਂ ਪੰਥ ਦੀ ਮਹਾਨ ਸਖਸ਼ੀਅਤ ਸਨ। ਨਵਾਬ ਜੀ ਅਤਿ ਦਰਜੇ ਦੇ ਦਲੇਰ, ਸੂਰਬੀਰ ਅਤੇ ਕਹਿਣੀ ਤੇ ਕਰਨੀ ਦੇ ਪੱਕੇ ਸਨ।

ਨਵਾਬ ਕਪੂਰ ਸਿੰਘ ਨੇ ਤੱਕ ਲਿਆ ਸੀ ਕਿ ਸ. ਜੱਸਾ ਸਿੰਘ ਵਿੱਚ ਜਿੰਮੇਵਾਰੀ ਦਾ ਅਹਿਸਾਸ ਹੈ ਅਤੇ ਗੁਣਾਂ ਦੀ ਗੁੱਥਲੀ ਹਨ। ਨਵਾਬ ਕਪੂਰ ਸਿੰਘ ਜੀ ਨੇ ਸ੍ਰ. ਜੱਸਾ ਸਿੰਘ ਨੂੰ ਧਰਮ-ਪੁੱਤਰ ਬਣਾ ਲਿਆ ਅਤੇ ਘੋੜਸਵਾਰੀ, ਤੀਰ-ਅੰਦਾਜ਼ੀ, ਸ਼ਸ਼ਤਰ ਵਿਦਿਆ ਵਿੱਚ ਪਰਪੱਕ ਬਣਾ ਦਿੱਤਾ। ਸ. ਜੱਸਾ ਸਿੰਘ ਨੇ ਨਵਾਬ ਦਾ ਹੁਕਮ ਮੰਨਿਆ ਅਤੇ ਹਰ ਤਰ੍ਹਾਂ ਦੀ ਸੇਵਾ ਕੀਤੀ। ਫੇਰ ਆਪ ਨਵਾਬ ਨਾਲ ਲੜਾਈਆਂ ਵਿਚ ਵੀ ਜਾਣ ਲੱਗ ਪਏ। ਉਸ ਵੇਲੇ ਦੀ ਹਕੂਮਤ ਸਿੱਖਾਂ ਉਪਰ ਜ਼ੁਲਮ ਢਾਹ ਰਹੀ ਸੀ। ਕੌਮ ਵਿਚ ਜ਼ੁਲਮਾਂ ਦਾ ਬਦਲਾ ਲੈਣ ਦਾ ਬਹੁਤ ਰੋਹ ਸੀ। ਸਿੱਖਾਂ ਨੇ ਛੋਟੇ-ਛੋਟੇ ਜਥਿਆਂ ਵਿਚ ਗੁਰੀਲਾ ਰਣਨੀਤੀ ਦੁਆਰਾ ਬਦਲੇ ਲੈਣ ਦੀਆਂ ਮੁਹਿੰਮਾਂ ਸ਼ੁਰੂ ਕਰ ਦਿੱਤੀਆਂ। ਪ੍ਰੰਤੂ ਜਥਿਆਂ ਦਾ ਕੋਈ ਸਾਂਝਾ ਨੇਤਾ ਨਹੀਂ ਸੀ। 1733-34 ਈ: ਵਿਚ ਸਾਰੇ ਖਿੰਡੇ-ਪੁੰਡੇ ਜਥਿਆਂ ਨੇ ਇਕੱਠੇ ਹੋ ਕੇ ਸ੍ਰ. ਕਪੂਰ ਸਿੰਘ ਨੂੰ ਸਾਂਝਾ ਨੇਤਾ ਬਣਾ ਲਿਆ। ਪੰਜਾਬ ਵਿਚ ਰਾਜਨੀਤਕ ਪ੍ਰਸਥਿਤੀਆਂ ਬਦਲ ਰਹੀਆਂ ਹਨ। ਰਾਜਨੀਤੀ ਵਿਚ ਕੌਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਥਾਪਿਤ ਕਰਨ ਲਈ ਪਹਿਲਾਂ 1746 ਈ: ਵਿਚ ਅਤੇ ਫੇਰ 29 ਮਾਰਚ 1748 ਨੂੰ ਸਾਰੇ ਜਥਿਆਂ ਦੀ ਸਾਂਝੀ ਮੀਟਿੰਗ ਹੋਈ। ਉਸ ਸਮੇਂ ਸਿੱਖ 65 ਜਥਿਆਂ ਵਿੱਚ ਵੰਡੇ ਹੋਏ ਸਨ। 29 ਮਾਰਚ 1748 ਦੇ ਦਿਨ ਸਮੁੱਚੀ ਕੌਮ ਦੀਆਂ 11 ਮਿਸਲਾਂ ਬਣਾਈਆਂ ਗਈਆਂ। ਸ. ਜੱਸਾ ਸਿੰਘ ਆਹਲੂਵਾਲੀਆ ਮਿਸਲ ਦੇ ਮੁਖੀ ਅਤੇ ਨਾਲ ਹੀ ਸਾਰੀਆਂ ਮਿਸਲਾਂ ਦੇ ਨੇਤਾ ਬਣੇ। ਮਿਸਲਾਂ ਦੇ ਸਮੂਹ ਨੂੰ ਦਲ ਖਾਲਸਾ ਕਿਹਾ ਜਾਣ ਲੱਗਾ।

1746 ਦੇ ਸ਼ੁਰੂ ਵਿਚ ਸਿੱਖ ਜਥਿਆਂ ਅਤੇ ਸਰਕਾਰੀ ਫੌਜ ਦੀ ਝੜਪ ਹੋ ਗਈ। ਲਾਹੌਰ ਦੇ ਦੀਵਾਨ ਲਖਪਤ ਰਾਏ ਦਾ ਭਰਾ ਜਸਪਤ ਰਾਏ ਝੜਪ ਵਿੱਚ ਮਾਰਿਆ ਗਿਆ। ਲਖਪਤ ਰਾਏ ਨੇ ਬਦਲਾ ਲੈਣ ਲਈ ਲਹੌਰ ਵਿਚ ਕਾਹਨੂੰਵਾਲ ਵਿਚ ਘਿਰੇ ਹਜ਼ਾਰਾਂ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ। ਇਸ ਲੜਾਈ ਵਿਚ ਸ੍ਰ. ਕਪੂਰ ਸਿੰਘ ਅਤੇ ਸ. ਜੱਸਾ ਸਿੰਘ ਨੇ ਬਹੁਤ ਸੂਰਬੀਰਤਾ ਦਿਖਾਈ। ਇਸ ਕਤਲੇਆਮ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ।

1749 ਈ: ਵਿੱਚ ਦਲ ਖਾਲਸਾ ਨੇ ਦੀਵਾਨ ਕੌੜਾ ਮੱਲ ਨੂੰ ਮੁਲਤਾਨ ਦਾ ਸੂਬੇਦਾਰ ਬਣਨ ਵਿੱਚ ਫੌਜੀ ਸਹਾਇਤਾ ਕੀਤੀ। ਸ. ਜੱਸਾ ਸਿੰਘ ਆਹਲੂਵਾਲੀਆ ਨੇ ਇਸ ਸਹਾਇਤਾ ਦੇ ਬਦਲੇ ਦੀਵਾਨ ਕੌੜਾ ਮੱਲ ਤੋਂ ਗੁਰਦੁਆਰਾ ਬਾਲ ਲੀਲਾ, ਨਨਕਾਣਾ ਸਾਹਿਬ ਵਿਖੇ ਬਣਵਾਇਆ ਅਤੇ ਬਹੁਤ ਸਾਰੇ ਗੁਰਦੁਆਰਿਆਂ ਦੀ ਮੁਰੰਮਤ ਕਰਵਾਈ।
1761 ਈ: ਵਿੱਚ ਅਬਦਾਲੀ ਨੇ ਪਾਣੀਪਤ ਵਿਖੇ ਮਰਹੱਟਿਆਂ ਦਾ ਸਾਰਾ ਮਾਲ-ਧਨ ਅਤੇ 2200 ਔਰਤਾਂ ਨੂੰ ਬੰਦੀ ਬਣਾ ਕੇ ਆਪਣੇ ਨਾਲ ਲਿਜਾ ਰਿਹਾ ਸੀ। ਸ. ਜੱਸਾ ਸਿੰਘ ਆਹਲੂਵਾਲੀਆ ਨੇ ਦਲ ਖਾਲਸਾ ਦੀ ਅਗਵਾਈ ਅਜ਼ਾਦ ਕਰਵਾਇਆ ਅਤੇ ਘਰੋਂ-ਘਰੀ ਪਹੁੰਚਾਇਆ। ਇਸ ਕਰਕੇ ਲੋਕ ਇਨ੍ਹਾਂ ਨੂੰ ਬੰਦੀ ਛੋੜ ਆਖਣ ਲੱਗ ਪਏ। 1761 ਈ: ਵਿੱਚ ਦਲ ਖਾਲਸਾ ਨੇ ਲਾਹੌਰ ਸ਼ਹਿਰ ਉੱਤੇ ਘੇਰਾ ਪਾ ਲਿਆ। ਲਾਹੌਰ ਦਾ ਮੁਖੀ ਉਬੇਦ ਖਾਂ ਕਿਲ੍ਹੇ ਵਿਚਹੀ ਲੁਕਿਆ ਰਿਹਾ। ਦਲ ਖਾਲਸਾ ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ। ਇਹ ਦਲ ਖਾਲਸਾ ਦੀ ਪਹਿਲੀ ਇਤਿਹਾਸਕ ਜਿੱਤ ਸੀ। ਕੌਮ ਨੇ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ-ਉਲ-ਕੌਮ ਦੇ ਖਿਤਾਬ ਨਾਲ ਨਿਵਾਜਿਆ। ਲਹੌਰ ਦੀ ਜਿੱਤ ਦੀ ਖੁਸ਼ੀ ਵਿਚ ਨਵਾਂ ਸਿੱਕਾ ਜਾਰੀ ਕੀਤਾ ਗਿਆ, ਜਿਸ ਉਪਰ ਅੰਕਿਤ ਸੀ। 'ਦੇਗ ਤੇਗ ਫਤਿਹ ਨੁਸਰਤ ਬੇਦ ਰੰਗ ਯਾਫਤ ਅਜ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ।'

1762 ਈ: ਵਿਚ ਅਬਦਾਲੀ ਨੇ ਛੇਵਾਂ ਹਮਲਾ ਸਿਰਫ ਸਿੱਖਾਂ ਨੂੰ ਖਤਮ ਕਰਨ ਲਈ ਕੀਤਾ। ਮਲੇਰਕੋਟਲਾ ਨੇੜੇ ਕੁੱਪ ਅਸਥਾਨ ਕੋਲ ਦਲ ਖਾਲਸਾ ਅਤੇ ਅਬਦਾਲੀ ਦੀ ਫੌਜ ਵਿਚਕਾਰ ਘਸਮਾਨ ਯੁੱਧ ਹੋਇਆ। ਇਸ ਯੁੱਧ ਵਿੱਚ 25,000-30,000 ਸਿੱਖ ਸ਼ਹੀਦ ਹੋਏ। ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਛਾਤੀ ਉਪਰ 22 ਫਟ ਲੱਗੇ। ਇਸ ਕਤਲੇਆਮ ਨੂੰ ਵੱਡਾ ਘੱਲੂਘਾਰਾ ਕਹਿੰਦੇ ਹਨ। 1764 ਈ. ਨੂੰ ਦਲ ਖਾਲਸਾ ਨੇ ਸਰਹੰਦ ਉਪਰ ਹਮਲਾ ਕੀਤਾ। ਯੁੱਧ ਵਿੱਚ ਸਰਹੰਦ ਦਾ ਗਵਰਨਰ ਜ਼ਾਲਿਮ ਖਾਂ ਮਾਰਿਆ ਗਿਆ। ਸਰਹੰਦ ਦੀ ਲੁੱਟ ਵਿਚੋਂ ਸ. ਜੱਸਾ ਸਿੰਘ ਆਹਲੂਵਾਲੀਆ ਦੇ ਹਿੱਸੇ 9 ਲੱਖ ਰੁਪਏ ਆਏ, ਜੋ ਸਾਰੇ ਉਹਨਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਲਈ ਦੇ ਦਿੱਤੇ। ਛੋਟੇ ਸਾਹਿਬਜ਼ਾਦਿਆਂ ਦੀ ਮਿੱਠੀ ਯਾਦ ਵਿਚ ਗੁਰਦੁਆਰਾ ਫਹਿਤਗੜ੍ਹ ਸਾਹਿਬ ਬਣਵਾਇਆ।

1765-66 ਵਿੱਚ ਅਧੂਰੇ ਪਏ ਸ੍ਰੀ ਦਰਬਾਰ ਸਾਹਿਬ ਦੀ ਕਾਰ ਸੇਵਾ ਸ. ਜੱਸਾ ਸਿੰਘ ਆਹਲੂਵਾਲੀਆ ਦੀ ਦੇਖ-ਰੇਖ ਵਿਚ ਹੋਈ। ਅਬਦਾਲੀ ਅੰਮ੍ਰਿਤਸਰ ਦੀ ਮੁਹਿੰਮ ਸਮੇਂ ਸ੍ਰੀ ਦਰਬਾਰ ਸਾਹਿਬ ਨੂੰ ਤੋਪਾਂ ਨਾਲ ਉਡਾਉਣਾ ਚਾਹੁੰਦਾ ਸੀ। ਉਸ ਸਮੇਂ ਨੌਸ਼ਹਿਰਾ ਪੰਨੂਆ ਦੇ ਚੌਧਰੀ ਸਾਹਿਬ ਰਾਏ ਨੇ 3 ਲੱਖ ਰੁਪਏ ਦੇ ਕੇ ਅਬਦਾਲੀ ਤੋਂ ਸ੍ਰੀ ਦਰਬਾਰ ਸਾਹਿਬ ਗਹਿਣੇ ਕਰ ਲਿਆ ਅਤੇ ਇਹ ਫੈਸਲਾ ਹੋਇਆ ਕਿ ਜਿੰਨੀ ਦੇਰ ਦਲ ਖਾਲਸਾ 3 ਲੱਖ ਰੁਪਏ ਨਹੀਂ ਮੋੜਦਾ, ਉਤਨੀ ਦੇਰ ਸ੍ਰੀ ਦਰਬਾਰ ਸਾਹਿਬ ਦਾ ਚੜ੍ਹਾਵਾ ਚੌਧਰੀ ਦਾ ਹੋਵੇਗਾ। ਸ. ਜੱਸਾ ਸਿੰਘ ਆਹਲੂਵਾਲੀਆ ਨੇ ਚੌਧਰੀ ਦੀ ਰਕਮ ਉਤਾਰ ਕੇ ਸ੍ਰੀ ਦਰਬਾਰ ਸਾਹਿਬ ਸਿੱਖ ਕੌਮ ਦੇ ਹਵਾਲੇ ਕੀਤਾ।

1777 ਈ: ਨੂੰ ਸ. ਜੱਸਾ ਸਿੰਘ ਆਹਲੂਵਾਲੀਆ ਨੇ ਕਪੂਰਥਲੇ ਉਪਰ ਹਮਲਾ ਕਰਨ ਉਪਰੰਤ ਕਬਜ਼ਾ ਕਰ ਲਿਆ ਅਤੇ ਆਪਣੀ ਰਾਜਧਾਨੀ ਬਣਾਇਆ।

ਧੀਰ-ਮਲੀਏ ਪੰਥ ਵਿਚੋਂ ਛੇਕੇ ਹੋਏ ਸਨ। ਸ. ਗੁਲਾਬ ਸਿੰਘ ਸੋਢੀ ਦੀ ਬੇਨਤੀ ਉਪਰ ਦਲ ਖਾਲਸਾ ਦੀਆਂ ਸ਼ਰਤਾਂ ਅਨੁਸਾਰ ਧੀਰ ਮਲੀਏ ਮੁੜ ਸਿੱਖ ਜਗਤ ਦਾ ਅੰਗ ਬਣ ਗਏ। ਇਹ ਫੈਸਲਾ ਸ. ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ ਲਿਆ ਗਿਆ। ਫੂਲਕੀਆ ਮਿਸਲ ਜੋ ਦਲ ਖਾਲਸਾ ਵਿਚ ਸ਼ਾਮਲ ਨਹੀਂ ਹਮੇਸ਼ਾਂ ਹੀ ਦੂਹਰੀ ਨੀਤੀ ਉਪਰ ਰਹੀ। ਕਦੇ ਦਲ ਖਾਲਸਾ ਦਾ ਸਾਥ ਦਿੱਤਾ ਅਤੇ ਕਦੇ ਹਕੂਮਤ ਦਾ ਸਾਥ ਦਿੱਤਾ। ਦਲ ਖਾਲਸਾ ਕਈ ਫੇਰ ਫੂਲਕੀਆ ਮਿਸਲ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ, ਪ੍ਰੰਤੂ ਸ. ਜੱਸਾ ਸਿੰਘ ਆਹਲੂਵਾਲੀਆ ਨੇ ਦੂਰ ਅੰਦੇਸ਼ੀ ਨਾਲ ਆਪਸ ਵਿੱਚ ਲੜਾਈ ਨਹੀਂ ਹੋਣ ਦਿੱਤੀ। ਸਿੱਖ ਜਗਤ ਨੇ ਮਹਿਸੂਸ ਕੀਤਾ ਕਿ ਬਦਲੇ ਹਾਲਤਾਂ ਵਿੱਚ ਔਕੜ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਦਬ ਅਤੇ ਮਰਿਯਾਦਾ ਕਾਇਮ ਨਹੀਂ ਰੱਖੀ ਜਾ ਸਕਦੀ। ਦਲ ਖਾਲਸਾ ਨੇ ਫੈਸਲਾ ਕੀਤਾ ਕਿ ਔਕੜ ਸਮੇਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਜਲ ਪ੍ਰਵਾਹ ਕੀਤਾ ਜਾ ਸਕਦਾ ਹੈ। ਜਲ ਪ੍ਰਵਾਹ ਕਰਨ ਦੀ ਪਹਿਲੀ ਅਰਦਾਸ ਸ. ਜੱਸਾ ਸਿੰਘ ਆਹਲੂਵਾਲੀਆ ਨੇ ਕੀਤੀ। ਪੰਥ ਦੇ ਦੋ ਮਹਾਨ ਜਰਨੈਲ ਸ. ਜੱਸਾ ਸਿੰਘ ਆਹਲੂਵਾਲੀਆ ਅਤੇ ਸ. ਬਘੇਲ ਸਿੰਘ ਦੀ ਕਮਾਨ ਹੇਠ ਸਿੱਖਾਂ ਨੇ ਮਾਰਚ 1783 ਈ: ਵਿੱਚ ਦਿੱਲੀ ਪਹੁੰਚ ਕੇ ਛਾਉਣੀ ਪਾਈ। ਇਸ ਜਗ੍ਹਾ ਨੂੰ ਹੁਣ ਤੀਸ ਹਜ਼ਾਰੀ ਕੋਰਟ ਕਿਹਾ ਜਾਂਦਾ ਹੈ। ਉਸ ਸਮੇਂ ਦਿੱਲੀ ਵਿਚ ਸ਼ਾਹ ਆਲਮ ਦੂਜਾ ਹੁਕਮਰਾਨ ਸੀ। 11 ਮਾਰਚ 1783 ਨੂੰ ਲਾਲ ਕਿਲ੍ਹਾ ਉਪਰ ਕਬਜ਼ਾ ਕਰ ਲਿਆ ਗਿਆ। ਸ. ਬਘੇਲ ਸਿੰਘ ਨੇ ਲਾਲ ਕਿਲ੍ਹੇ ਉਪਰ ਕੇਸਰੀ ਨਿਸ਼ਾਨ ਲਹਿਰਾਇਆ ਅਤੇ ਦੀਵਾਨੇ-ਆਮ ਵਿਚ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਵਿਰੋਧਤਾ ਕਾਰਨ ਸ. ਜੱਸਾ ਸਿੰਘ ਆਹਲੂਵਾਲੀਆ ਨੇ ਤਖ਼ਤ ਛੱਡ ਦਿੱਤਾ, ਕਿਉਂਕਿ ਆਪ ਨਿੱਜ ਤੋਂ ਉਪਰ ਸਨ ਅਤੇ ਆਪਸੀ ਲੜਾਈ ਦੇ ਹੱਕ ਵਿਚ ਨਹੀਂ ਸਨ।

ਸ. ਜੱਸਾ ਸਿੰਘ ਆਹਲੂਵਾਲੀਆ ਨੇ ਆਪਣੀ ਅਖੀਰਲੀ ਉਮਰ ਵਿੱਚ ਮੁਹਿੰਮਾਂ ਵਿਚ ਜਾਣਾ ਘੱਟ ਕਰ ਦਿੱਤਾ। ਆਪਣੇ ਇਲਾਕੇ ਦਾ ਪ੍ਰਬੰਧ ਸ. ਭਾਗ ਸਿੰਘ ਦੇ ਸਪੁਰਦ ਕਰਕੇ ਜ਼ਿਆਦਾ ਸਮਾਂ ਸ੍ਰੀ ਦਰਬਾਰ ਸਾਹਿਬ ਵਿਚ ਗੁਜ਼ਾਰਦੇ। ਅੰਤ 20 ਅਕਤੂਬਰ 1783 ਨੂੰ ਅਕਾਲ ਚਲਾਣਾ ਕਰ ਗਏ। ਉਹਨਾਂ ਦਾ ਅੰਤਿਮ ਸਸਕਾਰ ਬਾਬਾ ਅਟੱਲ ਵਿਖੇ ਕੀਤਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਲਈ ਘੋਰ ਅੱਤਿਆਚਾਰ ਦਾ ਸਮਾਂ ਸੀ। ਸਿੱਖ ਨਗਰਾਂ ਨੂੰ ਛੱਡ ਕੇ ਜੰਗਲਾਂ ਅਤੇ ਮਾਰੂਥਲਾਂ ਵਿਚ ਰਹਿਣ ਲਈ ਮਜ਼ਬੂਰ ਹੋ ਗਏ। ਇਸ ਸਮੇਂ ਵਿਚ ਸਿੰਘਾਂ-ਸਿੰਘਣੀਆਂ ਨੇ ਸੀਸ ਦਿੱਤੇ, ਬੰਦ-ਬੰਦ ਕਟਵਾਏ, ਆਰਿਆਂ ਨਾਲ ਚੀਰੇ ਗਏ, ਚਰਖੜੀਆਂ ਉਪਰ ਚੜ੍ਹਾਏ ਗਏ ਅਤੇ ਸਿੱਖਾਂ ਦੇ ਸਿਰ ਦਾ ਮੁੱਲ ਪਿਆ। ਇਸ ਘੋਰ ਸਮੇਂ ਵਿਚ ਸ੍ਰ. ਜੱਸਾ ਸਿੰਘ ਆਹਲੂਵਾਲੀਆ ਸਭ ਤੋਂ ਮਹਾਨ ਨਾਇਕ ਹੋ ਕੇ ਉਭਰੇ। ਆਪ ਜੀ ਨੇ ਬਹਾਦਰੀ, ਨਿਡਰਤਾ, ਅਡੋਲਤਾ ਅਤੇ ਸਿੱਦਕ ਦਾ ਇਤਿਹਾਸ ਰਚਿਆ। ਆਪ ਜੀ ਨੇ ਆਪਣੇ ਆਪ ਨੂੰ ਖੱਬੀ ਖਾਂ ਅਖਵਾਉਣ ਵਾਲੇ ਨਾਦਰਸ਼ਾਹ, ਮੀਰ ਮਨੂੰ, ਜ਼ਕਰੀਆ ਖਾਨ, ਅਦੀਨ ਬੇਗ, ਸਲਾਬਤ ਖਾਂ ਵਰਗਿਆ ਦੇ ਦੰਦ ਖੱਟੈ ਕੀਤੇ। ਉਸ ਸਮੇਂ ਏਸ਼ੀਆ ਦਾ ਸਭ ਤੋਂ ਵੱਡਾ ਧਾੜਵੀ ਅਤੇ ਨਾਪਾਕ ਲੁਟੇਰਾ ਅਹਿਮਦ ਸ਼ਾਹ ਅਬਦਾਲੀ ਸੀ, ਜਿਸ ਨੇ ਭਾਰਤ ਉੱਤੇ ਦਸ ਹਮਲੇ ਕੀਤੇ, ਦਿੱਲੀ ਹਰਾਇਆ, ਮਰਾਠਾ ਸ਼ਕਤੀ ਦਾ ਵਿਨਾਸ਼ ਕੀਤਾ। ਕੌਮ ਦੇ ਸ਼ੇਰ ਸ. ਜੱਸਾ ਸਿੰਘ ਆਹਲੂਵਾਲੀਆ ਨੇ ਇਸ ਦਰਿੰਦੇ ਨੂੰ ਭਾਜੜਾਂ ਪਾਈਆਂ। ਆਪ ਜੀ ਨੇ 40 ਸਾਲ ਕੌਮ ਦੀ ਨਿੱਜ ਤੋਂ ਉਪਰ ਹੋ ਕੇ ਸੇਵਾ ਕੀਤੀ ਅਤੇ ਬਿਖੜੇ ਸਮੇਂ ਵਿਚ ਕੌਮ ਦੀ ਅਗਵਾਈ ਕੀਤੀ। ਆਪ ਜੀ ਦੀ ਤਲਵਾਰ ਨੇ ਦਿੱਲੀ ਝੁਕਾਈ, ਕਾਬਲ ਨਿਵਾਇਆ ਅਤੇ ਪੰਜਾਬ ਦਾ ਰਾਜ ਪੰਜਾਬ ਦੇ ਵਾਰਸਾਂ ਦੇ ਸਪੁਰਦ ਕੀਤਾ। ਸਿੱਖ ਮਿਸਲਾਂ ਨੇ ਉਤਰ ਵਿਚ ਕਾਂਗੜਾ, ਦੱਖਣ ਵਿੱਚ ਮੁਲਤਾਨ, ਪੂਰਬ ਵਿੱਚ ਸਹਾਰਨਪੁਰ ਅਤੇ ਪੱਛਮ ਵਿਚ ਅਟਕ ਤੱਕ ਹਕੂਮਤ ਕੀਤੀ। ਆਪ ਜੀ ਨੂੰ ਸਮੁੱਚੀ ਕੌਮ ਨੇ ਪਿਆਰ ਅਤੇ ਸਤਿਕਾਰ ਦਿੱਤਾ। ਪਟਿਆਲਾ ਅਤੇ ਜੀਂਦ ਦੇ ਮਹਾਰਾਜੇ, ਜੰਮੂ, ਕਾਂਗੜਾ, ਬਿਲਾਸਪੁਰ, ਨਾਲਾਗੜ੍ਹ ਦੇ ਸੂਬੇਦਾਰ, ਕੁੰਜਪੁਰ ਅਤੇ ਮਲੇਰਕੋਟਲਾ ਦੇ ਨਵਾਬ ਆਪ ਜੀ ਦੀ ਸਖਸ਼ੀਅਤ ਦੀ ਦਾਦ ਦਿੰਦੇ ਹਨ।


ਪ੍ਰੰਤੂ ਸਿੱਖ ਜਗਤ ਨੇ ਇਸ ਅਦੁੱਤੀ ਸਖਸ਼ੀਅਤ ਬਾਰੇ ਕੌਮ ਨੂੰ ਬਹੁਤਾ ਜਾਗਰੂਕ ਨਹੀਂ ਕੀਤਾ। ਕੌਮ ਉਨ੍ਹਾਂ ਦੀਆਂ ਮਹਾਨ ਯਾਦਾਂ ਨੂੰ ਕਾਫੀ ਹੱਦ ਤੱਕ ਭੁਲਾ ਚੁੱਕੀ ਹੈ। ਇਹ ਸੱਚ ਹੈ ਕਿ ਭਾਰਤ ਸਰਕਾਰ ਨੇ 1985 ਵਿਚ ਇਸ ਮਹਾਨ ਯੋਧੇ ਦੀ ਯਾਦ ਨੂੰ ਸਮਰਪਿਤ ਡਾਕ ਟਿਕਟ ਜਾਰੀ ਕੀਤਾ। ਇੰਡੀਅਨ ਨੈਸ਼ਨਲ ਹੈਰੀਟੇਜ ਉਨ੍ਹਾਂ ਦੀ ਸਮਾਧ ਅਤੇ ਕਿਲ੍ਹੇ ਦੀ ਸੰਭਾਲ ਲਈ ਅੱਗੇ ਆਏ ਹਨ।

**-ਜ਼ਿਲ੍ਹਾ ਸਿੱਖਿਆ ਅਫਸਰ (ਸੇਵਾ ਮੁਕਤ)**
**ਬਰੈਪਟਨ (ਕੈਨੇਡਾ) 647-856-428**

ਲਿਖਤ : ਗਿ. ਸੋਹਣ ਸਿੰਘ ਸੀਤਲ

# ਸਿੱਖ ਰਾਜ ਕਿਵੇਂ ਗਿਆ...?

ਲੜੀਵਾਰ ਕਿਸ਼ਤ - 42



ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

7. ਲਾਹੌਰ ਦਰਬਾਰ ਦੀ ਫ਼ੌਜ 20 ਹਜ਼ਾਰ ਪੈਦਲ ਤੇ 12 ਹਜ਼ਾਰ ਅਸਵਾਰ ਤੋਂ ਵੱਧ ਨਹੀਂ ਹੋਵੇਗੀ। ਇਹ ਗਿਣਤੀ, ਕਿਸੇ ਸਮੇਂ ਵੀ ਸਰਕਾਰ ਅੰਗਰੇਜ਼ੀ ਦੀ ਆਗਿਆ ਬਿਨਾਂ ਨਹੀਂ ਵਧੇਗੀ। ਜੇ ਕਿਸੇ ਵੇਲੇ ਕਿਸੇ ਖ਼ਾਸ ਕਾਰਨ ਕਰਕੇ ਫ਼ੌਜ ਵਧਾਉਣ ਦੀ ਲੋੜ ਪਵੇ, ਤਾਂ ਉਹ ਕਾਰਨ ਸਰਕਾਰ ਅੰਗਰੇਜ਼ੀ ਨੂੰ ਦਸਣਾ ਪਵੇਗਾ ਤੇ ਲੋੜ ਦਾ ਸਮਾਂ ਲੰਘ ਜਾਣੋ ਤੇ ਫ਼ੌਜ ਦੀ ਗਿਣਤੀ ਫੇਰ ਓਹਾ ਰੱਖੀ ਜਾਵੇਗੀ, ਜੋ ਇਸ ਸ਼ਰਤ ਵਿਚ ਪੱਕੀ ਕੀਤੀ ਗਈ ਹੈ।

8. ਮਹਾਰਾਜਾ, ਉਹ 6 ਤੋਪਾਂ, ਜੋ ਦਰਿਆ ਸਤਲੁਜ ਦੇ ਸੱਜੇ ਹੱਥ ਬੀੜੀਆਂ ਗਈਆਂ ਸਨ ਤੇ ਅੰਗਰੇਜ਼ੀ ਫ਼ੌਜ ਦੇ ਵਿਰੁੱਧ ਵਰਤੀਆਂ ਗਈਆਂ ਸਨ , ਜੋ ਸਭਰਾਵਾਂ ਦੀ ਲੜਾਈ ਵਿਚ ਅੰਗਰੇਜ਼ਾਂ ਦੇ ਕਾਬੂ ਨਹੀਂ ਆਈਆਂ, ਅੰਗਰੇਜ਼ਾਂ ਦੇ ਹਵਾਲੇ ਕਰੇਗਾ।

9. ਦਰਿਆ ਸਤਲੁਜ ਤੇ ਬਿਆਸ, ਮਿਠਨ ਕੋਟ ਤਕ ਤੇ ਦਰਿਆ ਸਿੰਧ ਮਿਠਨ ਕੋਟ ਤੋਂ ਬਲੋਚਸਤਾਨ ਦੀ ਹੱਦ ਤਕ, ਅੰਗਰੇਜ਼ੀ ਸਰਕਾਰ ਦੇ ਕਬਜ਼ੇ ਵਿਚ ਰਹਿਣਗੇ। ਜਹਾਜ਼ਹਾਨੀ ਤੇ ਮਸੂਲ ਆਦਿ ਉੱਤੇ ਅੰਗਰੇਜ਼ੀ ਸਰਕਾਰ ਦਾ ਹੀ ਅਧਿਕਾਰ ਹੋਵੇਗਾ। ਲਾਹੌਰ ਦਰਬਾਰ ਦੀਆਂ ਬੇੜੀਆਂ, ਜੋ ਇਹਨਾਂ ਦਰਿਆਵਾਂ ਵਿਚ ਪਰਜਾ ਤੇ ਸਰਕਾਰ ਦੇ ਲਾਭ ਵਾਸਤੇ ਵਰਤੀਆਂ ਜਾਂਦੀਆਂ ਹਨ, ਏਸ ਸ਼ਰਤ ਤੋਂ ਬਰੀ ਹੋਣਗੀਆਂ। ਦੋਹਾਂ ਮੁਲਕਾਂ ਵਿਚ ਜਹਾਜ਼ਰਾਨੀ ਤੋਂ ਲਾਭ ਵਾਸਤੇ ਪੱਕਾ ਹੁੰਦਾ ਹੈ, ਕਿ ਅੰਗਰੇਜ਼ੀ ਸਰਕਾਰ, ਬੇੜੀਆਂ ਨੂੰ ਠੀਕ ਰਖਣ ਦੇ ਖ਼ਰਚ ਕਢ ਕੇ, ਬਾਕੀ ਬੱਚਤ ਵਿਚੋਂ ਅੱਧ ਲਾਹੌਰ ਦਰਬਾਰ ਨੂੰ ਦੇਵੇਗੀ, ਪਰ ਇਹ ਸ਼ਰਤ ਉਹਨਾਂ ਬੇੜੀਆਂ ਉੱਤੇ, ਜੋ ਲਾਹੌਰ ਤੇ ਬਹਾਵਲਪੁਰ ਦੀ ਹੱਦ ਤੇ ਸਤਲੁਜ ਵਿਚ ਚਲਦੀਆਂ ਹਨ, ਲਾਗੂ ਨਹੀਂ ਹੋਵੇਗੀ।

10. ਅੰਗਰੇਜ਼ੀ ਸਰਕਾਰ ਨੂੰ ਲਾਹੌਰ ਰਾਜ ਵਿਚ ਦੀ ਫ਼ੌਜ ਲੰਘਾਉਣ ਦੀ ਲੋੜ ਪਏਗੀ, ਤਾਂ ਅੰਗਰੇਜ਼ੀ ਸਰਕਾਰ ਦੇ ਕਹਿਣ ਉੱਤੇ ਫ਼ੌਜ ਲੰਘਾਉਣ ਦੀ ਆਗਿਆ ਦੇ ਦਿੱਤੀ ਜਾਵੇਗੀ। ਇਸ ਹਾਲਤ ਵਿਚ ਲਾਹੌਰ ਰਾਜ ਦੇ ਹਾਕਮ ਹਰ ਤਰ੍ਹਾਂ ਦੀ ਸਹਾਇਤਾ ਕਰਨਗੇ ਤੇ ਅੰਗਰੇਜ਼ੀ ਸਰਕਾਰ ਇਹਨਾਂ ਸਹੂਲਤਾਂ ਦੇ ਸਭ ਖ਼ਰਚ ਅਦਾ ਕਰੇਗੀ। ਉਹਨਾਂ ਸਭ ਨਿੱਜੀ ਜਾਇਦਾਦਾਂ ਦਾ ਨੁਕਸਾਨ-ਜੋ ਵਿਚੋਂ ਫ਼ੌਜ ਲੰਘਣ ਕਰਕੇ ਹੋਵੇਗਾ, ਸਰਕਾਰ ਪੂਰਾ ਕਰੇਗੀ। ਅੰਗਰੇਜ਼ੀ ਸਰਕਾਰ ਉਹਨਾਂ ਲੋਕਾਂ ਦੇ ਧਰਮ ਦਾ-ਪੂਰਾ ਖ਼ਿਆਲ ਰਖੇਗੀ, ਜਿਨ੍ਹਾਂ ਦੇ ਇਲਾਕੇ ਵਿਚ ਦੀ ਫ਼ੌਜ ਲੰਘੇਗੀ।

11. ਅੰਗਰੇਜ਼ੀ ਸਰਕਾਰ ਦੀ ਆਗਿਆ ਬਿਨਾਂ, ਅੰਗਰੇਜ਼ੀ ਪਰਜਾ ਵਿਚੋਂ ਜਾਂ, ਕਿਸੇ ਯੂਰਪੀਨ ਜਾਂ ਅਮਰੀਕਨ ਨੂੰ ਮਹਾਰਾਜਾ ਨੌਕਰ ਨਹੀਂ ਰੱਖੇਗਾ

12. ਜੰਮੂ ਦੇ ਰਾਜਾ ਗੁਲਾਬ ਸਿੰਘ ਨੂੰ ਲਾਹੌਰ ਤੇ ਅੰਗਰੇਜ਼ੀ ਸਰਕਾਰ ਵਿਚ ਸੁਲ੍ਹਾ ਕਰਾਉਣ ਬਦਲੇ (ਇਹ ਸੇਵਾ ਉਸਨੇ ਲਾਹੌਰ ਦਰਬਾਰ ਵੱਲੋਂ ਕੀਤੀ ਹੈ) ਮਹਾਰਾਜਾ ਦਲੀਪ ਸਿੰਘ ਉਹਨਾਂ ਇਲਾਕਿਆਂ ਤੇ ਪਹਾੜੀ ਜ਼ਿਲ੍ਹਿਆਂ ਦਾ 'ਮਹਾਰਾਜਾ ਮੰਨ ਲਵੇਗਾ, ਜਿਹੜੇ ਇਲਾਕੇ ਅੰਗਰੇਜ਼ੀ ਸਰਕਾਰ ਰਾਜਾ ਗੁਲਾਬ ਸਿੰਘ ਨੂੰ ਇਕ ਵੱਖਰੇ ਅਹਿਦਨਾਮੇ ਰਾਹੀਂ ਦੇਵੇਗੀ। ਇਸ ਵਿਚ ਉਹ ਇਲਾਕਾ ਸ਼ਾਮਲ ਹੋਵੇਗਾ, ਜੋ ਮ. ਖੜਕ ਸਿੰਘ ਦੇ ਸਮੇਂ ਤੋਂ ਗੁਲਾਬ ਸਿੰਘ ਦੇ ਕਬਜ਼ੇ ਵਿਚ ਚਲਿਆ ਆਉਂਦਾ ਹੈ। ਅਤੇ ਅੰਗਰੇਜ਼ੀ ਸਰਕਾਰ ਵੀ ਰਾਜਾ ਗੁਲਾਬ ਸਿੰਘ ਦੀ ਨੇਕ ਚਲਨੀ ਦੇ ਕਾਰਨ ਇਹਨਾਂ ਇਲਾਕਿਆਂ ੇਤੇ ਉਹਦੀ ਆਜ਼ਾਦੀ ਪਰਵਾਨ ਕਰਦੀ ਹੈ ਤੇ ਉਹਨੂੰ ਵੱਖਰਾ ਅਹਿਦਨਾਮਾ ਕਰਨ ਦੀ ਆਗਿਆ ਦੇਂਦੀ ਹੈ।

13. ਇਸ ਹਾਲ ਵਿਚ ਰਾਜਾ ਗੁਲਾਬ ਸਿੰਘ ਤੇ ਲਾਹੌਰ ਦਰਬਾਰ ਵਿਚ ਜੇ ਕੋਈ ਝਗੜਾ ਹੋਵੇਗਾ ਤਾਂ ਅੰਗਰੇਜ਼ੀ ਸਰਕਾਰ ਸਾਲਸ ਬਣ ਕੇ ਉਸਦਾ ਫ਼ੈਸਲਾ ਕਰੇਗੀ ਤੇ ਉਹ ਫ਼ੈਸਲਾ 'ਮਹਾਰਾਜੇ' ਨੂੰ ਮੰਨਣਾ ਪਵੇਗਾ।

14 ਅੰਗਰੇਜ਼ੀ ਸਰਕਾਰ ਦੀ ਆਗਿਆ ਬਿਨਾਂ, ਲਾਹੌਰ ਦਰਬਾਰ ਆਪਣੇ ਰਾਜ ਦੀਆਂ ਹੱਦਾਂ ਨੂੰ ਵੱਧਾ ਘਟਾ ਨਹੀਂ ਸਕੇਗਾ।

15. ਅੰਗਰੇਜ਼ੀ ਸਰਕਾਰ, ਲਾਹੌਰ ਦਰਬਾਰ ਦੇ ਅੰਦਰਲੇ ਪਰਬੰਧ ਵਿਚ ਕੋਈ ਦਖ਼ਲ ਨਹੀਂ ਦੇਵੇਗੀ। ਪਰ ਜਿਨ੍ਹਾਂ ਸਵਾਲਾਂ ਤੇ ਝਗੜਿਆਂ ਬਾਰੇ ਅੰਗਰੇਜ਼ੀ ਸਰਕਾਰ ਤੋਂ ਪੁੱਛਿਆ ਜਾਵੇਗਾ, ਗਵਰਨਰ-ਜਨਰਲ ਆਪਣੀ ਚੰਗੀ ਤੇ ਨੇਕ ਸਲਾਹ, ਲਾਹੌਰ ਰਾਜ ਦੇ ਭਲੇ ਵਾਸਤੇ ਦੇਵੇਗਾ।

16 ਦੋਹਾਂ ਸਰਕਾਰਾਂ ਦੀ ਪਰਜਾ ਜਦੋਂ ਇਕ ਦੂੱਜੇ ਮੁਲਕ ਵਿਚ ਸੈਰ ਵਾਸਤੇ ਜਾਵੇ, ਤਾਂ ਉਸ ਨਾਲ ਚੰਗਾ ਸਲੂਕ ਕੀਤਾ ਜਾਵੇਗਾ।"

ਇਹ ਸੋਲ੍ਹਾਂ ਸ਼ਰਤਾ ਦਾ ਅਹਿਦਨਾਮਾ, ਫ਼ਰੈਡ੍ਰਿਕ ਕਰੀ ਤੋਂ ਹੈਨਰੀ ਮਿੰਟਗੁਮਰੀ ਲਾਰੰਸ ਜੋ ਅੰਗਰੇਜ਼ੀ ਸਰਕਾਰ ਵਲੋਂ, ਗਵਰਨਰ-ਜੈਨਰਲ ਹੈਨਰੀ ਹਾਰਡਿੰਗ ਦੇ ਹੁਕਮ ਅਨੁਸਾਰ ਕੰਮ ਕਰਦੇ ਹਨ) ਅਤੇ ਭਾਈ ਰਾਮ ਸਿੰਘ, ਰਾਜਾ ਲਾਲ ਸਿੰਘ, ਸ: ਤੇਜ ਸਿੰਘ, ਸ: ਚਤਰ ਸਿੰਘ ਅਟਾਰੀ ਵਾਲਾ, ਸ: ਰਣਜੋਰ ਸਿੰਘ ਮਜੀਠਾ, ਦੀਵਾਨ ਦੀਨਾ ਨਾਥ ਤੇ ਫ਼ਕੀਰ ਨੂਰ ਦੀਨ (ਜੋ ਮਹਾਰਾਜਾ ਦਲੀਪ ਸਿੰਘ ਵੱਲੋਂ ਹਨ) ਵਿਚ ਪੱਕਾ ਹੋਇਆ। ਤੇ ਇਹ ਅਹਿਦਨਾਮਾ ਗਵਰਨਰ-ਜੈਨਰਲ ਤੇ ਮ. ਦਲੀਪ ਸਿੰਘ ਦੀਆਂ ਮੁਹਰਾਂ ਲਾ ਕੇ ਪੱਕਾ ਕੀਤਾ ਗਿਆ।

ਇਹ ਅਹਿਦਨਾਮਾ 9 ਮਾਰਚ, 1846 ਈ: ਮੁਤਾਬਕ 10 ਰਬੀਉਲ ਅੱਵਲ, 1262 ਹਿਜਰੀ ਨੂੰ ਲਿਖਿਆ ਗਿਆ ਤੇ ਪੱਕਾ ਹੋਇਆ।

## ਪਹਿਲੀ ਸੁਲ੍ਹਾ ਨਾਲ ਸੰਬੰਧਤ ਸ਼ਰਤਾਂ

ਲਾਹੌਰ ਦਰਬਾਰ ਤੇ ਅੰਗਰੇਜ਼ੀ ਸਰਕਾਰ ਵਿਚ ਅਹਿਦਨਾਮਾ "ਕਿਉਂਕਿ ਲਾਹੌਰ ਦਰਬਾਰ ਨੇ, ਗਵਰਨਰ-ਜੈਨਰਲ ਕੋਲ ਲਾਹੌਰ ਵਿਚ ਅੰਗਰੇਜ਼ੀ ਫ਼ੌਜ ਰੱਖਣ ਲਈ

☛ ਬਾਕੀ ਅਗਲੇ ਅੰਕ ਵਿੱਚ

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ
ਕੇ 1000 ਬੰਦਿਆਂ ਤੱਕ
ਦੀ ਪਾਰਟੀ ਦੀ ਕੇਟਰਿੰਗ
ਕਰਦੇ ਹਾਂ

ਗੁਰਦੁਆਰਾ ਸਾਹਿਬ
ਲਈ ਸਪੈਸ਼ਲ ਰੇਟ




ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

778-928-4522, 778-565-4141, 778-565-3232

# ਧੀਆਂ ਦੇ ਦੁੱਖ



ਵਲੋਂ : ਅੰਮ੍ਰਿਤ ਕੌਰ, ਸੰਪਰਕ: 98767-14004

ਕਈ ਵਰ੍ਹੇ ਪਹਿਲਾਂ ਦੀ ਤਕਲੀਫ਼ ਅੱਜ ਫੇਰ ਉਸੇ ਤਰ੍ਹਾਂ ਹਰੀ ਹੋ ਗਈ। ਜ਼ਖ਼ਮ ਫਿਰ ਰਿਸਣ ਲੱਗ ਪਏ। ਮਨ ਨੇ ਗੇੜਾ ਖਾਧਾ, ਫਿਰ ਪੁਰਾਣੀਆਂ ਪੀੜਾਂ ਫਿਲਮ ਵਾਂਗ ਅੱਖਾਂ ਸਾਹਮਣੇ ਆਉਣ ਲੱਗੀਆਂ। ਉਦੋਂ ਉਨ੍ਹਾਂ ਦੇ ਪਿਉ ਨੇ ਆਪਣੇ ਵੱਡੇ ਪੁੱਤ ਨੂੰ ਉਸ ਦੇ ਲਾਇਕ ਹੋਣ ਦੀ ਸਜ਼ਾ ਦਿੱਤੀ ਸੀ ਛੋਟੇ ਭਰਾਵਾਂ ਨਾਲੋਂ ਘੱਟ ਜ਼ਮੀਨ ਦੇ ਕੇ। ਇੰਨਾ ਹੀ ਨਹੀਂ ਸਗੋਂ ਪਹਿਲਾਂ ਦਿੱਤੀ ਹੋਈ ਜ਼ਮੀਨ ਵਿੱਚੋਂ ਵੀ ਅੱਧਾ ਕਿੱਲਾ ਛੁਡਾ ਲਿਆ ਸੀ। ਉਹ ਸਬਰ ਦਾ ਘੁੱਟ ਭਰ ਕੇ ਪਿਉ ਨੂੰ ਬਿਨਾਂ ਕੁਝ ਆਖਿਆਂ ਘਰ ਆ ਗਿਆ। ਘਰ ਆ ਕੇ ਬਥੇਰਾ ਤੜਫ਼ਿਆ, ਇਸ ਲਈ ਨਹੀਂ ਕਿ ਉਸ ਨੂੰ ਜ਼ਮੀਨ ਘੱਟ ਦਿੱਤੀ ਸਗੋਂ ਇਸ ਲਈ ਕਿ ਚੋਰੀ ਰੱਖਣ ਦੀ ਕੀ ਜ਼ਰੂਰਤ ਸੀ, ਦੱਸ ਕੇ ਕਰ ਲੈਂਦੇ ਜੋ ਕਰਨਾ ਸੀ। ਸਾਰਾ ਕੁਝ ਇੱਕ ਫਿਲਮ ਵਾਂਗ ਅੱਖਾਂ ਸਾਹਮਣੇ ਘੁੰਮਦਾ ਰਿਹਾ ਜਦੋਂ ਉਹ ਤੇ ਉਸ ਦੀ ਭੈਣ, ਬਾਪੂ ਜੀ ਨੂੰ ਕਾਣੀ ਵੰਡ ਦਾ ਕਾਰਨ ਪੁੱਛਣ ਗਈਆਂ ਸਨ। ਉਸ ਦਿਨ ਉਹ ਅੰਦਰੋਂ ਬਾਹਰੋਂ ਟੁੱਟੀਆਂ ਮਹਿਸੂਸ ਕਰ ਰਹੀਆਂ ਸਨ। ਉਨ੍ਹਾਂ ਦੀ ਹਾਲਤ ਦਰਖ਼ਤ ਨਾਲੋਂ ਅਧਟੁੱਟੀ ਲਮਕਦੀ ਟਾਹਣੀ ਵਾਂਗ ਸੀ। ਕਈ ਲੋਕ ਇਸ ਤਰ੍ਹਾਂ ਦੀਆਂ ਟੁੱਟੀਆਂ ਟਾਹਣੀਆਂ ਨੂੰ ਧਾਗੇ ਜਾਂ ਲੰਮੀਆਂ ਲੀਰਾਂ ਲਪੇਟ ਦਿੰਦੇ ਹਨ ਅਤੇ ਉਹ ਮੁੜ ਬੂਟੇ ਜਾਂ ਰੁੱਖ ਨਾਲ ਜੁੜ ਜਾਂਦੀਆਂ ਹਨ। ਕਈ ਇਸ ਤਰ੍ਹਾਂ ਦੇ ਹੁੰਦੇ ਹਨ ਜੋ ਲਮਕਦੀ ਟਾਹਣੀ ਨੂੰ ਤੋੜ ਕੇ ਸੁੱਟ ਦਿੰਦੇ ਹਨ। ਉਸ ਦਿਨ ਭੈਣਾਂ ਦੀ ਹਾਲਤ ਵੀ ਲਮਕਦੀ ਟਾਹਣੀ ਵਾਂਗ ਸੀ। ਹੋ ਸਕਦਾ ਤੋੜ ਕੇ ਸੁੱਟ ਦਿੱਤੀਆਂ ਜਾਣ ਜਾਂ ਫਿਰ ਜੋੜਨ ਲਈ ਕੋਸ਼ਿਸ਼ ਕੀਤੀ ਜਾਵੇ।

''ਕੀ ਹੋਇਆ...?'' ਬੱਸ ਵਿੱਚ ਬੈਠੀ ਵੱਡੀ ਭੈਣ ਨੇ ਛੋਟੀ ਦੇ ਹੱਥ 'ਤੇ ਹੱਥ ਰੱਖ ਕੇ ਪੁੱਛਿਆ ਸੀ।

''ਲੱਤਾਂ ਦੀ ਜਾਨ ਨਿਕਲੀ ਜਾਂਦੀ ਐ ਜੇ ਭਲਾ ਇਹ ਸੱਚ ਹੋਇਆ। ਫਿਰ ਕੀ ਕਰਾਂਗੇ?'' ਛੋਟੀ ਨੇ ਕਿਹਾ।

''ਕੁਝ ਨ੍ਹੀਂ ਹੁੰਦਾ... ਮੈਨੂੰ ਤਾਂ ਲੱਗਦੈ ਸਾਰਾ ਝੂਠ ਈ ਹੋਊ।''

''ਰੱਬ ਕਰੇ ਝੂਠ ਹੋਵੇ।'' ਛੋਟੀ ਭੈਣ ਨੇ ਦੋਵੇਂ ਹੱਥ ਜੋੜ ਕੇ ਕਿਹਾ।

''ਜਾ ਕੇ ਪੁੱਛਦੇ ਆਂ ਕੁਝ ਤਾਂ ਕਹਿਣਗੇ... ਤੰਗੀ ਤਾਂ ਜ਼ਰੂਰ ਐ ਪਰ ਇੰਨੇ ਬੁਰੇ ਵੀ ਨਹੀਂ।''

''ਪਰ ਛੋਟੇ ਨੇ ਆਪ ਕਿਹਾ ਬਈ ਬਾਪੂ ਜੀ ਨੇ ਧੱਕੇ ਨਾਲ ਕਰਵਾਈ ਐ ਜ਼ਮੀਨ ਉਨ੍ਹਾਂ ਦੇ ਨਾਂ।''

''ਐਂ ਧੱਕੇ ਨਾਲ ਕੌਣ ਕਰਾ ਦੇਊ? ਜੇ ਆਵਦੀ ਸਹਿਮਤੀ ਹੋਵੇ ਤਾਂ ਹੀ ਹੁੰਦੈ ਸਭ ਕੁਝ। ਬਾਪੂ ਜੀ ਤਾਂ ਮੈਨੂੰ ਆਖਦੇ ਹੁੰਦੇ ਸੀ ਕਿ ਮੈਂ ਤਿੰਨਾਂ ਪੁੱਤਾਂ ਨੂੰ ਬਰਾਬਰ ਰੱਖੂੰ... ਬੁੱਧੀ ਭ੍ਰਿਸ਼ਟ ਕਰਤੀ ਹੋਊ ਬਾਪੂ ਜੀ ਦੀ।'' ਵੱਡੀ ਬੋਲੀ।

''ਕਹਿੰਦੇ ਨੇ... ਇੱਕ ਵਾਰ ਛੋਟੇ ਨੇ ਸ਼ਰਾਬ ਪੀਤੀ ਵਿੱਚ ਬਾਪੂ ਜੀ ਦੇ ਸਾਹਮਣੇ ਆਵਦੇ ਨਿੱਕੇ ਮੁੰਡੇ ਨੂੰ ਗਲ਼ ਤੋਂ ਫੜ ਲਿਆ ਸੀ। ਅਖੇ... ਮੇਰੇ ਦੋ ਮੁੰਡੇ ਨੇ, ਦੂਜਿਆਂ ਭਰਾਵਾਂ ਦੇ 'ਕੱਲਾ 'ਕੱਲਾ; ਮੇਰੇ ਮੁੰਡਿਆਂ ਨੂੰ ਜ਼ਮੀਨ ਥੋੜ੍ਹੀ ਆਊ... ਜੇ ਇੱਕ ਨੂੰ ਮਾਰ ਦਿਆਂ ਮੇਰੇ ਨੂੰ ਵੀ ਬਰਾਬਰ ਦੀ ਜ਼ਮੀਨ ਆਊ ਫਿਰ। ਮੈਨੂੰ ਤਾਂ ਲੱਗਦੈ... ਬਾਪੂ ਜੀ ਡਰ ਗਏ ਹੋਣੇ ਨੇ ਕਿ ਇਹਦਾ ... ਦਾ ਕੀ ਪਤੈ, ਮੁੰਡੇ ਨੂੰ ਨਾ ਕੁਝ ਕਰ ਦੇਵੇ।''

''ਕੀ ਪਤੈ ਭੈਣੇ ਕੀ ਹੋਇਆ ਹੋਊ?'' ਵੱਡਾ ਸਾਰਾ ਹਾਉਕਾ ਲੈ ਕੇ ਵੱਡੀ ਭੈਣ ਬੋਲੀ। ''ਚੱਲ ਚੁੱਪ ਕਰ। ਵਧੀਆ ਵਧੀਆ ਸੋਚ, ਵਧੀਆ ਈ ਹੋਊ ਫੇਰ।''

''ਪਰ ਜੋ ਕਰਨਾ ਤੀ ਉਹ ਤਾਂ ਕਰ ਲਿਆ ਉਨ੍ਹਾਂ ਨੇ। ਮੇਰੇ ਤਾਂ ਹੌਲ ਪਈ ਜਾਂਦੇ ਨੇ... ਜੇ ਭਲਾ ਇਹ ਸੱਚ ਹੋਇਆ।'' ਕਹਿੰਦਿਆਂ ਸਵਾਰੀਆਂ ਤੋਂ ਓਹਲਾ ਕਰ ਕੇ ਆਪਣੀ ਛਾਤੀ 'ਤੇ ਹੱਥ ਰੱਖਦਿਆਂ ਕਿਹਾ, ''ਦੇਖ ਕਿਵੇਂ ਠਾਹ-ਠਾਹ ਧੜਕ ਰਿਹੈ।''

''ਉਨ੍ਹਾਂ ਨੇ ਤਾਂ ਕੁਝ ਕਰਿਆ ਨਾ ਕਰਿਆ ...ਪਰ ਤੂੰ ਜ਼ਰੂਰ ਆਵਦਾ ਘਰ ਖਰਾਬ ਕਰ ਲਵੇਂਗੀ। ਆਪਣਾ ਕੀ ਕਸੂਰ? ਆਪਾਂ ਤਾਂ ਕਦੇ ਧਾਗੇ ਜਿੰਨੀ ਚੀਜ਼ ਨ੍ਹੀਂ ਮੰਗੀ ਉਨ੍ਹਾਂ ਤੋਂ... ਉਹ ਆਪਣਾ ਕੰਮ ਸੂਤ ਰੱਖਣ ਆਪਣੇ ਲਈ ਤਾਂ ਏਹੀ ਬਹੁਤ ਐ।'' ਵੱਡੀ ਭੈਣ ਨੇ ਸਖ਼ਤੀ ਨਾਲ ਕਿਹਾ, ਪਰ ਉਸ ਦੀਆਂ ਅੱਖਾਂ ਭਰੀਆਂ ਸਨ। ਦੋਵੇਂ ਚੁੱਪ ਹੋ ਗਈਆਂ।

''ਆਪਾਂ ਕਿੱਧਰ ਜਾਵਾਂਗੀਆਂ ਫੇਰ...!'' ਛੋਟੀ ਫਿਰ ਬੋਲੀ। ਵੱਡੀ ਦਾ ਜੀਅ ਕੀਤਾ ਭੁੱਬ ਮਾਰੇ, ਪਰ ਆਪਣੇ ਆਪ ਨੂੰ ਸੰਭਾਲ ਕੇ ਬੋਲੀ, ''ਸਵਾਰੀਆਂ ਆਪਣੇ ਕਨ੍ਹੀਂ ਦੇਖ ਰਹੀਆਂ ਨੇ। ਅੱਖਾਂ ਦਾ ਪਾਣੀ ਸੁਕਾ ਤੇ ਚੁੱਪ ਕਰ ਕੇ ਬੈਠ... ਆਉਣ ਵਾਲਾ ਪਿੰਡ ਵੀ ਆਪਣਾ।'' ਦੋਵੇਂ ਚੁੱਪ ਕਰਕੇ ਬੈਠ ਗਈਆਂ। ਵੱਡੀ ਭੈਣ ਥੋੜ੍ਹੀ ਦੇਰ ਬਾਅਦ ਛੋਟੀ ਦੇ ਹੱਥ 'ਤੇ ਹੱਥ ਰੱਖ ਦਿੰਦੀ ਜਿਵੇਂ ਉਸ ਨੂੰ ਹਿੰਮਤ ਰੱਖਣ ਲਈ ਆਖਦੀ ਹੋਵੇ। ਪਿੰਡ ਆ ਗਿਆ। ਦੋਵੇਂ ਭੈਣਾਂ ਅੱਡੇ 'ਤੇ ਉਤਰ ਗਈਆਂ।

''ਸਾਰੇ ਲੋਕ ਆਪਣੇ ਕਨ੍ਹੀਂ ਝਾਕ ਰਹੇ ਨੇ।'' ਛੋਟੀ ਨੇ ਕਿਹਾ।

''ਚੁੱਪ ਕਰ ਕੇ ਤੁਰੀ ਆ।'' ਵੱਡੀ ਚੁੱਪ ਤਾਂ ਸੀ, ਪਰ ਉਸ ਦੇ ਅੰਦਰ ਮਹਾਂਭਾਰਤ ਮੱਚੀ ਹੋਈ ਸੀ। ਸੋਚ ਰਹੀ ਸੀ... ਅੱਗੇ ਲੋਕਾਂ ਦੀਆਂ ਗੱਲਾਂ ਸੁਣਦੇ ਸੀ ਕਿ ਭਾਈ ਭਾਈ ਜ਼ਮੀਨ ਪਿੱਛੇ ਇੱਕ ਦੂਜੇ ਤੋਂ ਟੁੱਟ ਕੇ ਬਹਿ ਗਏ ਤੇ ਸਾਰੀ ਉਮਰ ਦੇ ਦੁਸ਼ਮਣ ਬਣ ਗਏ। ਪਰ ਇਹ ਤਾਂ ਕਦੇ ਸੋਚਿਆ ਹੀ ਨਹੀਂ ਸੀ ਆਪਣੇ ਭਰਾ ਵੀ ਇਸ ਤਰ੍ਹਾਂ ਕਰਨਗੇ। ਇਨ੍ਹਾਂ ਘੁੰਮਣਘੇਰੀਆਂ ਵਿੱਚ ਫਸੀਆਂ ਘਰ ਪਹੁੰਚ ਗਈਆਂ। ਮਾਂ ਨੇ ਹਿੱਕ ਨਾਲ ਲਾਇਆ। ਪਿਉ ਨੇ ਸਿਰ 'ਤੇ ਪਿਆਰ ਦਿੱਤਾ। ਦੋ ਭਰਜਾਈਆਂ ਅੱਗੇ ਪਿੱਛੇ ਫਿਰਨ। ਚਾਹ ਪਾਣੀ ਰੋਟੀ ਦਾ ਪ੍ਰਬੰਧ ਕੀਤਾ, ਪਰ ਕੁੜੀਆਂ ਦੇ ਗਲ਼ੇ ਹੇਠ ਕੁਝ ਨਹੀਂ ਸੀ ਉਤਰ ਰਿਹਾ।

''ਮਾਂ! ਇਹ ਸੱਚ ਐ ਕਿ ਸਾਡੇ ਬਾਪੂ ਜੀ ਨੇ ਵੱਡੇ ਬਾਈ ਦਾ ਰਹਿੰਦਾ ਹਿੱਸਾ ਛੋਟਿਆਂ ਦੇ ਨਾਂ ਲਵਾ 'ਤਾ?'' ਵੱਡੀ ਕੁੜੀ ਨੇ ਮਾਂ ਨੂੰ ਪੁੱਛਿਆ।

''ਹਾਂ... ਸਾਲ ਹੋ ਗਿਆ।''

''ਨਿਆਈਂ ਵਾਲੀ ਵੀ?''

''ਹਾਂ ਸਾਰੀ।'' ਮਾਂ ਨੇ ਨਜ਼ਰਾਂ ਝੁਕਾ ਲਈਆਂ।

''ਤੂੰ ਕੁਝ ਨ੍ਹੀਂ ਕਿਹਾ?'' ਕੁੜੀ ਨੇ ਕਿਹਾ। ਮਾਂ ਦੀਆਂ ਅੱਖਾਂ ਪਰਲ ਪਰਲ ਵਗ ਤੁਰੀਆਂ।

''ਕਈ ਮਹੀਨੇ ਤਾਂ ਮੈਨੂੰ ਕੁਝ ਨ੍ਹੀਂ ਪਤਾ ਲੱਗਿਆ... ਜਦੋਂ ਪਤਾ ਲੱਗਿਆ ਮੈਂ ਬਥੇਰਾ ਕੁਰਲਾਈ... ਜਿਹੜੇ ਬੰਦੇ ਨੂੰ ਸਾਰੀ ਉਮਰ 'ਜੀ' ਤੋਂ ਬਿਨਾਂ ਨਹੀਂ ਬੋਲੀ... ਉਹਨੂੰ ਗਾਲ੍ਹਾਂ ਨਿਕਲੀਆਂ ਮੈਥੋਂ... ਤੇ ਤੇਰੇ ਪਿਉ ਨੇ ਸਾਰੀ ਉਮਰ ਮੈਨੂੰ ਕਦੇ ਗਾਲ੍ਹ ਨਹੀਂ ਸੀ ਕੱਢੀ... ਮੇਰੇ 'ਤੇ ਹੱਥ ਚੁੱਕਿਆ ਉਹਨੇ। ਮੈਂ ਤਾਂ ਜਿਉਂਦੀ ਮਾਰ 'ਤੀ।'' ਮਾਂ ਫਿੱਸ ਪਈ। ਇਸ ਤੋਂ ਬਾਅਦ ਕੁਝ ਵੀ ਕਹਿਣ ਦਾ ਹੀਆ ਨਾ ਪਿਆ ਕੁੜੀਆਂ ਦਾ। ਵੱਡੀ ਕੁੜੀ ਨੇ ਪਿਉ ਨੂੰ ਪੁੱਛਿਆ। ਪਿਓ ਨੇ ਬਹੁਤ ਸਾਰੇ ਗਿਲੇ-ਸ਼ਿਕਵੇ ਕੀਤੇ, ਵੱਡੇ ਪੁੱਤ ਵੱਲੋਂ ਬਣਾਏ ਸ਼ਹਿਰੀ ਪਲਾਟ ਦਾ ਜ਼ਿਕਰ ਕੀਤਾ।

''ਸਾਨੂੰ ਵੀ ਉਦਰੇਵਾਂ ਹੁੰਦਾ ਸੀ ਪੋਤੇ ਦਾ... ਪਰ ਸਾਡੇ ਕੋਲ ਕਦੇ ਦੋ ਰਾਤਾਂ ਰਹਿਣ ਵੀ ਨਹੀਂ ਆਏ।'' ਇਸ ਗੱਲ ਦਾ ਸੱਚੀਂ ਕੁੜੀਆਂ ਕੋਲ ਕੋਈ ਜਵਾਬ ਨਹੀਂ ਸੀ। ਨਾਨਕਿਆਂ ਦਾਦਕਿਆਂ ਦੇ ਆਰਥਿਕ ਪਾੜੇ ਨੇ ਫ਼ਰਕ ਹੋਰ ਵਧਾ ਦਿੱਤੇ। ਜਦੋਂ ਬੱਚੇ ਪਿੰਡ ਜਾਂਦੇ, ਗਰਮੀ ਜਾਂ ਮੱਛਰ ਕਾਰਨ ਤੜਫਦੇ, ਉਸ ਵੇਲੇ ਭਾਵੇਂ ਉਹ ਆਪਣੇ ਆਪ ਹੀ ਆਖ ਦਿੰਦੇ, ''ਭਾਈ ਨਿਆਣਿਆਂ ਨੂੰ ਲੈ ਕੇ ਆਪਣੇ ਘਰ ਜਾਓ... ਕਿਤੇ ਬਿਮਾਰ ਈ ਨਾ ਹੋ ਜਾਣ।'' ਪਰ ਜਦੋਂ ਆਪਣੇ ਆਪ ਨੂੰ ਸਹੀ ਸਿੱਧ ਕਰਨਾ ਸੀ ਤਾਂ ਇਨ੍ਹਾਂ ਗੱਲਾਂ ਦੇ ਹੀ ਮਿਹਣੇ ਬਣ ਗਏ। ਉਨ੍ਹਾਂ ਆਪਣੇ ਆਪ ਨੂੰ ਸਹੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ। ਹੋਰ ਵੀ ਬੜੀਆਂ ਗੱਲਾਂ ਸੁਣਾਈਆਂ। ਮੁੱਕਦੀ ਗੱਲ ਉਨ੍ਹਾਂ ਕਿਹਾ, ''ਮੈਂ ਜੋ ਵੀ ਕੀਤਾ ਠੀਕ ਕੀਤਾ।'' ਕਦੇ ਪਿਓ ਦੇ ਸਾਹਮਣੇ ਆਵਾਜ਼ ਉੱਚੀ ਨਹੀਂ ਸੀ ਕੀਤੀ। ਅੱਜ ਲੜਨ ਵਰਗੀ ਹਾਲਤ ਸੀ। ਪਰ ਨਤੀਜਾ ਕੁਝ ਵੀ ਨਾ ਨਿਕਲਿਆ।

ਵਿਚਕਾਰਲੇ ਭਰਾ ਨੇ ਥੋੜ੍ਹਾ ਸਕੂਨ ਭਰੀ ਗੱਲ ਕਰੀ, ''ਮੈਨੂੰ ਤਾਂ ਭਾਵੇਂ ਕੱਲ੍ਹ ਨੂੰ ਬੁਲਾ ਲਓ ਜਿੱਥੇ ਬੁਲਾਉਣੈ... ਜਿਹੜਾ ਵੱਡੇ ਬਾਈ ਦਾ ਹਿੱਸਾ ਮੇਰੇ ਨਾਂ ਕਰਿਆ... ਜਦੋਂ ਮਰਜ਼ੀ ਲੈ ਲਵੇ...।''

''ਪਹਿਲਾਂ ਕਿਉਂ ਨ੍ਹੀਂ ਬੋਲਿਆ ਤੂੰ!'' ਵੱਡੀ ਭੈਣ ਨੇ ਕਿਹਾ।

''ਮਜਬੂਰੀ ਸੀ...।'' ਇੰਨਾ ਹੀ ਆਖਿਆ ਅਤੇ ਉੱਠ ਕੇ ਬਾਹਰ ਚਲਿਆ ਗਿਆ।

ਨਿੱਕੇ ਨਿੱਕੇ ਨਿਆਣਿਆਂ ਦੇ ਮਨ ਵਿੱਚ ਝੂਠ ਨੂੰ ਸੱਚ ਬਣਾ ਕੇ ਬਿਠਾ ਦਿੱਤਾ। ਬਾਪੂ ਜੀ ਨੂੰ ਖੇਤੀ ਵਿੱਚੋਂ ਕਦੇ ਕੋਈ ਬਹੁਤੀ ਵੱਟਤ ਨਹੀਂ ਸੀ ਹੋਈ। ਪਰਿਵਾਰ ਦੇ ਨੌਂ ਦਸ ਜੀਆਂ ਦੇ ਤਨ ਢਕਣ ਲਈ ਕੱਪੜਾ ਤੇ ਢਿੱਡ ਭਰਨ ਲਈ ਭੋਜਨ ਚਾਹੀਦਾ ਸੀ। ਉਪਰੋਂ ਚਾਰ ਧੀਆਂ ਦੇ ਵਿਆਹ ਕਰਨੇ ਸਨ। ਇਹ ਕੋਈ ਬਿਨਾਂ ਪੈਸੇ ਤੋਂ ਥੋੜ੍ਹੀ ਹੋਣਾ ਸੀ। ਕਮਾਈ ਧਮਾਈ ਫ਼ਸਲ ਕਰਜ਼ੇ ਦੀ ਭੇਟਾ ਚੜ੍ਹ ਜਾਂਦੀ ਸੀ। ਟਿੱਬਿਆਂ ਦੀ ਜ਼ਮੀਨ ਸੀ। ਨੌਂ ਕੁ ਵਿੱਘੇ ਵੇਚ ਦਿੱਤੀ। ਉਸ ਨਾਲ ਵੀ ਕਬੀਲਦਾਰੀ ਸੂਤ ਨਹੀਂ ਆਈ। ਵੱਡਾ ਬਾਈ ਪੜ੍ਹਿਆ ਲਿਖਿਆ ਸੀ। ਦੂਜੇ ਨੰਬਰ ਵਾਲੀ ਭੈਣ ਐਮ.ਏ. ਕਰ ਰਹੀ ਸੀ। ਸ਼ਹਿਰ ਵਿੱਚ ਵਿਆਹੀ ਗਈ, ਉਸ ਦੇ ਘਰ ਵਾਲੇ ਨੇ ਵੱਡੇ ਬਾਈ ਨੂੰ ਇਹ ਆਖ ਕੇ ਸ਼ਹਿਰ ਵਿੱਚ ਲਿਆਂਦਾ ਕਿ ਐਨਾ ਪੜ੍ਹ ਲਿਖ ਕੇ ਪਿੰਡ ਵਿੱਚ ਰਹਿ ਕੇ ਕੁਝ ਨਹੀਂ ਬਣ ਸਕਦਾ। ਸ਼ਹਿਰ ਵਿੱਚ ਨੌਕਰੀ ਵੀ ਮਿਲ ਸਕਦੀ ਹੈ ਤੇ ਬੰਦਾ ਆਪਣੀ ਸਿਆਣਪ ਨਾਲ ਕੋਈ ਕਾਰੋਬਾਰ ਵੀ ਕਰ ਸਕਦੈ। ਬਾਈ ਸ਼ਹਿਰ ਆ ਗਿਆ। ਪਹਿਲਾਂ ਨੌਕਰੀ ਕੀਤੀ। ਫਿਰ ਆਪਣਾ ਕੰਮ ਸ਼ੁਰੂ ਕੀਤਾ। ਸਾਰੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਵੇਚੀ ਜ਼ਮੀਨ ਬਾਈ ਦੇ ਖਾਤੇ ਚੜ੍ਹਾ ਕੇ ਆਪ ਸਾਰੇ ਸੁਰਖ਼ਰੂ ਹੋ ਗਏ। ਬਾਈ ਨੇ ਜਿਹੜਾ ਪੈਸਾ ਲਿਆ ਸੀ, ਵਾਪਸ ਕੀਤਾ। ਪਰ ਲਿਆ ਸਭ ਨੂੰ ਯਾਦ ਸੀ, ਵਾਪਸ ਕੀਤਾ ਕਿਸੇ ਨੂੰ ਵੀ ਨਹੀਂ। ਪਰਿਵਾਰ ਦੇ ਵਿਰੋਧੀ ਵੀ ਪੂਰਾ 'ਫ਼ਰਜ਼' ਨਿਭਾ ਗਏ। ਜਿਹੜੀ ਗੱਲ ਦਾ ਉਨ੍ਹਾਂ ਨੂੰ ਪਤਾ ਵੀ ਨਹੀਂ ਸੀ ਉਹਦੀ ਗਵਾਹੀ ਭਰਨ ਲੱਗੇ ਕਿ ਵਿਕੀ ਜ਼ਮੀਨ ਦੇ ਪੈਸੇ ਬਾਈ ਦੇ ਕਾਰੋਬਾਰ ਵਿੱਚ ਲਾਏ ਸੀ। ਘਰ ਵਿੱਚ ਪਈਆਂ ਤਰੇੜਾਂ ਵਿੱਚ ਸ਼ਰੀਕਾਂ ਨੇ ਹੋਰ ਮਿੱਟੀ ਪਾ ਦਿੱਤੀ।

ਅੱਜ ਕੁੜੀਆਂ ਨੇ ਪੇਕਿਆਂ ਦੇ ਹਰ ਜੀਅ ਨੂੰ ਸੁਨੇਹਾ ਲਾਉਣਾ ਚਾਹਿਆ ਕਿ ਜੇ ਵੰਡ ਬਰਾਬਰ ਨਾ ਕੀਤੀ... ਅਸੀਂ ਨ੍ਹੀਂ ਆਉਣਾ ਮੁੜ ਕੇ ਏਥੇ। ਮਾਂ ਨੇ ਕਿਹਾ, ''ਆਉਣਾ ਕਿਉਂ ਨ੍ਹੀਂ ਜਿੰਨਾ ਚਿਰ ਅਸੀਂ ਜਿਉਂਦੇ ਆਂ... ਓਨਾ ਚਿਰ ਤਾਂ ਆਉਣਾ ਪਊ।'' ਮਾਂ ਦੀ ਗੱਲ ਤੋਂ ਇੰਨੀ ਕੁ ਤਾਂ ਸਮਝ ਆ ਗਈ ਸੀ ਕਿ ਸਿਰਫ਼ ਮਾਪਿਆਂ ਦੇ ਜਿਉਂਦਿਆਂ ਹੀ ਪੇਕੇ ਆ ਸਕਦੀਆਂ ਹਨ, ਇਸ ਤੋਂ ਬਾਅਦ ਮਾਂ ਦੀ ਵੀ ਉਮੀਦ ਮੁੱਕ ਚੁੱਕੀ ਸੀ ਕਿ ਭਰਾ ਉਨ੍ਹਾਂ ਦੀਆਂ ਧੀਆਂ ਦਾ ਕੋਈ ਮਾਣ ਸਤਿਕਾਰ ਕਰਨਗੇ। ਇਹ ਘਰ ਪਰਾਇਆ ਹੋ ਗਿਆ ਸੀ ਧੀਆਂ ਲਈ। ਛੋਟੇ ਭਰਾ ਦੇ ਦਸਾਂ ਕੁ ਸਾਲਾਂ ਦੇ ਮੁੰਡੇ ਨੇ ਸੁਣਾਇਆ, ''ਨਾ ਆਇਓ।'' ਉਸ ਦੀ ਮਾਂ ਨੇ ਰੋਕਿਆ, ''...ਇਉਂ ਨੀ ਆਖੀਦਾ। ਪਹਿਲਾਂ ਵਾਲੀ ਗੱਲ ਹੁੰਦੀ ਤਾਂ ਭਤੀਜੇ ਨੂੰ ਆਖਣਾ ਸੀ, ''ਠਹਿਰ ਜਾ, ਤੈਨੂੰ ਦੱਸਦੀ ਆਂ ਪਤਾ... ਵੱਡੇ ਆਏ ਨੇ ਘਰ ਦੇ ਮਾਲਕ, ਸਾਡੇ ਪਿਉ ਦਾ ਘਰ ਐ... ਅਸੀਂ ਤਾਂ ਆਵਾਂਗੀਆਂ।'' ਦਿਲ ਨੇ ਕਿਹਾ 'ਆਖ ਦਿਓ'... ਦਿਮਾਗ਼ ਕਹਿੰਦਾ, 'ਜਿੱਥੇ ਪਿਆਰ ਸਤਿਕਾਰ ਹੋਵੇ ਉੱਥੇ ਇਹ ਗੱਲਾਂ ਚੰਗੀਆਂ ਲੱਗਦੀਆਂ ਨੇ!' ਸੋ ਚੁੱਪ ਕਰ ਗਈਆਂ। ਹਿੰਮਤ ਜਿਹੀ ਟੁੱਟ ਗਈ। ਇੰਨੇ ਛੋਟੇ ਬੱਚੇ ਦਾ ਕੋਈ ਗੁੱਸਾ ਕਰਨ ਨੂੰ ਦਿਲ ਤਾਂ ਨਹੀਂ ਸੀ ਕਰਦਾ। ਫਿਰ ਵੀ ਉਸ ਦੇ ਬੋਲ ਗੋਲ਼ੀ ਵਾਂਗ ਤੜਫਦੇ ਦਿਲਾਂ ਦੇ ਆਰ ਪਾਰ ਹੋ ਗਏ। ਕਾਫ਼ੀ ਕੁਝ ਟੁੱਟਿਆ ਅੰਦਰੋਂ।

ਇਹ ਗੱਲਾਂ ਹੁਣ ਤੱਕ ਸੱਚੀਆਂ ਜਾਪਦੀਆਂ ਸਨ... ਭਾਈਆਂ ਨਾਲੋਂ ਭਤੀਜੇ ਪਿਆਰੇ ਲੱਗਦੇ ਹੁੰਦੇ ਐ। ਭਤੀਜੇ ਤਾਂ ਪਿਆਰੇ ਹੀ ਹੁੰਦੇ ਨੇ, ਪਰ ਭੂਆ ਵੀ ਪਿਆਰੀ ਹੁੰਦੀ ਐ, ਉਨ੍ਹਾਂ ਨੂੰ ਇਸ ਗੱਲ ਬਾਰੇ ਕੁਝ ਪਤਾ ਨਹੀਂ। ਅੱਜ ਬੜੀ ਪੁਰਾਣੀ ਗੱਲ ਜੋ ਬਾਪੂ ਜੀ ਹੁਰਾਂ ਦੀ ਭੂਆ ਆਖਿਆ ਕਰਦੀ ਸੀ। ਪਤਾ ਨਹੀਂ ਕਿੱਥੇ ਅਚੇਤ ਮਨ ਵਿੱਚ ਪਈ ਨੇ ਸਿਰ ਚੁੱਕ ਲਿਆ...

ਭਾਈਏਂ ਰਾਜ, ਭਤੀਜੇ ਠਾਣਾ।

ਛੱਡ ਦੇ ਭੂਆ, ਆਉਣਾ ਜਾਣਾ।

ਮਾਂ ਇਹ ਗੱਲ ਸੁਣ ਕੇ ਆਖਿਆ ਕਰਦੀ ਸੀ, ''ਨਾ ਨਾ ਭੂਆ ਜੀ, ਥੋਡੇ ਆਉਣ ਨਾਲ ਤਾਂ ਰੌਣਕਾਂ ਲੱਗਦੀਆਂ ਨੇ।'' ਉਦੋਂ ਇਨ੍ਹਾਂ ਗੱਲਾਂ ਦੀ ਸਮਝ ਨਹੀਂ ਸੀ, ਪਰ ਅੱਜ ਭਤੀਜੇ ਦੀ ਗੱਲ ਸੁਣ ਕੇ ਮੁੜ ਮੁੜ ਭੂਆ ਦੇ ਬੋਲ ਯਾਦ ਆ ਰਹੇ ਸਨ।

''ਤੈਨੂੰ ਉਹ ਯਾਦ ਐ ਭਾਈਏਂ ਰਾਜ... ਵਾਲੀ ਗੱਲ।'' ਮੁੜਦੀ ਬੱਸ ਵਿੱਚ ਬੈਠਦਿਆਂ ਛੋਟੀ ਨੇ ਕਿਹਾ। ''ਕਿਵੇਂ ਸਾਰੀ ਦੁਨੀਆ ਫੋਕੀ ਫੋਕੀ ਤੇ ਫਿੱਕੀ ਫਿੱਕੀ ਲੱਗਣ ਲੱਗ ਪਈ।'' ਛੋਟੀ ਨੇ ਫਿਰ ਕਿਹਾ, ਪਰ ਵੱਡੀ ਭੈਣ ਨੇ ਕੋਈ ਜਵਾਬ ਨਾ ਦਿੱਤਾ। ਸ਼ਾਇਦ ਉਹਦੇ ਕੰਨਾਂ ਨੇ ਸੁਣਿਆ ਹੀ ਨਹੀਂ ਸੀ।

ਇਸ ਤੋਂ ਬਾਅਦ ਕੋਈ ਗੱਲ ਨਾ ਹੋਈ। ਬਸ ਵਿੱਚ ਚੜ੍ਹਦੇ ਉਤਰਦੇ ਸਾਰੇ ਲੋਕਾਂ ਦੀਆਂ ਲੱਤਾਂ ਬਾਹਵਾਂ ਅੱਡ ਅੱਡ ਟੁੱਟੀਆਂ ਜਾਪਦੀਆਂ। ਲੱਗਦਾ ਸੀ ਲੋਕ ਬਿਨਾਂ ਮਤਲਬੋਂ ਤੁਰੇ ਫਿਰਦੇ ਨੇ। ਕਦੇ ਜਾਪਦਾ ਇਕੱਲੀਆਂ ਲੱਤਾਂ ਹੀ ਤੁਰੀਆਂ ਫਿਰਦੀਆਂ। ਕਦੇ ਇਕੱਲੇ ਸਿਰ ਦਿਸਦੇ... ਕਦੇ ਇਨ੍ਹਾਂ ਨੂੰ ਜੋੜਨ ਵਾਲਾ ਦਿਸਦਾ... ਫਿਰ ਉਹ ਵੀ ਟੁੱਟਿਆ ਹੋਇਆ ਜਾਪਦਾ। ਹੁਣ ਵੱਡੀ ਭੈਣ ਨੇ ਛੋਟੀ ਦੇ ਹੱਥ 'ਤੇ ਹੱਥ ਰੱਖ ਕੇ ਧਰਵਾਸ ਦੇਣ ਦੀ ਕੋਸ਼ਿਸ਼ ਨਾ ਕੀਤੀ। ਬਸ ਇਸੇ ਤਰ੍ਹਾਂ ਟੁੱਟੇ ਭੱਜੇ ਵਿਚਾਰਾਂ ਨਾਲ ਤੇ ਟੁੱਟੇ ਭੱਜੇ ਲੋਕਾਂ ਨੂੰ ਦੇਖ ਦੇਖ ਕੇ ਹੀ ਸਫ਼ਰ ਮੁੱਕ ਗਿਆ। ਬੱਸ ਉਤਰਨ ਲੱਗਿਆਂ ਵੱਡੀ ਦੀਆਂ ਲੱਤਾਂ ਲੜਖੜਾ ਗਈਆਂ। ਇੱਕ ਹੱਥ ਬੱਸ ਦੀ ਤਾਕੀ ਨੂੰ ਦੂਜਾ ਛੋਟੀ ਨੇ ਫੜ ਲਿਆ। ਡਿੱਗਣੋਂ ਬਚ ਗਈ।

ਸਾਰਾ ਕੁਝ ਆ ਕੇ ਵੱਡੇ ਬਾਈ ਨੂੰ ਦੱਸਿਆ। ਨਾਲ ਇਹ ਵੀ ਕਿਹਾ, ''ਜੋ ਤੁਸੀਂ ਕਰਨਾ ਕਰ ਲਵੋ ਅਸੀਂ ਥੋਡੇ ਨਾਲ ਆਂ।'' ਇਹ ਕਹਿਣ ਲੱਗਿਆਂ ਮਹਿਸੂਸ ਹੋਇਆ ਜਿਵੇਂ ਸਮੇਂ ਦੀ ਗਤੀ ਬੜੀ ਤੇਜ਼ ਹੋ ਗਈ ਤੇ ਸਾਰਾ ਕੁਝ ਤੀਲ੍ਹਿਆਂ ਵਾਂਗ ਉੱਡ ਰਿਹਾ ਹੋਵੇ। ਉਨ੍ਹਾਂ ਦੇ ਜ਼ੋਰ ਲਾਉਣ ਨਾਲ ਵੀ ਢੋਲ ਢਕਿਆ ਨਹੀਂ ਸੀ ਰਹਿ ਸਕਦਾ।

ਵੱਡੀ ਭਾਬੀ ਨੇ ਕਿਹਾ, ''ਮੈਂ ਹੁਣ ਕਦੇ ਪਿੰਡ ਨਹੀਂ ਜਾਣਾ।'' ਰਹਿੰਦੀਆਂ ਉਮੀਦਾਂ ਵੀ ਕੜੱਕ ਕੜੱਕ ਕਰਕੇ ਟੁੱਟ ਗਈਆਂ। ਉਹ ਵੀ ਆਪਣੀ ਥਾਂ 'ਤੇ ਸਹੀ ਸੀ। ਪੁੱਤ ਜਵਾਨ ਸੀ ਵਿਆਹੁਣ ਵਾਲਾ। ਉਸ ਦੀ ਜ਼ਮੀਨ ਘਟੀ ਸੀ। ਕਿਸੇ ਪਾਸਿਓਂ ਕੋਈ ਟੁੱਟੇ ਰਿਸ਼ਤੇ ਨੂੰ ਜੋੜਨ ਵਾਲੀ ਗੱਲ ਨਾ ਹੋਈ। ਕੁੜੀਆਂ ਅਧ-ਮੋਈਆਂ ਹੋਈਆਂ ਪਈਆਂ ਸਨ। ਸੋਚ ਕੇ ਹੀ ਦਿਲ ਕੰਬ ਜਾਂਦਾ 'ਜੇ ਭਲਾਂ ਸੱਚੀਂ ਨਾ ਗਏ... ਜੇ ਮਾਪਿਆਂ ਦੇ ਮੁੱਕਣ 'ਤੇ ਵੀ ਨਾ ਗਏ... ਲੋਕਾਂ ਨੂੰ ਮੌਕਾ ਮਿਲ ਜੂ ਗੱਲਾਂ ਕਰਨ ਦਾ... ਧੀਆਂ ਨੂੰ ਤਾਂ ਜਾਣਾ ਪਊ... ਲੋਕਾਂ ਦੀਆਂ ਗੱਲਾਂ ਕਿਵੇਂ ਸੁਣਨਗੀਆਂ... ਜਿਉਂਦੇ ਮਾਪਿਆਂ ਦੀ ਮੌਤ ਬਾਰੇ ਸੋਚ ਕੇ ਸਾਰੀ ਸਾਰੀ ਰਾਤ ਅੱਥਰੂ ਵਹਾਉਂਦੀਆਂ। ਵੱਡੀਆਂ ਕੁੜੀਆਂ ਦੇ ਜਵਾਕ ਵਿਆਹੁਣ ਵਾਲੇ ਸਨ। ਇਕਦਮ ਸਭ ਕੁਝ ਬਦਲ ਗਿਆ। ਬੱਚਿਆਂ ਦੇ ਵਿਆਹਾਂ ਦੇ ਚਾਵਾਂ ਨਾਲੋਂ ਚਿੰਤਾ ਭਾਰੀ ਹੋ ਗਈ। ਰੱਬ ਅੱਗੇ ਹੱਥ ਜੋੜਦੀਆਂ ''ਰੱਬਾ ਕੋਈ ਚਮਤਕਾਰ ਦਿਖਾ, ਸਾਰੇ 'ਕੱਠੇ ਹੋ ਕੇ ਨਾਨਕੇ ਮੇਲ ਵਾਂਗ ਰੌਣਕ ਲਾਉਣ ਆ ਕੇ। ਇਹੀ ਤਾਂ ਮੌਕਾ ਹੁੰਦੈ ਜਦੋਂ ਪਿਉ ਭਰਾ ਬਰਾਬਰ ਦੀ ਬਾਂਹ ਬਣ ਕੇ ਖੜ੍ਹਦੇ ਨੇ ਅਤੇ ਧੀਆਂ ਦਾ ਸਿਰ ਉੱਚਾ ਹੋ ਜਾਂਦਾ ਏ ਪੇਕਿਆਂ ਦੇ ਮਾਣ ਨਾਲ।'' ਪਰ ਕੋਈ ਚਮਤਕਾਰ ਨਾ ਹੋਇਆ, ਇੱਕ ਲਕੀਰ ਖਿੱਚੀ ਗਈ। ਜਿਸ ਨੂੰ ਲੰਘਣ ਵਾਲਾ ਗੁਨਾਹਗਾਰ।

ਜਿਹੜੀਆਂ ਧੀਆਂ ਨੂੰ ਆਪਣੇ ਪਿਉ ਤੇ ਭਰਾਵਾਂ 'ਤੇ ਰੱਬ ਜਿੱਡਾ ਮਾਣ ਸੀ। ਉਹ ਮਾਣ ਤਾਂ ਉੱਡ-ਪੁੱਡ ਗਏ, ਇਹੀ ਚਿੰਤਾ ਹੋ ਗਏ ਕਿ ਹੁਣ ਭਰਾ ਭਰਾ, ਪਿਉ ਪੁੱਤ ਥਾਣੇ ਕਚਹਿਰੀਆਂ ਜਾਣਗੇ। ਆਪਣੇ ਭਰਾਵਾਂ ਅਤੇ ਮਾਪਿਆਂ ਦੀ ਇਸ ਗੱਲ 'ਤੇ ਮਾਣ ਨਾਲ ਕੁੜੀਆਂ ਦੀਆਂ ਧੌਣਾਂ ਉੱਚੀਆਂ ਸਨ ਕਿ ਉਹ ਕਦੇ ਇੱਕ ਦੂਜੇ ਨੂੰ ਉੱਚਾ ਨਹੀਂ ਬੋਲੇ... ਪਰ ਅੱਜ ਕੁੜੀਆਂ ਹੀ ਆਖ ਰਹੀਆਂ ਸਨ, ਏਦੂੰ ਤਾਂ ਲੜ ਲੈਂਦੇ ਇੱਕ ਦੂਜੇ ਨਾਲ... ਘੱਟੋ-ਘੱਟ ਮਨਾਂ ਦੀ ਕੜਵਾਹਟ ਨਿਕਲ ਜਾਂਦੀ।

☛ ਬਾਕੀ ਸਫ਼ਾ 20 'ਤੇ

# ਅਜੋਕੇ ਸੰਸਾਰ ’ਚ ਵਿਆਹ ਸਬੰਧਾਂ ਦੀ ਹਕੀਕਤ

**ਲਿਖਤ : ਰਵਿੰਦਰ, ਸੰਪਰਕ: 70873-49543**

ਸੰਸਾਰ ਪੱਧਰ ’ਤੇ ਵਿਆਹ ਦੀ ਉਮਰ ਘਟੀ ਹੈ ਅਤੇ ਤਲਾਕ ਵਧ ਰਹੇ ਹਨ। ਬਾਕੀ ਦੁਨੀਆ ਦੇ ਮੁਕਾਬਲੇ ਭਾਰਤ ਵਿੱਚ ਵਿਆਹ ਟੁੱਟਣ ਦੀ ਦਰ ਕਾਫ਼ੀ ਘੱਟ ਹੈ। ਲਗਭਗ 100 ਫ਼ੀਸਦੀ ਵਿੱਚੋਂ ਸਿਰਫ਼ 1.1 ਫ਼ੀਸਦੀ ਤਲਾਕ ਭਾਰਤ ਵਿੱਚ ਹੁੰਦੇ ਹਨ ਪਰ ਪਿਛਲੇ 20 ਸਾਲਾਂ ਵਿੱਚ ਭਾਰਤ ਦੇ ਸ਼ਹਿਰੀ ਖੇਤਰਾਂ ਵਿੱਚ ਤਲਾਕਾਂ ਦੀ ਗਿਣਤੀ ਦੁੱਗਣੀ ਹੋਈ ਹੈ। ਭਾਰਤ ਵਿੱਚ ਸਿਰਫ਼ 1 ਫ਼ੀਸਦੀ ਔਰਤਾਂ ਨੇ ਹੀ 45-49 ਸਾਲ ਦੀ ਉਮਰ ਤੱਕ ਵੀ ਵਿਆਹ ਨਹੀਂ ਕਰਵਾਇਆ ਜਦੋਂਕਿ ਵਿਕਸਿਤ ਦੇਸ਼ਾਂ ਵਿੱਚ ਇਹ ਗਿਣਤੀ ਜ਼ਿਆਦਾ ਹੈ। ਇਹ ਨਵਾਂ ਰੁਝਾਨ ਹੈ ਕਿ ਤਲਾਕ ਦਾ ਕੇਸ ਸ਼ੁਰੂ ਕਰਨ ਵਿੱਚ ਔਰਤਾਂ ਅੱਗੇ ਆ ਰਹੀਆਂ ਹਨ, ਵਿਆਹ ਕਰਵਾਉਣ ਦੀ ਉਮਰ ਵਿੱਚ ਵਾਧਾ ਹੋਇਆ ਹੈ ਅਤੇ ਜਨਮ ਦਰ ਘਟੀ ਹੈ। ਦੋ ਦਹਾਕੇ ਪਹਿਲਾਂ ਵੱਡੇ ਪੱਧਰ ’ਤੇ ਸ਼ਹਿਰੀ ਮੱਧਵਰਗ ਦੇ ਵਿਆਹੁਤਾ ਜੋੜਿਆਂ ਵਿੱਚ ਤਲਾਕ ਲੈਣ ਦਾ ਰੁਝਾਨ ਸ਼ੁਰੂ ਹੋਇਆ ਸੀ। ਇਸ ਵਿੱਚ ਹੁਣ ਭਾਰਤ ਦੇ ਛੋਟੇ ਕਸਬੇ ਵੀ ਸ਼ਾਮਿਲ ਹਨ ਜਿਵੇਂ ਕਿ ਮਥੁਰਾ, ਹਾਪੁਰ, ਭੋਪਾਲ, ਅਲਵਰ, ਝੱਜਰ ਆਦਿ। ਤਲਾਕਾਂ ਵਿੱਚ ਪੰਜ ਸਾਲ ਵਿੱਚ 25-30 ਫ਼ੀਸਦੀ ਵਾਧਾ ਹੋਇਆ ਹੈ। ਇਨ੍ਹਾਂ ਕਸਬਿਆਂ ਵਿੱਚ ਸ਼ਹਿਰੀਕਰਨ ਨਾਲ ਔਰਤਾਂ ਨੂੰ ਪੜ੍ਹਨ ਲਿਖਣ, ਰੁਜ਼ਗਾਰ ਲਈ ਘਰੋਂ ਬਾਹਰ ਨਿਕਲਣ ਦਾ ਮੌਕਾ ਮਿਲਿਆ ਤੇ ਆਪਣੇ ਆਜ਼ਾਦ ਹੋਂਦ ਦਾ ਅਹਿਸਾਸ ਡੂੰਘਾ ਹੋਇਆ। ਜਿੱਥੇ ਤਲਾਕ ਤੋਂ ਬਾਅਦ ਔਰਤਾਂ ਖ਼ੁਸ਼ੀ ਦੀ ਸੰਭਾਵਨਾ ਦੀ ਕਲਪਨਾ ਕਰ ਸਕਦੀਆਂ ਹਨ, ਉੱਥੇ ਔਰਤਾਂ ਨੇ ਬੁਰੇ ਵਿਆਹ ਸਬੰਧ ਤੋਂ ਛੁਟਕਾਰਾ ਪਾਉਣ ਲਈ ਤਲਾਕ ਲੈਣ ਦੀ ਪਹਿਲਕਦਮੀ ਕੀਤੀ ਹੈ। 2018 ਦੀ ਇੱਕ ਰਿਪੋਰਟ ਅਨੁਸਾਰ ਉੱਤਰ ਪ੍ਰਦੇਸ਼ ਵਿੱਚ ਤਲਾਕ ਦੇ 61,000 ਤੋਂ ਵੱਧ ਮਾਮਲੇ ਸਾਹਮਣੇ ਆਏ ਸਨ। ਸਾਡੇ ਸਮਾਜ ਵਿੱਚ ਅਕਸਰ ਵਿਆਹੇ ਜੋੜੇ ਕੌੜੇ ਸਬੰਧਾਂ ਵਿੱਚੋਂ ਲੰਘਦੇ ਹਨ, ਪਰ ਸਾਰੀ ਉਮਰ ਇਸ ਦਾ ਬੋਝ ਢੋਂਹਦੇ ਹਨ। ਕੌਮੀ ਅਪਰਾਧ ਰਿਕਾਰਡ ਬਿਊਰੋ ਦੀ 2021 ਦੀ ਭਾਰਤ ਰਿਪੋਰਟ ਅਨੁਸਾਰ ਵਿਆਹੁਤਾ ਸਮੱਸਿਆਵਾਂ ਕਾਰਨ ਲਗਭਗ 2016 ਤੋਂ 2020 ਤੱਕ 37,591 ਲੋਕਾਂ ਨੇ ਖ਼ੁਦਕੁਸ਼ੀ ਕੀਤੀ ਹੈ ਜਿਨ੍ਹਾਂ ਵਿੱਚੋਂ 7 ਫ਼ੀਸਦੀ ਮਾਮਲੇ ਤਲਾਕ ਨਾਲ ਸਬੰਧਿਤ ਸਨ। ਭਾਰਤ ਵਿੱਚ ਘੱਟ ਤਲਾਕ ਦਰ ਖੁਸ਼ਹਾਲ ਵਿਆਹਾਂ ਦਾ ਸੰਕੇਤ ਬਿਲਕੁਲ ਨਹੀਂ ਸਗੋਂ ਇਸ ਦਾ ਕਾਰਨ ਔਰਤਾਂ ਲਈ ਤਲਾਕ ਤੋਂ ਬਾਅਦ ਕੋਈ ਰਾਹ ਨਾ ਹੋਣਾ ਹੈ। ਆਰਥਿਕ ਤੌਰ ’ਤੇ ਮਰਦਾਂ ’ਤੇ ਨਿਰਭਰਤਾ ਕਾਰਨ ਔਰਤਾਂ ਤਲਾਕ ਸਮੇਂ ਵਕੀਲਾਂ ਦੇ ਖਰਚਿਆਂ ਦਾ ਬੋਝ ਚੁੱਕਣ ਤੋਂ ਅਸਮਰੱਥ ਹੁੰਦੀਆਂ ਹਨ। ਦੂਜਾ, ਬਹੁਤ ਸਾਰੀਆਂ ਔਰਤਾਂ ਤਲਾਕ ਤੋਂ ਬਾਅਦ ਆਪਣੇ ਅਤੇ ਆਪਣੇ ਬੱਚਿਆਂ ਦੀ ਦੇਖਭਾਲ ਕਰਨ ਦੇ ਸਮਰੱਥ ਨਹੀਂ ਹੁੰਦੀਆਂ। ਤੀਜਾ, ਪੱਛੜੀਆਂ ਕਦਰਾਂ-ਕੀਮਤਾਂ ਕਾਰਨ ਔਰਤਾਂ ਨੂੰ ਝੱਲਣਾ ਪੈਂਦਾ ਸਮਾਜਿਕ ਦਬਾਅ ਮਾਨਸਿਕ ਤੌਰ ’ਤੇ ਉਨ੍ਹਾਂ ਲਈ ਦੁਖਦਾਇਕ ਹੁੰਦਾ ਹੈ। ਭਾਰਤ ਇੱਕ ਸਰਮਾਏਦਾਰੀ ਤੇ ਜਾਗੀਰੂ ਦੇਸ਼ ਹੋਣ ਦੇ ਨਾਲ ਨਾਲ ਜਾਗੀਰੂ ਕਦਰਾਂ-ਕੀਮਤਾਂ ਵਿੱਚ ਜਕੜਿਆ ਹੋਇਆ ਹੈ। ਮਰਦ ਪ੍ਰਧਾਨ ਸਮਾਜ ਵਿੱਚ ਵਿਆਹ ਨੂੰ ਬਚਾਉਣ ਲਈ ਅਕਸਰ ਕੁਰਬਾਨੀਆਂ ਕਰਨ ਦੀ ਜ਼ਿੰਮੇਵਾਰੀ ਔਰਤਾਂ ਦੇ ਮੋਢਿਆਂ ’ਤੇ ਆਉਂਦੀ ਹੈ। ਜਾਗੀਰੂ ਪਰਿਵਾਰਕ ਕਦਰਾਂ-ਕੀਮਤਾਂ ਦਾ ਬੋਝ ਅਕਸਰ ਔਰਤਾਂ ਹੀ ਢੋਂਹਦੀਆਂ ਹਨ।

ਔਰਤਾਂ ਤੋਂ ਮੰਗ ਕੀਤੀ ਜਾਂਦੀ ਹੈ ਕਿ ਉਹ ਆਪਣੀ ਹੋਂਦ ਨੂੰ ਘਰ ਦੇ ਮੈਂਬਰਾਂ ਤੱਕ ਸੀਮਿਤ ਕਰ ਲਵੇ। ਔਰਤ ਦੀ ਖ਼ੁਦ ਦੀ ਪਛਾਣ ਪਹਿਲਾਂ ਪਿਤਾ, ਫਿਰ ਪਤੀ ਤੱਕ ਸਿਮਟ ਜਾਂਦੀ ਹੈ। ਇੱਥੋਂ ਤੱਕ ਕਿ ਆਪਣੇ ਵਿਆਹ ਨੂੰ ਬਚਾਉਣ ਲਈ, ਪਰਿਵਾਰ ਅਤੇ ਬੱਚਿਆਂ ਦੀ ਖ਼ਾਤਰ ਔਰਤ ਨੂੰ ਘਰੇਲੂ ਹਿੰਸਾ ਸਹਿਣ ਲਈ ਵੀ ਦਿਮਾਗ਼ੀ ਤੌਰ ’ਤੇ ਢਾਲਿਆ ਜਾਂਦਾ ਹੈ।

ਸਾਡੇ ਸਮਾਜ ਵਿੱਚ ਅਕਸਰ ਵਿਆਹ ਅਤੇ ਪਰਿਵਾਰ ਦੀ ਧਾਰਨਾ ਨੂੰ ਬਹੁਤ ਸਤਿਕਾਰ ਨਾਲ ਦੇਖਿਆ ਜਾਂਦਾ ਹੈ। ਇੱਕ ਧਾਰਨਾ ਬਣੀ ਹੋਈ ਹੈ ਕਿ ਪਰਿਵਾਰ



ਹੀ ਇੱਕੋ-ਇੱਕ ਸੁਰੱਖਿਅਤ ਥਾਂ ਹੈ ਜਿੱਥੇ ਰਿਸ਼ਤਿਆਂ ਦਾ ਨਿੱਘ, ਭਾਵਨਾਤਮਕ ਲੋੜਾਂ ਪੂਰੀਆਂ ਹੁੰਦੀਆਂ ਹਨ, ਪਰ ਸਾਡੇ ਅੱਜ ਦੇ ਸਮਾਜ ਵਿੱਚ ਸੱਚਾਈ ਇਨ੍ਹਾਂ ਧਾਰਨਾਵਾਂ ਦੇ ਐਨ ਉਲਟ ਹੈ। ਸਰਮਾਏ ’ਤੇ ਆਧਾਰਿਤ ਪਰਿਵਾਰਾਂ ਵਿੱਚ ਭਾਵਨਾਤਮਕ ਰਿਸ਼ਤਿਆਂ ਉੱਤੇ ਆਰਥਿਕ ਸਬੰਧ ਭਾਰੂ ਹੁੰਦੇ ਹਨ। ਜਿੱਥੇ ਪਰਿਵਾਰ ਦੇ ਮੁਖੀ ਦੇ ਤੌਰ ’ਤੇ ਮਰਦ ਦਾ ਗਲਬਾ ਹੁੰਦਾ ਹੈ, ਉੱਥੇ ਮਰਦ ਦੀ ਪਤਨੀ ਤੇ ਬੱਚੇ ਉਸ ਦੇ ਅਧੀਨ ਹੁੰਦੇ ਹਨ, ਔਰਤ ਦੀ ਹਾਲਤ ਗ਼ੁਲਾਮਾਂ ਵਾਲੀ ਹੁੰਦੀ ਹੈ, ਬਰਾਬਰੀ ਵਾਲੀ ਤਾਂ ਕਦੇ ਨਹੀਂ ਹੁੰਦੀ। ਉਸ ਮਾਮਲੇ ਵਿੱਚ ਵੀ ਨਹੀਂ ਜਿੱਥੇ ਉਹ ਮਰਦ ਦੇ ਬਰਾਬਰ ਆਰਥਿਕ ਤੌਰ ’ਤੇ ਮਜ਼ਬੂਤ ਹੋਵੇ। ਔਰਤਾਂ ਮਾਨਸਿਕ ਅਤੇ ਸਰੀਰਕ ਹਿੰਸਾ ਦਾ ਸ਼ਿਕਾਰ ਬਾਹਰੀ ਸਮਾਜ ਨਾਲੋਂ ਵੀ ਜ਼ਿਆਦਾ ਘਰ ਵਿੱਚ ਹੁੰਦੀਆਂ ਹਨ। ਸੰਸਾਰ ਪੱਧਰ ’ਤੇ ਤਿੰਨ ਅਰਬ ਔਰਤਾਂ ਅਜਿਹੀਆਂ ਥਾਵਾਂ ’ਤੇ ਰਹਿੰਦੀਆਂ ਹਨ ਜਿੱਥੇ ਵਿਆਹੁਤਾ ਬਲਾਤਕਾਰ ਨੂੰ ਅਪਰਾਧ ਨਹੀਂ ਮੰਨਿਆ ਜਾਂਦਾ। ਸੰਯੁਕਤ ਰਾਸ਼ਟਰ ਮੁਤਾਬਿਕ 19 ਦੇਸ਼ਾਂ ਦੀਆਂ ਔਰਤਾਂ ਨੂੰ ਕਾਨੂੰਨੀ ਤੌਰ ’ਤੇ ਆਪਣੇ ਪਤੀ ਦਾ ਕਹਿਣਾ ਮੰਨਣਾ ਜ਼ਰੂਰੀ ਹੈ। ਜ਼ਹਿਰੀਲੇ ਵਿਆਹ ਸਬੰਧਾਂ ਨਾਲੋਂ ਤਲਾਕ ਲੈ ਕੇ ਰਹਿਣਾ ਅਗਾਂਹਵਧੂ ਕਦਮ ਹੈ ਪਰ ਭਾਰਤ ਵਰਗੇ ਦੇਸ਼ ਵਿੱਚ ਤਲਾਕ ਲੈਣਾ ਅਕਾਊ ਤੇ ਬੋਝਲ ਪ੍ਰਕਿਰਿਆ ਹੈ। ਅੱਜ ਵੀ ਨੌਜਵਾਨ ਕੁੜੀਆਂ-ਮੁੰਡੇ ਆਪਣਾ ਮਨਪਸੰਦ ਜੀਵਨ ਸਾਥੀ ਚੁਣਨ ਦੇ ਹੱਕ ਤੋਂ ਵੀ ਵਾਂਝੇ ਹਨ। ਭਾਵੇਂ ਪਿਛਲੇ ਕੁਝ ਸਮੇਂ ਤੋਂ ਖ਼ਾਸ ਕਰਕੇ ਸ਼ਹਿਰਾਂ ਵਿੱਚ ਪਿਆਰ ਵਿਆਹਾਂ ਦਾ ਰੁਝਾਨ ਵਧਿਆ ਹੈ, ਪਰ ਅਜੇ ਵੀ ਅਜਿਹੇ ਵਿਆਹਾਂ ਦੀ ਗਿਣਤੀ ਆਟੇ ’ਚ ਲੂਣ ਬਰਾਬਰ ਹੀ ਹੈ। ਵਿਆਹ ਜ਼ਿਆਦਾਤਰ ਵਡੇਰਿਆਂ ਵੱਲੋਂ ਤੈਅ ਕੀਤੇ ਜਾਂਦੇ ਹਨ। ਇੱਕ ਦੂਸਰੇ ਤੋਂ ਬਿਲਕੁਲ ਅਣਜਾਣ ਦੋ ਵਿਅਕਤੀਆਂ ਨੂੰ ਜ਼ਿੰਦਗੀ ਭਰ ਲਈ ਆਪਸ ਵਿੱਚ ਨਰੜ ਦਿੱਤਾ ਜਾਂਦਾ ਹੈ। ਜੇਕਰ ਤਲਾਕ ਕਾਨੂੰਨਾਂ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਲੜਕੀਆਂ ਦੇ ਪੜ੍ਹ ਲਿਖ ਜਾਣ ਅਤੇ ਆਰਥਿਕ ਤੌਰ ’ਤੇ ਆਤਮ-ਨਿਰਭਰ ਹੋ ਜਾਣ ਦੇ ਸਿੱਟੇ ਵਜੋਂ ਇਹ ਕੁਜੋੜ ਟੁੱਟ ਰਹੇ ਹਨ ਤਾਂ ਇਹ ਮਾੜੀ ਗੱਲ ਨਹੀਂ।

ਹੁਣ ਵਿਕਸਿਤ ਸਰਮਾਏਦਾਰੀ ਪ੍ਰਬੰਧ ਵਾਲੇ ਦੇਸ਼ਾਂ ਦੀ ਤਰਜ਼ ’ਤੇ ਹੀ ਪੱਛੜੇ ਦੇਸ਼ਾਂ ਦੇ ਮਹਾਂਨਗਰਾਂ ’ਚ ਵੀ ਨੌਜਵਾਨ ਜੋੜੇ ਬਿਨਾਂ ਵਿਆਹ ਤੋਂ ਹੀ ਇਕੱਠੇ ਰਹਿਣ ਨੂੰ ਤਰਜੀਹ ਦੇਣ ਲੱਗੇ ਹਨ। ਇਨ੍ਹਾਂ ਮਹਾਂਨਗਰਾਂ ਵਿੱਚ ਅਜਿਹੇ ਨੌਜਵਾਨਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਹ ਬੱਚੇ ਪੈਦਾ ਕਰਨ ਅਤੇ ਉਨ੍ਹਾਂ ਦੀ ਪਰਵਰਿਸ਼ ਨੂੰ ਫਾਲਤੂ ਦਾ ਝੰਜਟ ਸਮਝਦੇ ਹਨ। ਇਨ੍ਹਾਂ ਦੇ ਵਿਆਹ ਤੋਂ ਬੇਮੁਖ ਹੋਣ ਦਾ ਇੱਕ ਕਾਰਨ ਇਹ ਵੀ ਹੈ ਕਿ ਜੇਕਰ ਵਿਆਹ ਤੋਂ ਬਾਅਦ ਨਾ ਨਿਭੀ ਤਾਂ ਤਲਾਕ ਲੈਣ ਲਈ ਅਦਾਲਤਾਂ ’ਚ ਧੱਕੇ ਖਾਣੇ ਪੈਂਦੇ ਹਨ। ਇਸ ਸਾਰੇ ਜੰਜਾਲ਼ ਤੋਂ ਬਚਣ ਦਾ ਇਨ੍ਹਾਂ ਨੇ ਇੱਕ ਤਰੀਕਾ ਕੱਢਿਆ ਹੈ ਕਿ ਬਿਨਾਂ ਵਿਆਹ ਦੇ ਹੀ ਇਕੱਠੇ ਰਿਹਾ ਜਾਵੇ। ਵਿਆਹ ਦੀ ਸੰਸਥਾ ਦੀ ਪਵਿੱਤਰਤਾ ਅਤੇ ਜ਼ਰੂਰਤ ਉੱਪਰ ਹੀ ਸਵਾਲ ਉਠਾਉਣ ਵਾਲਿਆਂ ਦੀ ਗਿਣਤੀ ਵੀ ਵਧ ਰਹੀ ਹੈ।

ਜਿਸ ਪਰਿਵਾਰ ਦੇ ਰੂਪ ਨੂੰ ਅਸੀਂ ਹੁਣ ਦੇਖ ਰਹੇ ਹਾਂ ‘ਇੱਕ ਪਤੀ-ਇੱਕ ਪਤਨੀ’ ਵਾਲਾ ਇਹ ਸ਼ੁਰੂ ਤੋਂ ਹੀ ਇੰਝ ਨਹੀਂ ਸੀ। ਪਰਿਵਾਰ ਦੇ ਵੀ ਸਮਾਜ ਦੇ ਵਿਕਾਸ ਵਾਂਗੂੰ ਅਲੱਗ-ਅਲੱਗ ਪੜਾਅ ਰਹੇ ਹਨ ਜਿਸ ਦਾ ਸਮਾਜ ਵਿਗਿਆਨੀਆਂ ਵੱਲੋਂ ਅਧਿਐਨ ਕੀਤਾ ਗਿਆ ਹੈ। ਪਰਿਵਾਰ ਦੀ ਮੁੱਢਲੀ ਬਣਤਰ ਬਾਰੇ ਵਿਸਥਾਰ ਵਿੱਚ ਗੱਲ ਕਰਨਾ ਤਾਂ ਸੰਭਵ ਨਹੀਂ ਹੈ ਪਰ ਸਮਾਜ ਦੇ ਆਰਥਿਕ-ਸਮਾਜਿਕ ਤਾਣੇ-ਬਾਣੇ ਦੇ ਅਨੁਸਾਰ ਹੀ ਪਰਿਵਾਰ ਦਾ ਰੂਪ ਵੀ ਹੋਂਦ ਵਿੱਚ ਆਇਆ। ਜਾਗੀਰੂ ਯੁੱਗ ਦੀ ਗੱਲ ਕਰੀਏ ਤਾਂ ਉਹ ਧਰਮ ਕੇਂਦਰਿਤ ਯੁੱਗ ਸੀ ਜਿੱਥੇ ਮਨੁੱਖ ਦੀਆਂ ਸਭ ਸਰਗਰਮੀਆਂ ’ਤੇ ਰਾਜੇ ਰਜਵਾੜਿਆਂ, ਧਰਮ, ਧਰਮ ਗੁਰੂਆਂ (ਜੋ ਕਈ ਮਾਮਲਿਆਂ ਵਿੱਚ ਜਾਗੀਰਦਾਰ ਵੀ ਹੁੰਦੇ ਸਨ) ਦਾ ਮੁਕੰਮਲ ਗਲਬਾ ਸੀ। ਔਰਤ ਨੂੰ ਤਲਵਾਰ ਦੇ ਜ਼ੋਰ ’ਤੇ ਹਾਸਲ ਕੀਤਾ ਜਾਂਦਾ ਸੀ। ਸੰਪੱਤੀਵਾਨ ਲਈ ਵਿਆਹ ਕਰਾਉਣਾ ਸਿਰਫ਼ ਇਸ ਲਈ ਜ਼ਰੂਰੀ ਸੀ ਤਾਂ ਕਿ ਉਨ੍ਹਾਂ ਦੀ ਜਾਇਦਾਦ ਉਨ੍ਹਾਂ ਦੀ ਆਪਣੀ ਸੰਤਾਨ ਨੂੰ ਮਿਲੇ। ਇਨ੍ਹਾਂ ਘਰਾਂ ’ਚ ਜਾਇਦਾਦ ਦੇ ਜਾਇਜ਼ ਵਾਰਿਸ ਪੈਦਾ ਕਰਨ ਤੋਂ ਵੱਧ ਇਸਤਰੀ ਦੀ ਕੋਈ ਹੈਸੀਅਤ ਨਹੀਂ ਸੀ। ਜਾਗੀਰਦਾਰ ਤਾਕਤ ਦੇ ਦਮ ’ਤੇ ਕਿਸੇ ਵੀ ਇਸਤਰੀ ਨੂੰ ਹਾਸਲ ਕਰ ਸਕਦੇ ਸਨ। ਸਰਮਾਏਦਾਰੀ ਅਤੇ ਪੂੰਜੀਵਾਦੀ ਜਮਹੂਰੀਅਤ ਆਉਣ ਨਾਲ ਪ੍ਰੇਮ ਦਾ ਜਨਮ ਹੋਇਆ, ਇਸਤਰੀਆਂ ਆਪਣੇ ਮਨਪਸੰਦ ਜੀਵਨ ਸਾਥੀ ਦੀ ਚੋਣ ਲਈ ਆਜ਼ਾਦ ਹੋਈਆਂ। ਸਮਾਂ ਪਾ ਕੇ ਸਰਮਾਏਦਾਰੀ ਸਮਾਜਾਂ ਵਿੱਚ ਔਰਤ-ਮਰਦ ਸਬੰਧਾਂ ਵਿੱਚ ਕਿਸੇ ਤੀਸਰੇ ਵਿਅਕਤੀ ਦਾ ਦਖ਼ਲ ਘੱਟ ਤੋਂ ਘੱਟ ਹੁੰਦਾ ਗਿਆ। ਵਿਆਹ ਸਬੰਧ ਹੁਣ ਸਿਰਫ਼ ਔਰਤ-ਮਰਦ ਦੇ ਆਪਸੀ ਪ੍ਰੇਮ ਅਤੇ ਪਸੰਦ-ਨਾਪਸੰਦ ’ਤੇ ਆਧਾਰਿਤ ਹੋ ਗਏ। ਵਿਕਸਿਤ ਦੇਸ਼ਾਂ ਵਿੱਚ ਜ਼ੋਰ ਜ਼ਬਰਦਸਤੀ ਜਾਂ ਵਡੇਰਿਆਂ ਦੁਆਰਾ ਤੈਅਸ਼ੁਦਾ ਵਿਆਹ ਦੀ ਕਲਪਨਾ ਕਰ ਸਕਣਾ ਮੁਸ਼ਕਿਲ ਹੈ ਪਰ ਭਾਰਤ ਜਿਹੇ ਵਿਕਾਸਸ਼ੀਲ ਸਰਮਾਏਦਾਰੀ ਦੇਸ਼ਾਂ ਵਿੱਚ ਅਜੇ ਵੀ ਜਾਗੀਰੂ ਕਦਰਾਂ ਕੀਮਤਾਂ ਦਾ ਬੋਲਬਾਲਾ ਹੈ।


ਅੱਜ ਭਾਵੇਂ ਪ੍ਰੇਮ ਵਿਆਹ ਹੋਣ ਜਾਂ ਤੈਅਸ਼ੁਦਾ ਵਿਆਹ, ਉਹ ਟਿਕ ਨਹੀਂ ਰਹੇ। ਅੱਜ ਦੇ ਸਰਮਾਏਦਾਰੀ ਸਮਾਜਾਂ ਵਿੱਚ ਵਿਆਹ ਸਰਮਾਇਆ ਵਧਾਉਣ ਦਾ ਜ਼ਰੀਆ ਹਨ। ਇਹ ਸ਼ੁੱਧ ਰੂਪ ਵਿੱਚ ਸੌਦੇਬਾਜ਼ੀ ਹੈ। ਇਹ ਅਸਲ ਵਿੱਚ ਦੋ ਸਰਮਾਇਆਂ ਦੀ ਜੁੜਤ ਹੈ।

ਅੱਜ ਦੇ ਸਰਮਾਏਦਾਰੀ ਸੰਸਾਰ ਵਿੱਚ ਔਰਤ-ਮਰਦ ਇਸ ਲਈ ਵਿਆਹ ਸਬੰਧਾਂ ਵਿੱਚ ਨਹੀਂ ਬੱਝਦੇ ਕਿ ਉਹ ਇੱਕ ਦੂਸਰੇ ਨੂੰ ਪਿਆਰ ਕਰਦੇ ਹਨ, ਇੱਕ ਦੂਸਰੇ ਪ੍ਰਤੀ ਡੂੰਘੀਆਂ ਭਾਵਨਾਵਾਂ ਰੱਖਦੇ ਹਨ ਸਗੋਂ ਨਿਰੋਲ ਇੰਦਰੀਆਵੀ ਭੋਗ ਅਤੇ ਸਰਮਾਏ ’ਚ ਵਾਧਾ ਵਿਆਹ ਦੇ ਆਧਾਰ ਬਣ ਚੁੱਕੇ ਹਨ। ਫਰਾਂਸੀਸੀ ਨਾਵਲਕਾਰ ਫਲਾਬੇਅਰ ਦਾ ਕਹਿਣਾ ਹੈ ਕਿ ਆਮ ਤੌਰ ’ਤੇ 95 ਫ਼ੀਸਦੀ ਵਿਆਹੇ ਜੋੜੇ ਬੇਵਫ਼ਾ ਹੁੰਦੇ ਹਨ। ਜਿੱਥੇ ਵਿਆਹੇ ਜੋੜੇ ਬੇਵਫ਼ਾਈ ਨਹੀਂ ਵੀ ਕਰਦੇ, ਉੱਥੇ ਵੀ ਜ਼ਿਆਦਾਤਰ ਮਾਮਲਿਆਂ ਵਿੱਚ ਇਸ ਦੀ ਵਜ੍ਹਾ ਇੱਕ-ਦੂਸਰੇ ਪ੍ਰਤੀ ਪਿਆਰ ਦੀਆਂ ਭਾਵਨਾਵਾਂ ਨਹੀਂ ਸਗੋਂ ਹੋਰ ਕਾਰਨ ਹੁੰਦੇ ਹਨ ਜਿਵੇਂ ਸਮਾਜਿਕ ਨਮੋਸ਼ੀ ਦਾ ਡਰ, ਆਰਥਿਕ ਅਸੁਰੱਖਿਆ, ਧਰਮ ਗ੍ਰੰਥਾਂ ਵੱਲੋਂ ਸਿਰਜਿਆ ਕਲਪਿਤ ਭੈਅ ਆਦਿ। ਅਜਿਹੀ ਚਰਚਾ ਅਕਸਰ ਸੁਣਨ ਨੂੰ ਮਿਲਦੀ ਹੈ ਕਿ ਪੜ੍ਹ-ਲਿਖ ਕੇ ਵੱਡੀ ਡਿਗਰੀ ਹਾਸਲ ਕਰਨ ਨਾਲ ਲੜਕੇ ਜਾਂ ਲੜਕੀ ਦੀ ਵਿਆਹ ਮੰਡੀ ਵਿੱਚ ਕੀਮਤ ਵਧ ਜਾਂਦੀ ਹੈ। ‘ਮੰਡੀ ਮੁੱਲ’ ਜਿਹੇ ਸ਼ਬਦ ਸ਼ਰਮ ਦੀ ਥਾਂ ਮਾਣ ਦਾ ਸਬੱਬ ਬਣ ਗਏ ਹਨ। ਇਸ ਲਈ ਇਸ ਤਰ੍ਹਾਂ ਦੇ ਵਿਆਹ ਅੱਜ ਤੇਜ਼ੀ ਨਾਲ ਟੁੱਟ ਰਹੇ ਹਨ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ ਹੋਣੀ ਚਾਹੀਦੀ। ਜਿੱਥੇ ਇਹ ਨਹੀਂ ਟੁੱਟਦੇ ਉੱਥੇ ਸਾਰੀ ਉਮਰ ਧੂਹ ਘੜੀਸ ਚੱਲਦੀ ਰਹਿੰਦੀ ਹੈ ਜਾਂ ਅਜਿਹੇ ਰਿਸ਼ਤੇ ਅੰਦਰੋਂ ਟੁੱਟ ਹੀ ਚੁੱਕੇ ਹਨ ਬਸ ਦਿਖਾਵੇ ਵਜੋਂ ਹੀ ਬਚੇ ਹੁੰਦੇ ਹਨ।

ਔਰਤ-ਮਰਦ ਸਬੰਧਾਂ ਸਮੇਤ ਅੱਜ ਸਾਰੇ ਮਨੁੱਖੀ ਸਬੰਧਾਂ ਦੇ ਆਪਸੀ ਪ੍ਰੇਮ, ਸਤਿਕਾਰ, ਭਰੋਸੇ ’ਤੇ ਆਧਾਰਿਤ ਹੋਣ ਦੇ ਰਾਹ ਵਿੱਚ ਸਭ ਤੋਂ ਵੱਡੀ ਰੁਕਾਵਟ ਨਿੱਜੀ ਸੰਪਤੀ ਆਧਾਰਿਤ, ਮੁਨਾਫ਼ੇ ਦੀ ਹਵਸ ਦੇ ਇਰਦ ਗਿਰਦ ਘੁੰਮਦਾ ਸਰਮਾਏਦਾਰੀ ਢਾਂਚਾ ਹੈ। ਇਸ ਢਾਂਚੇ ਨੇ ਇਨਸਾਨ ਤੋਂ ਇਨਸਾਨੀਅਤ ਖੋਹ ਲਈ ਹੈ। ਮਨੁੱਖੀ ਸਬੰਧਾਂ ਨੂੰ ਸਵੈਮਾਨ ਬਣਾਉਣ ਲਈ ਸਰਮਾਏਦਾਰੀ ਢਾਂਚੇ ਦਾ ਫਸਤਾ ਵੱਢਣਾ ਜ਼ਰੂਰੀ ਹੈ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ

REPAIR & SERVICES
ਸੰਪਰਕ ਕਰੋ
604-773-7258 (ਸਰੀ)

ICC Accounting Services Inc.
ICC ACCOUNTING SERVICES INC.


ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4

Gurnek Bangar
(Pasla)

# ਏਥੇ ਕੀਹਨੇ ਰਹਿਣੈ ਹੈ..ਜੀ?

ਵਲੋਂ : ਗੁਰਬਾਜ ਸਿੰਘ ਤਰਨ ਤਾਰਨ
ਸੰਪਰਕ : 09872334944



"ਅੱਜ ਪੰਜਾਬ ਨੂੰ ਸਭ ਤੋਂ ਵੱਧ ਖੋਖਲਾ ਨਸ਼ਾ ਕਰ ਰਿਹਾ ਹੈ। ਇੱਥੇ ਨਸ਼ਾਂ ਪੰਜਾਬ ਦੀ ਨਸ-ਨਸ ਵਿੱਚ ਵੜ ਚੁੱਕਾ ਹੈ। ਨੌਜਵਾਨ ਪੀੜੀ ਬੇਰੁਜਗਾਰੀ ਕਾਰਨ ਤਨਾਓ ਦਾ ਸ਼ਿਕਾਰ ਹੋ ਕੇ ਨਸ਼ਾ ਕਰਦੀ ਹੈ, ਤੇ ਨਸ਼ੇ ਦੀ ਘਾਟ ਪੂਰੀ ਕਰਨ ਲਈ ਉਤੋਂ ਲੁੱਟਾਂ ਖੋਹਾਂ ਤੇ ਉਤਾਰੂ ਹੋ ਜਾਂਦੀ ਹੈ। ਇਸ ਤੋਂ ਵੱਧ ਅੱਜ ਗੈਂਗਸਟਰਾਂ ਨੇ ਵੀ ਪੰਜਾਬ ਦੀ ਆਬੋ-ਹਵਾ ਖਰਾਬ ਹੋ ਚੁੱਕੀ ਹੈ। ਅਖਬਾਰਾਂ ਵੀ ਲੁੱਟਾਂ-ਖੋਹਾਂ ਤੇ ਮਾਰ ਕੱਟ ਨਾਲ ਭਰੀਆਂ ਮਿਲਦੀਆਂ ਨੇ ਰੋਜ। ਜਿਸ ਕੋਲ ਚਾਰ ਪੈਸੇ ਹੁੰਦੇ ਹਨ, ਉਸਨੂੰ ਧਮਕੀਆਂ ਮਿਲਣੀਆਂ ਸੁਰੂ ਹੋ ਜਾਂਦੀਆਂ ਨੇ ਜੀ। ਸਰ ਜੀ, ਮੁੱਕਦੀ ਗੱਲ਼, ਏਥੇ ਨਾ ਕੋਈ ਰੱਜ ਕੇ ਕਮਾ ਸਕਦਾ, ਨਾ ਹੰਢਾ ਸਕਦਾ ਤੇ ਨਾ ਹੀ ਕਮਾਈ ਲੁਕਾ ਕੇ ਰੱਖ ਸਕਦਾ।" ਹੋਰ ਸੁਣੋ, ਕੱਲ਼ ਮੇਰੇ ਮਾਮੇ ਦੇ ਮੁੰਡੇ ਨੇ ਫੋਨ ਕੀਤਾ ਤੇ ਦੱਸਿਆ ਕਿ ਉਨੇ ਕਨੇਡਾ ਵਿੱਚ ਆਪਣੇ ਮੰਮੀ ਡੈਡੀ ਨੂੰ ਸੂਪਰ ਵੀਜੇ ਤੇ ਬੁਲਾਇਆ ਸੀ ਉਹ ਪੱਕੇ ਹੋ ਗਏ ਤੇ ਹੁਣ ਦੋਵਾਂ ਦੀ ਪੈਂਤੀ ਸੌ ਡਾਲਰ ਮਹੀਨਾ ਪੈਨਸ਼ਨ ਲੱਗ ਗਈ ਹੈ, ਇਧਰ ਦੇ ਲਗਭਗ ਦੋ-ਸਵਾ ਦੋ ਲੱਖ ਰੁਪਏ ਤਾਂ ਬੁਢਾਪਾ ਪੈਨਸ਼ਨ ਲੱਗੀ ਆ, ਇੱਧਰ ਵੇਖੋਂ ਪਹਿਲਾਂ ਤਾਂ ਬੁਢਾਪਾ ਪੈਨਸ਼ਨ ਦਾ ਫਾਰਮ ਹੀ ਛੇਤੀ ਕੰਪਲੀਟ ਨਹੀਂ ਹੁੰਦਾ, ਪਤਾ ਨੀ ਕਿੰਨੀਆਂ ਰਿਪੋਟਾਂ ਲੱਗਦੀਆਂ ਨੇ, ਨੰਬਰਦਾਰ, ਸਰਪੰਚ, ਪਟਵਾਰੀ, ਕਾਨੂੰਗੋ, ਤਸੀਲਦਾਰ, ਫੇਰ ਜੇ ਫਾਰਮ ਭਰ ਵੀ ਲਈਏ ਤਾਂ ਸੇਵਾ ਕੇਂਦਰਾਂ ਦੀਆਂ ਲੰਮੀਆਂ ਲੰਮੀਆਂ ਲਾਇਨਾਂ ਤੇ ਉੱਤੋਂ ਫੇਰ ਨੁਕਸ ਨਿਕਲ ਆਵੇ, ਕੋਈ ਕਾਗਜ ਘੱਟ ਵੱਧ ਹੋਜੇ ਤਾਂ ਫੇਰ ਦਫਤਰਾਂ ਦੇ ਚੱਕਰ..."

ਅੱਜ ਦਫਤਰੋਂ ਬੱਸ ਫੜਕੇ ਘਰ ਜਾਣਾ ਪੈਣਾ ਸੀ, ਬਰਾਂਚ ਦੇ ਸੇਵਾਦਾਰ ਨੂੰ ਕਿਹਾ ਕਿ ਮੈਨੂੰ ਬੱਸ ਸਟੈਂਡ ਤੱਕ ਛੱਡ ਆਵੀਂ। ਬੱਸ ਸਟੈਂਡ ਆਇਆ ਤਾਂ ਵੇਖ ਹੈਰਾਨੀ ਹੋਈ ਕਿ ਸਭ ਘਰਾਂ ਵਿੱਚ ਆਵਾਜਾਈ ਦੇ ਬਥੇਰੇ ਸਾਧਨ ਹੋਣ ਦੇ ਬਾਵਜੂਦ ਵੀ ਕਾਫੀ ਲੋਕ ਬੱਸ ਦੀ ਉਡੀਕ ਵਿੱਚ ਸਨ ਸ਼ਾਇਦ ਔਰਤਾਂ ਦੇ ਅਧਾਰ ਕਾਰਡ ਤੇ ਮੁਫਤ ਸਫਰ ਵਾਲੀ ਸਕੀਮ ਵਾਲੀਆਂ ਸਵਾਰੀਆਂ ਜਿਆਦਾ ਗਿਣਤੀ ਵਿੱਚ ਹੋਣ ਕਾਰਨ ਭੀੜ ਵੱਧ ਲੱਗੀ। ਚਲੋ ਬੱਸ ਆਈ ਧੱਕਾ ਮੁੱਕੀ ਹੋਣੀ ਲਾਜਮੀ ਸੀ, ਔਖੇ ਸੌਖੇ ਇਕ ਨੁੱਕਰੀ ਸੀਟ ਮਿਲ ਹੀ ਗਈ। ਗਰਮੀਂ ਪਸੀਨੇ ਤੇ ਹੁੰਮਸ ਦੇ ਕਾਰਨ ਬੱਸ ਬੱਦ ਹਵਾਸੀ ਤੇ ਪਰੇਸ਼ਾਨੀ ਦੇ ਆਲਮ ਵਾਲੀ ਹਾਲਤ ਸੀ। ਹੈਰਾਨਗੀ ਤੇ ਤਰਸ ਵੀ ਆ ਰਿਹਾ ਸੀ ਕਿ ਅਜੇ ਵੀ ਸਾਡੇ ਸਿਸਟਮ ਵਿੱਚ ਸੁਧਾਰ ਦੀ ਲੋੜ ਸੀ ਜੋ ਕਿ ਵਿੰਗਾ-ਟੇਡਾ ਜਿਹਾ ਸੁਪਨਾ ਹੈ। ਚਲੋ ਇੱਕ ਬੇਸੁਰੇ ਤੇ ਬੇਮੌਕੇ-ਮੇਲ ਜਿਹਾ, ਸਿਰ ਖਾਣ ਵਾਲਾ ਗਾਣਾ ਵੀ ਸ਼ੁਰੂ ਹੋ ਗਿਆ ਸੀ। ਲੋਕ ਹਰ ਅੱਡੇ ਤੇ ਖਾਲੀ ਹੋਣ ਵਾਲੀ ਸੀਟ ਨੂੰ ਬੜੀ ਸ਼ਿੱਦਤ ਨਾਲ ਤੱਕ ਰਹੇ ਤੇ ਕਾਹਲੀ ਕਾਹਲੀ ਮੱਲ ਰਹੇ ਸਨ।

ਛੋਟੇ ਅੱਡਿਆਂ ਤੋ ਬਾਦ ਬੱਸ ਸ਼ਹਿਰ ਦੇ ਬਾਹਰ ਵਾਲੀ ਸੜਕ ਰਾਹੀਂ ਆਈਲਟਸ ਸੈਂਟਰਾਂ ਮੂਹਰਿਓ ਗੁਜਰੀ ਤਾਂ ਅਨੇਕਾਂ ਨੌਜਵਾਨ ਮੁੰਡੇ ਕੁੜੀਆਂ ਦਿਖੇ ਜੋ ਕੁਝ ਤਾਂ ਅੰਦਰ ਲੰਘ ਆਏ ਤੇ ਬਹੁਤੇ ਬੱਸ ਦੀਆਂ ਬਾਰੀਆਂ ਰਾਹੀਂ ਬਾਹਰ ਹੀ ਲਮਕ ਗਏ ਸਨ। ਦੋ ਲੜਕੇ ਮੇਰੀ ਸੀਟ ਦੇ ਨਜਦੀਕ ਆ ਖੜ ਗਏ। ਮੈਂ ਪੁੱਛਿਆ, " ਕਾਕੇ, ਕਿਹੜੀ ਕਲਾਸ ਵਿੱਚ ਪੜਦੇ ਹੋ ?"

" ਸਰ, ਅਸੀ ਪਲਸ ਟੂ ਕਰੀ ਹੈ ਜੀ, ਹੁਣ ਆਈਲੈਟਸ ਕਰ ਰਹੇ ਹਾਂ। " " ਅੱਛਾ, ਬਾਹਰ ਜਾਣੈ ਫਿਰ ਤੁਸੀਂ ? "

" ਹਾਂਜੀ ਸਰ, ਬਾਹਰ ਜਾਣੈ ਐ ਜੀ, ਏਥੇ ਰੱਖਿਆ ਵੀ ਕੀ ਹੈ ? ਏਥੇ ਕੀਹਨੇ ਰਹਿਣੈ ਹੈ..ਜੀ ?"

ਮੈਂ ਉਸ ਲੜਕੇ ਦਾ ਜੁਆਬ ਸੁਣ ਕੇ ਬੜਾ ਹੈਰਾਨ ਹੋ ਰਿਹਾ ਸੀ ਭਾਵੇਂ ਕਿ ਇਹ ਮਸਲਾ ਤੇ ਵਿਚਾਰ ਹੈਰਾਨਗੀ ਵਾਲਾ ਬਹੁਤਾ ਹੈ ਨਹੀਂ ਸੀ, ਸ਼ਾਇਦ ਉਹ ਲੜਕੇ ਉਨਾਂ ਦੀ ਸੋਚ ਮੁਤਾਬਕ ਕਾਫੀ ਹੱਦ ਤੱਕ ਠੀਕ ਸਨ। ਪਰ ਫੇਰ ਵੀ ਇੰਨੀ ਜਿਆਦਾ ਲਾਲਸਾ ਤੇ ਪਲਾਇਨਵਾਦੀ ਰੁਚੀ ਤੇ ਆਪਣੀ ਜੰਮਣ ਭੌਂ ਨਾਲ ਏਨੀ ਬੇਰੁਖੀ ਕਿਉਂ ਸੀ। ਫੇਰ ਵੀ ਮੈਂ ਉਹਨਾ ਨੂੰ ਹੋਰ ਟੋਹਣ ਲਈ ਪੁੱਛਣਾ ਚਾਹਿਆ, " ਪਰ, ਕਾਕਾ ਏਥੇ ਕਿਸ ਚੀਜ ਦੀ ਕਮੀ ਹੈ, ਸਭ ਕੁਝ ਤਾਂ ਹੈ ਏਥੇ। "

ਦੂਜਾ ਮੁੰਡਾ ਬੋਲਿਆ, " ਕਿੱਥੇ ਸਰ, ਕੀ ਕਹਿਣੈ ਪਏ ਓ ਤੁਸੀਂ, ਏਥੇ ਕੰਮ ਹੈਨੀ ਜੀ, ਨੌਕਰੀਆਂ ਕਿੱਥੇ ਨੇ, ਪ੍ਰਾਈਵੇਟ ਪੰਜ-ਛੇ ਹਜਾਰ ਤੋਂ ਵੱਧ ਕੋਈ ਪੈਸਾ ਨਹੀਂ ਭਰਦਾ, ਏਨਾ ਪੜ ਕੇ ਏਥੇ ਰੁਲਣ ਦਾ ਕੀ ਫਾਇਦਾ, ਵਾਤਾਵਰਨ ਏਥੇ ਖਰਾਬ, ਬਿਮਾਰੀਆਂ, ਮਿਲਾਵਟਾਂ ਏਥੇ, ਸਰਕਾਰੇ ਦਰਬਾਰੇ ਕਿਸੇ ਦੇ ਕੋਈ ਕੰਮ ਨਹੀਂ ਹੁੰਦੇ, ਕਿਸੇ ਵੀ ਦਫਤਰ ਚਲੇ ਜਾਓ, ਗੇੜੇ ਤੇ ਗੇੜੇ ਲਵਾਉਂਦੇ ਨੇ, ਰਿਸ਼ਵਤ ਭਾਵੇਂ ਬੰਦ ਹੋ ਗਈ ਹੈ ਪਰ ਕੰਮ ਅਜੇ ਵੀ ਕਿਸੇ ਦੇ ਨਹੀਂ ਹੁੰਦੇ, ਮਹਿੰਗਾਈ ਏਥੇ ਵਧਦੀ ਜਾ ਰਹੀ ਹੈ, ਪਾਣੀ ਧਰਤੀ ਦੇ ਮੁੱਕ ਰਹੇ, ਖੇਤੀ ਵੀ ਘਾਟੇ ਦੀ ਹੋ ਗਈ ਹੈ, ਹਰ ਥਾਂ ਧਰਨੇ, ਹਰ ਥਾਂ ਲੁੱਟ ਖੋਹ ਤੇ ਕਤਲੇਆਮ ਹੋ ਰਹੇ ਨੇ। "

ਮੈਂ ਫੇਰ ਕਿਹਾ, " ਕਾਕਾ, ਪਰ ਤੁਹਾਡੇ ਮਾਂ ਪਿਓ ਕੌਣ ਸਾਂਭੂ ਤੇ ਖੇਤ ਕੌਣ ਦੇਖੂਗਾ। "

"ਸਰ ਜੀ, ਖੇਤਾਂ ਚ ਕੌਣ ਸਿਰ ਮਾਰੇ, ਹੁਣ ਨੀ ਹੁੰਦੀ ਖੇਤੀ, ਖੇਤੀ ਤਾਂ ਅਜਕਲ ਠੇਕੇ ਤੇ ਦੇ ਦਈਦੀ ਹੈ ਤੇ ਸਾਡੇ ਵਿੱਚ ਇਕ ਭਰਾ ਮਾਂ ਪਿਓ ਕੋਲ ਰਹੂੰਗਾ ਤੇ ਇੱਕ ਕਮਾਈ ਲਈ ਬਾਹਰ ਜਾਊਗਾ ਤੇ ਜਦ ਪੱਕੇ ਹੋ ਗਏ, ਸੈਟ ਹੋ ਗਏ ਤਾਂ ਮਾਂ ਪਿਓ ਨੂੰ ਵੀ ਨਾਲ ਲੈ ਜਾਵਾਂਗੇ। ਸਾਡੇ ਲਗਭਗ ਸਾਰੇ ਰਿਸ਼ਤੇਦਾਰ ਬਾਹਰ ਹੀ ਨੇ, ਰਹਿਣ ਦਾ ਜੁਗਾੜ ਹੋ ਹੀ ਜਾਣਾ ਤੇ ਕੰਮ ਦਾ ਵੀ ਤੇ ਨਾਲੇ ਸਰ ਦੋ ਸਾਲ ਟਿਕ ਕੇ ਲਾ ਲਊ ਏਥੇ ਦੇ ਦਸ ਸਾਲ ਜਿੰਨੀ ਕਮਾਈ ਕਰ ਲਈਦੀ ਹੈ। ਤੁਹਾਨੂੰ ਪਤੈ ਸਾਡੇ ਨਾਲਦੇ ਦੋ ਮੁੰਡੇ ਪਿਛਲੇ ਦੋ ਸਾਲ ਪਹਿਲਾਂ ਸਟੱਡੀ ਤੇ ਗਏ ਨੇ, ਕਨੇਡਾ ਤੋਂ ਅਮਰੀਕਾ ਟਰਾਲਾ ਚਲਾਉਂਦੇ ਨੇ ਬਾਹਲੇ ਨਹੀਂ ਤਾਂ ਤਿੰਨ ਚਾਰ ਲੱਖ ਮਹੀਨੇ ਦਾ ਅਰਾਮ ਨਾਲ ਕਮਾ ਲੈਂਦੇ ਨੇ, ਹੁਣ ਤਾਂ ਉਨਾਂ ਨੇ ਬੀ.ਐਮ.ਡਬਲਯੂ ਵੀ ਲੈ ਲਈ ਹੈ। ਤੁਸੀਂ ਦੱਸੋ ਹੁਣ ਭਵਿੱਖ ਏਥੇ ਵਧੀਆ ਹੈ ਜਾਂ ਬਾਹਰ, ਏਥੇ ਤਾਂ ਬੰਦਾ ਸਿਰਫ ਸੁਪਨੇ ਹੀ ਲੈ ਸਕਦਾ, ਪੂਰੇ ਕਰਨੇ ਨੂੰ ਜਿੰਦਗੀ ਲੰਘ ਜਾਣੀ ਹੈ। "

ਲੜਕੇ ਵਲੋਂ ਗਿਣਾਏ ਸਾਰੇ ਕਾਰਨ ਲਗਭਗ ਸਹੀ ਲੱਗ ਰਹੇ ਸਨ। ਮੈਂ ਫੇਰ ਪੁੱਛਿਆ ਬਈ, ਕਾਕੇ, " ਜੋ ਕੰਮ ਤੁਸੀਂ ਉੱਥੇ ਕਰਨੈ ਨੇ, ਉਹ ਏਥੇ ਵੀ ਤਾਂ ਹੋ ਸਕਦੇ ਨੇ, ਸਾਡੇ ਸਾਰੇ ਕੰਮ ਪਰਵਾਸੀ ਮਜਦੂਰ ਪੰਜਾਬ ਆ ਕੇ ਕੰਮ ਕਰਕੇ ਹਜਾਰਾਂ-ਲੱਖਾਂ ਕਮਾ ਰਹੇ ਨੇ, ਕਿਤੇ ਨਾ ਕਿਤਿਓਂ ਤਾਂ ਸੁਰੂਆਤ ਕਰਨੀ ਹੀ ਪਊਗੀ। "

ਉਹ ਫੇਰ ਬੋਲਿਆ, " ਸਰ, ਕਿਹੜੇ ਕੰਮ ਜੀ? ਬਈਏ.. ਜੋ ਰੇੜੀਆਂ ਤੇ ਕਰਦੇ ਨੇ, ਝੋਨਾ ਲਾਉਂਦੇ ਨੇ, ਕਣਕਾਂ ਵੱਢਦੇ ਨੇ, ਲੇਬਰ ਕਰਦੇ ਨੇ, ਅਸੀਂ ਏਨਾ ਪੜਕੇ, ਡਿਗਰੀਆਂ ਤੇ ਲੱਖਾਂ ਹਜਾਰਾਂ ਖਰਚ ਕੇ ਪੰਜ ਸੌ, ਚਾਰ ਸੌ ਦੀ ਦਿਹਾੜੀ ਕਰੀਏ, ਲੋਕ ਕੀ ਕਹਿਣਗੇ ਬਈ ਜਿੰਮੀਦਾਰਾਂ ਦੇ ਮੁੰਡੇ ਏਨਾ ਪੜ ਕੇ ਦਿਹਾੜੀਆਂ ਕਰਦੇ ਫਿਰਦੇ ਨੇ, ਨਾਲੇ ਬਈਆਂ ਦਾ ਗੁਜਾਰਾ ਹੋ ਜਾਂਦੈ ਏਨੇ ਕੁ ਵਿੱਚ, ਸਾਡਾ ਨੀ ਹੋਣਾ ਜੀ। ਪੰਜਾਬ ਵਿੱਚ ਪ੍ਰਾਈਵੇਟ ਸੈਕਟਰ ਅਵਲ ਤਾਂ ਹੈ ਨੀ, ਜੇ ਪ੍ਰਾਈਵੇਟ ਸੈਕਟਰ ਨੂੰ ਜਾਵਾਂਗੇ ਤਾਂ ਪੰਜ ਦਸ ਹਜਾਰ ਤੋਂ ਵੱਧ ਕਿਤੇ ਕੋਈ ਸੈਲਰੀ ਨਹੀ ਹੈ। ਸਰ, ਸਰਕਾਰ ਨੂੰ ਵੱਧ ਤੋਂ ਵੱਧ ਨੌਕਰੀਆਂ ਕੱਢਨੀਆਂ ਚਾਹੀਦੀਆਂ ਨੇ ਉਹ ਵੀ ਪੱਕੀਆਂ, ਪੈਨਸ਼ਨ ਸਰਕਾਰੀ ਨੌਕਰੀਆਂ ਚਂ ਵੈਸੇ ਵੀ ਨਹੀ ਹੈਗੀ, ਤਿੰਨ-ਤਿੰਨ ਸਾਲ ਦਾ ਪਰੋਬੇਸ਼ਨ ਕਾਲ ਦਾ ਵਧਾ ਦਿੱਤਾ, ਬੇਸਿਕ ਸੈਲਰੀ ਤੇ ਕੋਈ ਭੱਤਾ ਨਹੀਂ, ਗੁਜਾਰੇ ਬੱਚਿਆਂ ਤੇ ਬੁੱਢੇ ਮਾਂ-ਪਿਓਆਂ ਦੇ ਕਿਵੇਂ ਕਰਨਗੇ, ਰਹਿੰਦੀ-ਖੂੰਹਦੀ ਕਸਰ ਤਾਂ ਪਿੰਡਾਂ ਦੇ ਜਵਾਨਾਂ ਦੀ ਅਗਨੀਵੀਰ ਨਾਂ ਦੀ ਸਕੀਮ ਨੇ ਕੱਢ ਲਈ ਹੈ। ਸਾਰੀ ਉਮਰ ਭਰ ਦੀ ਰੋਟੀ ਖੋਹ ਲਈ ਅਗਨੀਵੀਰ ਬਣਾ ਕੇ ਫੌਜੀਆਂ ਨੂੰ, ਦੱਸੋ ਕੌਣ ਕਰੂੰ ਹੁਣ, ਚਾਰ ਸਾਲ ਫੌਜ ਦੀ ਨੌਕਰੀ ਹੁਣ।"

ਮੈਂ ਉਨਾਂ ਨੂੰ ਫੇਰ ਹਲੂੰਨਣਾ ਚਾਹਿਆ, " ਕਾਕੇ, ਸਰਕਾਰ ਐਨੀ ਵੀ ਮਾੜੀ ਨੀ, ਲੋਕਾਂ ਦੀ ਸਹੂਲਤ ਲਈ ਕਈ ਕੰਮ ਕਰ ਹੀ ਰਹੀ ਹੈ ਨਾ। "

ਉਹ ਬੋਲਿਆ, " ਸਰ, ਛੱਡੋ ਪਰੇ, ਕਿਹੜੇ ਕੰਮ,, ਤੁਸੀ ਆਪ ਸਿਆਣੇ ਓ, ਛੋਟੀ ਜਿਹੀ ਉਦਾਹਰਨ ਹੈ,,ਕਿਸੇ ਵੀ ਦਫਤਰ ਚਲੇ ਜਾਓ, ਗੇੜਿਆਂ ਤੋਂ ਬਿਨਾਂ ਕੋਈ ਕੰਮ ਨਹੀਂ ਹੁੰਦਾ ਜੀ, ਥਾਣੇ ਚਲੇ ਜਾਓ, ਕੰਮ ਤਾਂ ਦੂਰ ਪਹਿਲੀ ਤਾਂ ਗੱਲ ਤੁਹਾਨੂੰ ਕੋਈ ਬੈਠਣ ਲਈ ਹੀ ਨੀ ਕਹੇਗਾ, ਫੇਰ ਤੁਹਾਡਾ ਐ ਕਾਗਜ ਘੱਟ ਹੈ ਔਹ ਕਾਗਜ ਨਹੀ ਹੈਗਾ। ਛੇਤੀ ਤਾਂ ਸ਼ਿਕਾਇਤ, ਕੇਸ ਹੀ ਦਰਜ ਨਹੀ ਕਰਦੇ। ਰਿਸ਼ਵਤ ਦਿਓਗੇ ਤਾਂ ਫੇਰ ਹੀ ਤੁਹਾਡੀ ਗੱਲ ਨੂੰ ਕੋਈ ਕੰਨ ਕਰੂਗਾ ਜੀ। "

ਦੂਜਾ ਮੁੰਡਾ ਬੋਲਿਆ, " ਮੇਰੇ ਇੱਕ ਦੋਸਤ ਦੀ ਮਾਤਾ ਨੂੰ ਸਿਵਲ ਹਸਤਪਤਾਲ ਦਾਖਲ ਕਰਵਾਉਣਾ ਪਿਆ ਉਹ ਘਰੋਂ ਥੋੜਾ ਹੌਲਾ ਸੀ, ਮੈਂ ਦੇਖਿਆ ਜੀ, ਸਿਵਲ ਹਸਪਤਾਲ ਬਾਥਰੂਮਾਂ ਵਿੱਚ ਨੱਕ ਨਹੀ ਦੇ ਸਕਦੇ ਤੁਸੀਂ, ਬੈੱਡ ਗੰਦੇ, ਕੁਰਸੀਆਂ ਹੈਨੀ, ਪਰਿਵਾਰਾਂ ਦੇ ਮੈਂਬਰ ਭੁੰਜੇ ਹੀ ਲੰਮੇ ਪਏ ਦੇਖੇ ਮੈਂ, ਨਾ ਫਰਸ਼ ਸਾਫ ਨਾ ਉੱਥੋਂ ਦੇ ਛੋਟੇ ਮੁਲਾਜਮਾਂ ਦਾ ਲਹਿਜਾ ਸਾਫ ਹੈ, ਜਨਰਲ ਵਾਰਡ ਵਿੱਚ ਜਗਾ ਥੋੜੀ ਹੈ ਮਰੀਜ ਜਿਆਦਾ ਭਰਤੀ ਕੀਤੇ ਪਏ ਨੇ, ਮਸ਼ੀਨਾਂ ਦੀ, ਦਵਾਈਆਂ ਦੀ ਘਾਟ ਹੈ, ਟੈਸਟ ਬਾਹਰੋਂ ਕਰਵਾਉਣੇਂ ਪੈਂਦੇ ਨੇ।"

ਸਰ, ਤੁਸੀਂ ਜਾਣਦੇ ਹੋ, ਅੱਜ ਪੰਜਾਬ ਨੂੰ ਸਭ ਤੋਂ ਵੱਧ ਖੋਖਲਾ ਨਸ਼ਾ ਕਰ ਰਿਹਾ ਹੈ। ਇੱਥੇ ਨਸ਼ਾਂ ਪੰਜਾਬ ਦੀ ਨਸ-ਨਸ ਵਿੱਚ ਵੜ ਚੁੱਕਾ ਹੈ। ਨੌਜਵਾਨ ਪੀੜੀ ਬੇਰੁਜਗਾਰੀ ਕਾਰਨ ਤਨਾਓ ਦਾ ਸ਼ਿਕਾਰ ਹੋ ਕੇ ਨਸ਼ਾ ਕਰਦੀ ਹੈ, ਤੇ ਨਸ਼ੇ ਦੀ ਘਾਟ ਪੂਰੀ ਕਰਨ ਲਈ ਉਤੋਂ ਲੁੱਟਾਂ ਖੋਹਾਂ ਤੇ ਉਤਾਰੂ ਹੋ ਜਾਂਦੀ ਹੈ। ਇਸ ਤੋਂ ਵੱਧ ਅੱਜ ਗੈਂਗਸਟਰਾਂ ਨੇ ਵੀ ਪੰਜਾਬ ਦੀ ਆਬੋ-ਹਵਾ ਖਰਾਬ ਹੋ ਚੁੱਕੀ ਹੈ। ਅਖਬਾਰਾਂ ਵੀ ਲੁੱਟਾਂ-ਖੋਹਾਂ ਤੇ ਮਾਰ ਕੱਟ ਨਾਲ ਭਰੀਆਂ ਮਿਲਦੀਆਂ ਨੇ ਰੋਜ। ਜਿਸ ਕੋਲ ਚਾਰ ਪੈਸੇ ਹੁੰਦੇ ਹਨ, ਉਸਨੂੰ ਧਮਕੀਆਂ ਮਿਲਣੀਆਂ ਸੁਰੂ ਹੋ ਜਾਂਦੀਆਂ ਨੇ ਜੀ। ਸਰ ਜੀ, ਮੁੱਕਦੀ ਗੱਲ਼, ਏਥੇ ਨਾ ਕੋਈ ਰੱਜ ਕੇ ਕਮਾ ਸਕਦਾ, ਨਾ ਹੰਢਾ ਸਕਦਾ ਤੇ ਨਾ ਹੀ ਕਮਾਈ ਲੁਕਾ ਕੇ ਰੱਖ ਸਕਦਾ।" ਹੋਰ ਸੁਣੋ, ਕੱਲ਼ ਮੇਰੇ ਮਾਮੇ ਦੇ ਮੁੰਡੇ ਨੇ ਫੋਨ ਕੀਤਾ ਤੇ ਦੱਸਿਆ ਕਿ ਉਨੇ ਕਨੇਡਾ ਵਿੱਚ ਆਪਣੇ ਮੰਮੀ ਡੈਡੀ ਨੂੰ ਸੂਪਰ ਵੀਜੇ ਤੇ ਬੁਲਾਇਆ ਸੀ ਉਹ ਪੱਕੇ ਹੋ ਗਏ ਤੇ ਹੁਣ ਦੋਵਾਂ ਦੀ ਪੈਂਤੀ ਸੌ ਡਾਲਰ ਮਹੀਨਾ ਪੈਨਸ਼ਨ ਲੱਗ ਗਈ ਹੈ, ਇਧਰ ਦੇ ਲਗਭਗ ਦੋ-ਸਵਾ ਦੋ ਲੱਖ ਰੁਪਏ ਤਾਂ ਬੁਢਾਪਾ ਪੈਨਸ਼ਨ ਲੱਗੀ ਆ, ਇੱਧਰ ਵੇਖੋ ਪਹਿਲਾਂ ਤਾਂ ਬੁਢਾਪਾ ਪੈਨਸ਼ਨ ਦਾ ਫਾਰਮ ਹੀ ਛੇਤੀ ਕੰਪਲੀਟ ਨਹੀਂ ਹੁੰਦਾ, ਪਤਾ ਨੀ ਕਿੰਨੀਆਂ ਰਿਪੋਟਾਂ ਲੱਗਦੀਆਂ ਨੇ, ਨੰਬਰਦਾਰ, ਸਰਪੰਚ, ਪਟਵਾਰੀ, ਕਾਨੂੰਗੋ, ਤਸੀਲਦਾਰ, ਫੇਰ ਜੇ ਫਾਰਮ ਭਰ ਵੀ ਲਈਏ ਤਾਂ ਸੇਵਾ ਕੇਂਦਰਾਂ ਦੀਆਂ ਲੰਮੀਆਂ ਲੰਮੀਆਂ ਲਾਇਨਾਂ ਤੇ ਉੱਤੋਂ ਫੇਰ ਨੁਕਸ ਨਿਕਲ ਆਵੇ, ਕੋਈ ਕਾਗਜ ਘੱਟ ਵੱਧ ਹੋਜੇ ਤਾਂ ਫੇਰ ਦਫਤਰਾਂ ਦੇ ਚੱਕਰ, ਚਲੋ ਜੇ ਰਿੜ-ਪੁੜ ਕੇ ਬੁਢਾਪਾ ਪੈਨਸ਼ਨ ਲੱਗ ਹੀ ਗਈ ਤਾਂ ਫੇਰ ਪਿੰਡ ਦੀ ਪਾਰਟੀਬਾਜੀ ਨਾਲ ਮੱਥਾ ਲੱਗ ਜਾਂਦੈ,,ਜੇ ਤਾਂ ਸਰਪੰਚ ਤੁਹਾਡੀ ਪਾਰਟੀ ਦਾ ਹੈ ਤਾਂ ਪੈਨਸ਼ਨ ਚੱਲਦੀ ਰਹੂ,. ਪਰ ਜੇ ਵਿਰੋਧੀ ਪਾਰਟੀ ਦਾ ਹੈ ਤਾਂ ਜਦੋਂ ਉਹ ਪਾਵਰ ਵਿੱਚ ਆਉਂਦੇ ਨੇ, ਪੈਨਸ਼ਨ ਹੀ ਕੱਟੀ ਜਾਂਦੀ ਐ,,ਜੇ ਏਸ ਮੁਸ਼ਕਲ ਤੋਂ ਬਚ ਗਏ ਤਾਂ ਸਰਕਾਰ ਦਾ ਬਜਟ-ਫੰਡ ਘੱਟ ਜਾਂਦੈ ਜਾਂ ਲੇਟ ਪਹੁੰਚਦਾ ਦਫਤਰਾਂ ਕੋਲ ਤਿੰਨ-ਤਿੰਨ ਮਹੀਨੇ ਪੈਨਸ਼ਨ ਰੁਕੀ ਰਹਿੰਦੀਹੈ। ਦੱਸੋ ਏਹੋ ਬਜੁਰਗਾਂ ਦਾ ਸਹਾਰਾ ਹੁੰਦੈ ਜੇ ਉਹ ਵੀ ਨਾ ਸਮੇਂ ਸਿਰ ਬਹੁੜੇ ਤਾਂ ਡਾਹਢੀ ਮੁਸ਼ਕਲ ਆਉਂਦੀ ਹੈ। ਸਿਵਲ ਹਸਪਤਾਲ "

ਮੈਨੂੰ ਲੱਗਾ ਜਿਵੇਂ ਉਹ ਮੁੰਡੇ ਬਿਲਕੁਲ ਠੀਕ ਹੀ ਕਹਿ ਰਹੇ ਸਨ। । ਉਮਰ ਪੱਖੋਂ ਭਾਵੇਂ ਅਲੂੰਏ ਜਿਹੇ ਸਨ, ਪਰ ਉਨਾਂ ਦੀ ਸੋਚ, ਵਿਚਾਰ ਤੇ ਤਜਰਬੇ ਗਹਿਰੇ ਸਨ।

ਫੇਰ ਕੁਝ ਮਹੀਨੇ ਪਹਿਲਾਂ ਇੱਕ ਅਖਬਾਰ ਦੀ ਹੈੱਡਲਾਇਨ ਮੇਰੇ ਜਿਹਨ ਵਿੱਚ ਘੁੰਮਣ ਲੱਗੀ ਜਿਸ ਵਿੱਚ ਕਿਹਾ ਗਿਆ ਸੀ ਵਈ, ਭਾਰਤ ਵਿੱਚ ਪਹਿਲੇ ਸੱਤ ਸੂਬਿਆਂ ਵਿੱਚ ਪੰਜਾਬ ਦਾ ਵੀ ਨਾਮ ਆਉਂਦਾ ਹੈ ਜਿੱਥੇ ਸਾਲ 2023 ਦੌਰਾਨ ਸਭ ਤੋਂ ਜਿਆਦਾ ਪਾਸਪੋਰਟ ਬਣੇ ਹਨ। ਸਭ ਤੋਂ ਪਹਿਲੇ ਨੰਬਰ ਤੇ ਕੇਰਲਾ ਦਾ ਨਾਮ ਆਉਂਦਾ ਹੈ। ਪੰਜਾਬ ਦੇ ਹਰ ਪਰਿਵਾਰ ਵਿੱਚ ਹਰ ਬੱਚੇ ਦਾ ਪਾਸਪੋਰਟ ਬਨਣਾ ਅੱਜਕਲ ਲਾਜਮੀ ਹੋ ਗਿਆ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਲੋਕਾਂ ਵਿੱਚ ਬਾਹਰ ਜਾਣ ਤੇ ਵੱਸਣ ਦਾ ਰੁਝਾਨ ਕਿੰਨਾ ਵੱਧ ਗਿਆ ਹੈ। ਇਕ ਵਿਦੇਸ਼ੀ ਨਿਊਜ ਏਜੰਸੀ ਹੀਨਲੇ ਅਤੇ ਪਾਰਟਨਰਜ ਮੁਤਾਬਕ ਲਗਭਗ 5100 ਭਾਰਤੀ ਕਰੋੜਪਤੀ ਸਾਲ 2023 ਵਿੱਚ ਦੇਸ਼ ਨੂੰ ਛੱਡ ਕੇ ਵਿਦੇਸ਼ਾਂ ਲਈ ਪਾਲਇਨ ਕਰ ਚੁੱਕੇ ਹਨ ਲਗਭਗ 4300 ਕਰੋੜਪਤੀ ਲੋਕ ਹੋਰ ਇਸ ਸਾਲ ਜਾ ਸਕਦੇ ਅਜਿਹਾ ਅਨੁਮਾਨਿਤ ਹੈ। ਇਨਾਂ ਲੋਕਾਂ ਦੇ ਪਲਾਇਨ ਕਰਨ ਦਾ ਮੁੱਖ ਉਦੇਸ਼, ਵਧੀਆਂ ਭਵਿੱਖ ਤੇ ਖੁਸ਼ਹਾਲ ਜੀਵਨ, ਸਾਫ ਸੁੱਥਰੇ ਵਾਤਾਵਰਨ ਤੇ ਸਿਹਤ ਸੇਵਾਵਾਂ, ਬੱਚਿਆਂ ਦੀ ਵਧੀਆ ਪੜਾਈ ਆਦਿ ਮੁੱਖ ਹਨ। ਇਨਾਂ ਲੋਕਾਂ ਦੀ ਮੁੱਖ ਤਰਜੀਹ ਵਿੱਚ ਪਹਿਲੇ ਨੰਬਰ ਤੇ ਦੁਬਈ ਨੂੰ ਮੁੱਖ ਰੂਪ ਵਿੱਚ ਤੇ ਅਮਰੀਕਾ, ਆਸਟਰੇਲਿਆ ਤੇ ਕਨੇਡਾ ਆਦਿ ਦੂਜੇ ਨੰਬਰ ਤੇ ਆਉਂਦੇ ਹਨ। ਹੁਣ, ਅੱਗੇ ਮੇਰੇ ਪਿੰਡ ਦਾ ਬਸ ਅੱਡਾ ਆ ਰਿਹਾ ਸੀ।

ਮੈਂ ਬਾਹਰ ਤਾਕੀ ਵਿੱਚੋਂ ਵੇਖਿਆ, ਬੱਸ ਦੇ ਤੇਜ ਭੱਜਣ ਨਾਲ ਬਾਹਰਲੇ ਦਿਸਦੇ ਹਰਿਆਲੀ ਭਰਪੂਰ ਖੇਤ, ਰੁੱਖ-ਝਾੜੀਆਂ ਪਿੱਛੇ ਲੰਘਦੇ ਏਵੇਂ ਲੱਗ ਰਹੇ ਸਨ ਜਿਵੇਂ ਪੰਜਾਬ ਦੀ ਨਵੀਂ ਪੀੜੀ ਦੇ ਨੌਜੁਆਨ, ਪੁਰਾਣੀ ਨੂੰ ਲਿਤਾੜ ਤੇ ਪੰਜਾਬ ਦੇ ਸਭਿਆਚਾਰ, ਪਿਆਰ ਸਭ ਨੂੰ ਰੌਂਦਦੇ ਦੌੜੇ ਜਾ ਰਹੇ ਸਨ ਪਤਾ ਨੀ ਕਿਹੜੇ ਅਣਦਿਸਹੱਦਿਆਂ ਦੀ ਦੌੜ ਦੌੜਦੇ। ਸ਼ਾਇਦ ਇਹ ਨੌਜਵਾਨ ਪੀੜੀ ਵੀ ਠੀਕ ਦਿਸ਼ਾ ਵੱਲ ਨੂੰ ਦੌੜ ਰਹੀ ਸੀ।

ਪਿੰਡ ਦਾ ਬੱਸ ਅੱਡਾ ਆਇਆ, ਮੈਂ ਉੱਤਰਿਆ ਤੇ ਉਹ ਦੋਵੇਂ ਮੁੰਡੇ ਬਸ ਅੰਦਰੋਂ ਮੈਨੂੰ ਦੇਖ ਰਹੇ ਸਨ, ਸ਼ਾਇਦ ਉਨਾਂ ਨੂੰ ਵੀ ਅੱਜ ਆਪਣੇ ਅੰਦਰਲੇ ਆਪੇ ਨੂੰ ਬਿਆਨ ਕਰਨ ਦਾ ਪੂਰਾ ਮੌਕਾ ਮਿਲ ਗਿਆ ਸੀ ਤੇ ਉਨਾਂ ਦੇ ਆਪਣੇ ਭਵਿੱਖ ਨੂੰ ਲੈ ਕੇ ਇਰਾਦੇ-ਨਿਸ਼ਾਨੇ ਬਿਲਕੁਲ ਸਹੀ ਸਨ, ਏਹ ਉਨਾਂ ਦੇ ਆਤਮ ਵਿਸ਼ਵਾਸ਼ ਨਾਲ ਭਰੇ ਚੇਹਰੇ ਤੇ ਅੱਖਾਂ ਸਾਫ ਦੱਸ ਰਹੀਆਂ ਸਨ।

ਉਨਾਂ ਮੁੰਡਿਆਂ ਨੇ ਮੇਰੇ ਨਾਲ ਹਲਕੀ ਜਿਹੀ ਮੁਸਕਰਾਹਟ ਦੀ ਸਾਂਝ ਪਾਈ ਤੇ ਨਾਲ ਹੀ ਬਸ ਚੱਲ ਪਈ।

ਮੈਂ ਅਜੇ ਵੀ ਉੱਥੇ ਹੀ ਖਲੋਤਾ ਸੀ, ਹੌਲੀ-ਹੌਲੀ ਬੱਸ ਨਜਰੋਂ ਉਹਲੇ ਹੋ ਗਈ। ਹੁਣ ਮੇਰੇ ਤੇ ਉਨਾਂ ਬਸ ਵਾਲੇ ਮੁੰਡਿਆਂ ਵਿਚਾਲੇ ਦੂਰੀ ਬਹੁਤ ਵੱਧ ਗਈ ਸੀ ਜਿਵੇਂ ਪੰਜਾਬ ਤੇ ਉਸਦੀ ਅਜੋਕੀ ਨੋਜਵਾਨ ਪੀੜੀ ਵਿਚਾਲੇ।



# ...ਏ ਬਤਾ ਕਿ ਕਾਫ਼ਿਲਾ ਕਿਉਂ ਲੁਟਾ

ਵਲੋਂ : ਪ੍ਰੋ. ਮੋਹਣ ਸਿੰਘ,
ਸੰਪਰਕ: 80545-97595

ਮਾਰਚ 1947... ਪੰਜਵੀਂ ਜਮਾਤ ਦੇ ਨਤੀਜੇ ਦਾ ਦਿਨ। ਖਾਹਮਖਾਹ ਦੀ ਚਿੰਤਾ। ਇੱਕ ਗੀਤ ਪ੍ਰਚਲਤ ਸੀ- ਕੋਠੇ 'ਤੇ ਕਾਂ ਬੋਲੇ, ਬਾਬਾ ਜੀ ਸਾਨੂੰ ਪਾਸ ਕਰੋ, ਸਾਡਾ ਛੇਵੀਂ ਵਿੱਚ ਨਾਂ ਬੋਲੇ'। ਮੈਂ ਸੁੱਖਣਾ ਸੁੱਖੀ: 'ਬਾਬਾ ਜੀ, ਪਾਸ ਕਰ ਦਿਉ, ਪੰਜਾਂ ਪੈਸਿਆਂ ਦੀਆਂ ਫੁੱਲੀਆਂ ਚੜ੍ਹਾਵਾਂਗਾ।' ਪਾਸ ਹੋ ਗਏ। ਫੁੱਲੀਆਂ ਭੁੱਲ ਗਈਆਂ। ਦੇਖਦੇ-ਦੇਖਦੇ ਛੇਵੀਂ ਜਮਾਤ ਦੇ ਨਤੀਜੇ ਦਾ ਦਿਨ ਆ ਗਿਆ। ਹੁਣ?... 'ਬਾਬਾ ਜੀ, ਪਿਛਲੀਆਂ ਫੁੱਲੀਆਂ ਵੀ ਚੜ੍ਹਾ ਦੇਵਾਂਗਾ।'... ਹਰ ਸਾਲ ਫੁੱਲੀਆਂ ਦਾ ਹਿਸਾਬ ਵਧਦਾ ਗਿਆ। ਜਦੋਂ ਰਕਮ ਰੁਪਏ ਤੋਂ ਵੀ ਵੱਧ ਹੋ ਗਈ,' ਸੁੱਖਣਾ ਸੁੱਖਣੀ ਬੰਦ ਕਰ ਦਿੱਤੀ। ਅਕਲ ਦੇ ਪਾਸਿਓਂ ਵੀ ਕੁਝ ਨਿੱਕੇ-ਨਿੱਕੇ ਬੁੱਲੇ ਆਉਣ ਲੱਗ ਪਏ ਸਨ।

ਮਾਰਚ 1952... ਦਸਵੀਂ ਦਾ ਇਮਤਿਹਾਨ ਪੰਜਾਬ ਯੂਨੀਵਰਸਿਟੀ ਲੈਂਦੀ ਸੀ। "ਉਏ ਧੌਣ ਕਿਉਂ ਮਲਦਾ ਪਿਆ ਏਂ? ਕੀ ਹੋਇਆ ਈ?" ਮੇਰੇ ਵੱਡੇ ਭਰਾ ਨੇ ਪੁੱਛਿਆ।

"ਉੱਥੇ, ਸੈਂਟਰ ਵਿੱਚ ਧੌਣ ਨਹੀਂ ਚੁੱਕਣ ਦਿੰਦੇ।" ਮੈਂ ਇਸ ਮੁਹਾਵਰੇ ਦਾ ਸ਼ਬਦੀ ਅਰਥ ਹੀ ਸਮਝਿਆ ਸੀ ਅਤੇ ਪੂਰੇ ਤਿੰਨ ਘੰਟੇ ਧੌਣ ਨਹੀਂ ਸੀ ਚੁੱਕੀ। ਖੈਰ... ਉਦੋਂ ਨਕਲ ਮਾਰਨਾ, ਗ਼ੈਰ-ਵਾਜਿਬ ਤਰੀਕੇ ਵਰਤਣਾ, ਪ੍ਰਸ਼ਨ ਪੱਤਰ ਵਿੱਚ ਕੋਈ ਗ਼ਲਤੀ ਹੋ ਸਕਣਾ ਬਿਲਕੁਲ ਮੰਨਣਯੋਗ ਨਹੀਂ ਸੀ। ਮੈਂ ਇਮਤਿਹਾਨਾਂ ਬਾਅਦ ਆਪਣੇ ਪਿੰਡ ਭੰਗਵੀਂ ਚਲਾ ਗਿਆ। ਕਦੋਂ ਨਤੀਜਾ ਐਲਾਨਿਆ ਗਿਆ, ਮੈਨੂੰ ਨਹੀਂ ਪਤਾ। ਨਤੀਜੇ ਦੇ ਹਫਤੇ ਕੁ ਬਾਅਦ ਜੀਜਾ ਜੀ ਫ਼ੌਜ 'ਚੋਂ ਛੁੱਟੀ ਆਏ। ਉਨ੍ਹਾਂ ਦੇ ਭਰਾ ਨੇ ਵੀ ਇਮਤਿਹਾਨ ਦਿੱਤਾ ਹੋਇਆ ਸੀ। ਜਦੋਂ ਉਹ ਅੰਗਰੇਜ਼ੀ ਦਾ ਅਖ਼ਬਾਰ ਲੈ ਕੇ ਪਿੰਡ ਅੱਪੜੇ, ਮੈਂ ਖੂਹ 'ਤੇ ਗਿਆ ਹੋਇਆ ਸਾਂ। ਮੈਨੂੰ ਮੱਕੀ ਵਿੱਚ ਕਾਂ ਉਡਾਉਂਦਿਆਂ ਨੂੰ ਪਤਾ ਲੱਗਾ ਕਿ ਮੈਂ ਪਾਸ ਹਾਂ। ਸਕੂਲੋਂ ਪਤਾ ਲੱਗਾ ਕਿ ਫਸਟ ਡਿਵੀਜ਼ਨ ਹੈ।

ਸਕੂਲ 'ਚ ਸਾਇੰਸ ਨਹੀਂ ਸੀ ਪੜ੍ਹੀ। ਕਾਲਜ 'ਚ ਰੱਖ ਲਈ। ਗੋਤੇ ਖਾਣ ਲੱਗੇ। ਹਰ ਵਿਸ਼ੇ ਦੇ ਦੋ-ਦੋ ਪਰਚੇ ਹੁੰਦੇ ਸਨ- 'ਏ' ਤੇ 'ਬੀ'। ਸਾਲਾਨਾ ਇਮਤਿਹਾਨ ਦੀ ਬਹੁਤੀ ਤਿਆਰੀ ਨਹੀਂ ਸੀ। ਸੋਚਿਆ, ਹਿਸਾਬ 'ਚ ਕੰਪਾਰਟਮੈਂਟ ਲੈਂਦੇ ਹਾਂ। ਅਗਲੀ ਵਾਰੀ ਪੂਰੇ-ਪੂਰੇ ਨੰਬਰ ਲਵਾਂਗੇ। ਚਲਾਕੀ ਕੀਤੀ। ਪੇਪਰ 'ਏ' ਦੇ ਕੰਪਾਰਟਮੈਂਟ ਜੋਗੇ ਕੁਝ ਕੁ ਸਵਾਲ ਕਰ ਕੇ ਬਾਕੀ ਪਰਚਾ ਛੱਡ ਦਿੱਤਾ ਤੇ 'ਬੀ' ਪੇਪਰ ਦਿੱਤਾ ਹੀ ਨਾ। ਸਿੱਟਾ ਕੀ ਨਿਕਲਿਆ? ਯੂਨੀਵਰਸਿਟੀ ਨੇ ਰਿਆਇਤੀ ਨੰਬਰ ਦੇ ਕੇ ਪਾਸ ਕਰ ਦਿੱਤਾ ਅਤੇ ਆਪਾਂ ਥਰਡ ਡਿਵੀਜ਼ਨ ਵਿੱਚ 'ਕਾਮਯਾਬ' ਐਲਾਨੇ ਗਏ।

ਬੀਐੱਸਸੀ ਵਿੱਚ ਫਿਜ਼ਿਕਸ ਦੇ ਪ੍ਰੋਫ਼ੈਸਰ ਦੇਵ ਦੱਤ ਸਾਰਿਆਂ ਦੇ ਮਿੱਤਰ ਵੀ ਸਨ ਅਤੇ ਸ਼ੌਕ ਨਾਲ ਪੜ੍ਹਾਉਣ ਵਾਲੇ ਅਧਿਆਪਕ ਵੀ ਪਰ ਕੋਈ ਅਨੁਸ਼ਾਸਨ ਭੰਗ ਨਹੀਂ ਸੀ ਕਰ ਸਕਦਾ। ਇੱਕ ਲੜਕਾ ਅਪਾਰ ਸਿੰਘ ਬਹੁਤ ਨੇੜੇ, ਕਲਾਸ 'ਚੋਂ ਦਿਸਦੇ ਹੋਸਟਲ ਵਿੱਚ ਰਹਿੰਦਾ ਸੀ। ਇੱਕ ਦਿਨ ਜਾਣ ਕੇ ਲੇਟ ਆਇਆ। ਪ੍ਰੋ. ਦੇਵ ਦੱਤ ਨੇ ਦੁੜਾ ਕੇ ਕਾਲਜ ਦੀ ਮੁੱਖ ਇਮਾਰਤ ਦਾ ਚੱਕਰ ਲਵਾਇਆ। ਅਸੀਂ ਦੋ ਜਣੇ ਲੈਬ ਦੇ ਸ਼ੈਲਫ ਅਤੇ ਉਪਕਰਨਾਂ ਦੀ ਸਫ਼ਾਈ ਤੇ ਸਾਂਭ-ਸੰਭਾਲ ਦਾ ਸ਼ੌਕ ਰੱਖਦੇ ਸਾਂ। ਹਰ ਪ੍ਰੈਕਟੀਕਲ ਦੀ ਪੂਰੀ ਸਮਝ ਆ ਗਈ। ਨੰਬਰਾਂ ਦੇ ਆਧਾਰ 'ਤੇ ਬੀਟੀ ਵਿੱਚ ਸੀਟ ਮਿਲ ਗਈ। ਪਿੰਡਾਂ ਦੇ ਸਕੂਲ ਦੇਖੇ। ਪੜ੍ਹਾਉਣ ਦੇ ਮਜ਼ੇ ਲਏ। ਖ਼ਾਲਸਾ ਕਾਲਜ ਸਕੂਲ ਵਿੱਚ ਸਾਇੰਸ ਮਾਸਟਰ ਲੱਗ ਗਿਆ।

ਉਦੋਂ ਸਕੂਲਾਂ ਵਿੱਚ ਨਕਲ ਬਿਲਕੁਲ ਨਹੀਂ ਸੀ ਹੁੰਦੀ ਪਰ 1960ਵਿਆਂ ਵਿੱਚ ਸਾਡੇ ਦੇਖਦੇ-ਦੇਖਦੇ ਸੁਪਰਡੈਂਟਾਂ ਨੇ ਓਪਰੇ ਸਕੂਲਾਂ 'ਚੋਂ ਕਮਾਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕਿਤਾਬਾਂ 'ਚੋਂ ਪਾੜੇ ਹੋਏ ਵਰਕੇ, ਹੱਥ ਲਿਖਤ ਪਰਚੀਆਂ ਪ੍ਰੀਖਿਆ ਹਾਲ ਵਿੱਚ ਪਹੁੰਚਾਉਣ ਦੀਆਂ ਨਵੀਆਂ-ਨਵੀਆਂ ਸਕੀਮਾਂ ਧਿਆਨ 'ਚ ਆਉਣੀਆਂ ਸ਼ੁਰੂ ਹੋਈਆਂ। ਪਰਚਾ ਸ਼ੁਰੂ ਹੋਣ ਤੋਂ ਦਸ ਮਿੰਟ ਬਾਅਦ ਹੀ ਕਈਆਂ ਨੇ ਪਿਸ਼ਾਬ ਕਰਨ ਜਾਣ ਦੀ ਛੁੱਟੀ ਮੰਗਣੀ। ਵਾਰ-ਵਾਰ ਪਾਣੀ ਮੰਗਣਾ।

ਕਾਲਜਾਂ ਵਿੱਚ ਨਕਲ ਮਾਰਨ ਦਾ ਰੁਝਾਨ 1969 ਵਿੱਚ ਯੂਨੀਵਰਸਿਟੀ ਬਣਨ ਤੋਂ ਬਾਅਦ ਆਰੰਭ ਹੋਇਆ। ਮੈਂ ਵੀ ਕਾਲਜ ਵਿੱਚ ਨਵਾਂ-ਨਵਾਂ ਸਾਂ ਪਰ ਮੈਂ ਸਕੂਲਾਂ ਦੀ ਹਾਲਤ ਦੇਖੀ ਹੋਈ ਸੀ।

ਉਹ ਬਿਮਾਰੀ ਕਾਲਜਾਂ ਵਿੱਚ ਵੀ ਆ ਗਈ। ਕਾਲਜ ਦੇ ਵਿਦਿਆਰਥੀ ਹਮੇਸ਼ਾ ਅਨੁਸ਼ਾਸਨ ਵਿੱਚ ਰਹਿੰਦੇ ਸਨ, ਪ੍ਰੋਫ਼ੈਸਰਾਂ ਦੀ ਦਿਲੋਂ ਇੱਜ਼ਤ ਕਰਦੇ ਸਨ ਪਰ ਇਮਤਿਹਾਨਾਂ ਵਿੱਚ ਗ਼ੈਰ-ਵਾਜਿਬ ਤਰੀਕੇ ਵਰਤਣ ਲਈ ਉਨ੍ਹਾਂ ਦੀਆਂ ਜੁਗਤਾਂ ਕਮਾਲ ਦੀਆਂ ਸਨ। ਕਾਲਜ ਹਾਲ ਦੇ ਸਾਰੇ ਦਰਵਾਜ਼ਿਆਂ ਦੀਆਂ ਚੁਗਾਠਾਂ ਵਿੱਚ ਅੱਧੀ-ਅੱਧੀ ਇੰਚ ਮੋਟੇ ਛੇਕ ਕਰ ਛੱਡੇ, ਪਰਚੀਆਂ ਵਾੜਨ ਲਈ। ਜੇ ਕਾਲਜ ਨੇ ਪ੍ਰਬੰਧ ਸੈਂਟਰ ਉਪਰਲੀ ਛੱਤ 'ਤੇ ਕਰ ਦਿੱਤਾ ਤਾਂ ਮੀਂਹ ਦੇ ਪਾਣੀ ਦੀਆਂ ਪਾਈਪਾਂ ਨਾਲ ਲੰਗੂਰਾਂ ਵਾਂਗ ਉਪਰ ਚੜ੍ਹਨ ਲੱਗੇ। ਪਾਈਪਾਂ ਨੂੰ ਗ੍ਰੀਸ ਲਾਈ ਤਾਂ ਪਰਚੀਆਂ ਨੂੰ ਪੱਥਰਾਂ ਵਿੱਚ ਵਲ੍ਹੇਟ ਕੇ ਬਰਾਂਡਿਆਂ 'ਚ ਸੁੱਟਣ ਲੱਗੇ। ਪਾਣੀ ਪਿਆਉਣ ਵਾਲਿਆਂ ਨਾਲ ਬਣਾਈ ਹੁੰਦੀ ਸੀ। ਸ਼ਰਾਬ ਦੀ ਬੋਤਲ 'ਤੇ ਰੋਲ ਨੰਬਰ ਲਿਖ ਕੇ ਸੁਪਰਡੈਂਟ/ਸੁਪਰਵਾਈਜ਼ਰ ਦੇ ਘਰ ਜਾ ਕੇ ਗੱਲਬਾਤ ਹੁੰਦੀ ਸੀ। ਪ੍ਰਚਲਿਤ ਮੁਹਾਵਰਾ ਸੀ- ਜ਼ਰਾ ਖਿਆਲ ਰੱਖਣਾ।

ਇੱਕ ਦਿਨ ਸੈਕੰਡੀਅਰ ਕਲਾਸ ਵਿੱਚ ਮੈਂ ਕੁਝ ਲਿਖਾ ਰਿਹਾ ਸਾਂ। ਸਭ ਤੋਂ ਪਿੱਛੇ ਬੈਠੇ ਲੜਕੇ 'ਤੇ ਸ਼ੱਕ ਜਿਹਾ ਹੋਇਆ। ਪੁੱਛਿਆ- "ਕੀ ਲਿਖਿਆ ਈ?" ਉਹਨੇ ਹੂ-ਬ-ਹੂ ਜੋ ਲਿਖਾਇਆ ਸੀ, ਪੜ੍ਹ ਸੁਣਾਇਆ। ਥੋੜ੍ਹੀ ਦੇਰ ਬਾਅਦ ਮੈਂ ਉਸ ਦੀਆਂ ਉਂਗਲਾਂ ਦੀ ਹਰਕਤ ਨੂੰ ਧਿਆਨ ਨਾਲ ਵਾਚਿਆ। ਫਿਰ ਲਾਗੇ ਜਾ ਕੇ ਉਸ ਦੀ ਕਾਪੀ ਦੇਖੀ ਤਾਂ ਮੇਰੇ ਹੋਸ਼ ਉਡ ਗਏ। ਉਹ ਪੰਜਾਬੀ ਲਿਪੀ ਵਿੱਚ ਲਫ਼ਜ਼-ਬ-ਲਫ਼ਜ਼ ਬੜੀ ਸਫ਼ਾਈ ਨਾਲ ਲਿਖ ਚੁੱਕਾ ਸੀ। ਪਤਾ ਲੱਗਾ ਕਿ ਉਹਨੂੰ ਅੰਗਰੇਜ਼ੀ ਸਕਰਿਪਟ ਲਿਖਣ ਦਾ ਕੋਈ ਤਜਰਬਾ ਨਹੀਂ। ਮੈਂ ਕੀ ਕਰ ਸਕਦਾ ਸਾਂ? ਕੁਝ ਸਾਲਾਂ ਬਾਅਦ ਜਦੋਂ ਮੈਂ ਉਸ ਨੂੰ ਫਿਰ ਕਾਲਜ 'ਚ ਦੇਖਿਆ ਤਾਂ ਆਖਣ ਲੱਗਾ, "ਸਰ, ਮੈਂ 'ਸਕੋਰਟੀ' ਲੈਣ ਆਇਆ ਹਾਂ।" 'ਅੱਜ ਕੱਲ੍ਹ ਕੀ ਕਰਦਾ ਏਂ?...' ਪੁੱਛਣ 'ਤੇ ਉਹਨੇ ਬੜੇ ਵਿਸ਼ਵਾਸ ਨਾਲ ਕਿਹਾ, "ਸਰ ਪਾਸ ਤਾਂ ਮੈਂ ਹੋ ਨਹੀਂ ਸੀ ਰਿਹਾ; ਅਖ਼ੀਰ ਸਾਡੀ ਪੈਲੀ ਹੈਗੀ ਸੀ, ਮੈਂ ਪਿੰਡ ਦੇ ਬਾਹਰ ਆਪਣਾ ਸਕੂਲ ਹੀ ਖੋਲ੍ਹ ਲਿਆ ਜੋ ਬਹੁਤ ਚੰਗੀ ਤਰ੍ਹਾਂ ਚੱਲ ਰਿਹਾ ਹੈ।"

ਫਿਰ ਪਰਚਿਆਂ ਮਗਰ ਜਾਣਾ, ਯੂਨੀਵਰਸਿਟੀ ਨਾਲ ਗੰਢ-ਤਰੁਪ ਕਰ ਕੇ ਰਿਵੈਲਿਉਏਸ਼ਨ ਕਰਵਾਉਣੀ, ਪਰਚੇ ਲੀਕ ਕਰਨੇ, ਹੋਰ ਕਈ ਖਲਜਗਣ ਕਰਦਾ ਨਕਲ ਮਾਫ਼ੀਆ ਸਭ ਦੀਆਂ ਅਕਲਾਂ ਨੂੰ ਪਿੱਛੇ ਛੱਡ ਗਿਆ ਹੈ। ਪਾਸ-ਫੇਲ੍ਹ ਦਾ ਤਾਂ ਹੁਣ ਮਸਲਾ ਹੀ ਨਹੀਂ। 10ਵੀਂ-12ਵੀਂ 'ਚ ਜਿੱਥੇ ਹਰ ਵਿਸ਼ੇ 'ਚ 100% ਲੈਣ ਵਾਲੇ ਲੜਕੀਆਂ ਲੜਕਿਆਂ ਦੀ ਭਰਮਾਰ ਹੈ, 90% ਵਾਲੇ ਰੋਂਦੇ ਦੇਖੀਦੇ ਹਨ। ਹੁਣ ਮਸਲਾ ਹੈ ਮੈਡੀਕਲ ਜਾਂ ਆਈਆਈਟੀ ਵਿੱਚ ਸੀਟ ਦਾ, ਨੌਕਰੀ ਦਾ, ਤਰੱਕੀ ਦਾ, ਲਾਭ ਦਾ। ਇਸ ਸਭ ਲਈ ਅਰਦਾਸਾਂ ਹੁੰਦੀਆਂ ਹਨ। ਦੂਜੇ ਪਾਸੇ ਬਾਬਾ ਜੀ ਦਾ ਆਪਣਾ ਸਟੈਂਡਰਡ ਵੀ ਉਹ ਨਹੀਂ ਰਿਹਾ। ਹੁਣ ਨਕਦੀ ਦੇ ਨਾਲ-ਨਾਲ ਕਈ ਮੱਸਿਆ ਨਹਾਉਣੀਆਂ ਵੀ ਸੁੱਖਣੀਆਂ ਪੈਂਦੀਆਂ; ਘੱਟੋ-ਘੱਟ ਪੰਜ ਚੁਪਹਿਰੇ ਵੀ ਕੱਟਣੇ ਪੈਂਦੇ... ਉਹ ਵੀ ਐਤਵਾਰਾਂ ਨੂੰ। ਮੈਨੂੰ ਆਪਣੀਆਂ ਪੰਜਾਂ ਪੈਸਿਆਂ ਦੀਆਂ ਫੁੱਲੀਆਂ ਯਾਦ ਆ ਰਹੀਆਂ ਹਨ।

ਲਿਖਤ : ਰੰਜੀਵਨ ਸਿੰਘ, ਸੰਪਰਕ: 98150-68816

# ਅੰਗਰੇਜ਼ੀ ਰੋਣਾ

ਸਾਡੇ ਗੁਆਂਢੀ ਕੋਈ ਵੀਹ ਸਾਲ ਪਹਿਲਾਂ ਆਪਣੇ ਪਿੰਡੋਂ ਆ, ਸ਼ਹਿਰ ਸਾਡੇ ਨਾਲ ਦੇ ਪਲਾਟ ਵਿੱਚ ਕੋਠੀ ਉਸਾਰ ਕੇ ਰਹਿਣ ਲੱਗੇ। ਦੋ ਬੱਚੇ ਸਨ ਉਨ੍ਹਾਂ ਦੇ। ਇੱਕ ਮੁੰਡਾ ਤੇ ਉਸ ਤੋਂ ਛੋਟੀ ਕੁੜੀ। ਦੋਵਾਂ ਦਾ ਫ਼ਰਕ ਕੋਈ ਦੋ ਕੁ ਸਾਲ ਦਾ ਹੀ ਹੋਵੇਗਾ। ਸੋ ਕੁੜੀ ਪਹਿਲਾਂ ਵਿਆਹ ਦਿੱਤੀ ਲਾਗਲੇ ਸ਼ਹਿਰ ਕਿਸੇ ਡਾਕਟਰ ਨਾਲ। ਸਾਲ ਵਿੱਚ ਹੀ ਕੁੜੀ ਦੇ ਮੁੰਡਾ ਹੋ ਗਿਆ। ਦੋਵੇਂ ਪਰਿਵਾਰ ਖ਼ੁਸ਼ ਸਨ। ਹਾਲਾਂਕਿ ਸਾਡੇ ਗੁਆਂਢੀਆਂ ਦਾ ਕੱਪੜੇ ਦੇ ਥੋਕ ਦਾ ਚੰਗਾ ਕਾਰੋਬਾਰ ਸੀ ਪਰ ਦੇਖੋ-ਦੇਖੀ ਮੁੰਡਾ ਆਪਣੀ ਪਤਨੀ ਅਤੇ ਆਪਣੇ ਦੋ ਨਿੱਕੇ-ਨਿੱਕੇ ਬੱਚਿਆਂ ਨਾਲ ਕੈਨੇਡਾ 'ਸੈਟ' ਹੋ ਗਿਆ। ਮੁੰਡਾ, ਉਸ ਦੀ ਪਤਨੀ ਅਤੇ ਬੱਚਿਆਂ ਨਾਲ ਗੁਆਂਢੀ ਫੇਸ-ਟਾਈਮ ਉੱਤੇ ਲੰਮਾ ਲੰਮਾ ਸਮਾਂ ਗੱਲਾਂ ਕਰਦੇ ਰਹਿੰਦੇ। ਜਦੋਂ ਪੋਤਰਾ ਪੋਤਰੀ ਉਨ੍ਹਾਂ ਨੂੰ ਤੋਤਲੀ ਜ਼ੁਬਾਨ ਵਿਚ ਦਾਦੂ-ਦਾਦੂ, ਦਾਮਾ-ਦਾਮਾ ਕਹਿੰਦੇ ਤਾਂ ਸਾਡੇ ਗੁਆਂਢੀ ਬੜੇ ਖ਼ੁਸ਼ ਹੁੰਦੇ। ਭਾਵੇਂ ਪਿੰਡੋਂ ਆਇਆਂ ਨੂੰ ਵੀਹ ਸਾਲ ਹੋ ਗਏ ਸਨ ਪਰ ਗੁਆਂਢੀ ਸਾਡੇ ਆਪਣਾ ਪੇਂਡੂ ਖਾਸਾ ਨਹੀਂ ਸਨ ਛੱਡਦੇ। ਕਣਕ, ਮੱਕੀ, ਸਰ੍ਹੋਂ ਅੱਜ ਵੀ ਉਨ੍ਹਾਂ ਦੇ ਪਿੰਡੋਂ ਹੀ ਆਉਂਦੀ।

ਉਧਰ ਗੁਆਂਢੀਆਂ ਦਾ ਦੋਹਤਾ ਵੀ ਸੁੱਖ ਨਾਲ ਢਾਈ-ਤਿੰਨ ਵਰ੍ਹਿਆਂ ਦਾ ਹੋ ਗਿਆ ਸੀ। ਉਨ੍ਹਾਂ ਦੀ ਧੀ ਕਿਸੇ ਪ੍ਰਾਈਵੇਟ ਸਕੂਲ ਵਿਚ ਅਧਿਆਪਕਾ ਲੱਗ ਗਈ। ਐਵੇਂ ਮਸ਼ਰੂਫ ਰਹਿਣ ਲਈ। ਹਾਲਾਂਕਿ ਜਵਾਈ ਦੀ ਡਾਕਟਰੀ ਚੰਗੀ ਚਲਦੀ ਸੀ। ਕਿਉਂਕਿ ਦੋਹਤਾ ਹਾਲੇ ਕਾਫ਼ੀ ਛੋਟਾ ਸੀ ਅਤੇ ਸਕੂਲ ਨਹੀਂ ਸੀ ਜਾਣ ਲੱਗਿਆ, ਉਸ ਦੀ ਮਾਂ ਅਕਸਰ ਉਸ ਨੂੰ ਉਸ ਦੇ ਨਾਨਕੇ ਛੱਡ ਜਾਂਦੀ। ਬੜਾ ਹੀ ਪਿਆਰਾ ਬੱਚਾ ਸੀ। ਗੋਗਲੂ ਜਿਹਾ। ਘੁੰਗਰਾਲੇ ਵਾਲ, ਮੋਟੀਆਂ ਅੱਖਾਂ ਤੇ ਗੋਰਾ ਰੰਗ। ਉਸ ਦੇ ਨਾਲ ਹੀ ਸਾਡੇ ਗੁਆਂਢੀਆਂ ਦੀ ਕੁੜੀ ਨੇ ਆਪਣੇ ਕੋਲ ਰੱਖੀ 'ਆਇਆ' ਨੂੰ ਵੀ ਛੱਡ ਜਾਣਾ। ਲਗਭਗ ਸਾਰਾ ਹੀ ਦਿਨ ਦੋਹਤਰਾ ਅਤੇ ਉਸ ਦੀ ਮੋਨਾ ਆਂਟੀ ਸਾਡੇ ਗੁਆਂਢ ਰਹਿੰਦੇ। ਸ਼ਾਮ ਨੂੰ ਗੁਆਂਢੀਆਂ ਦੀ ਧੀ ਜਾਂ ਜਵਾਈ ਆ ਕੇ ਅੰਕੁਰ ਅਤੇ ਮੋਨਾ ਨੂੰ ਵਾਪਸ ਲੈ ਜਾਂਦੇ।

ਬੱਚਾ ਸਾਰਾ ਦਿਨ ਗੁਆਂਢ ਵਿਚ ਰੌਣਕ ਲਾਈ ਰੱਖਦਾ। ਨਾਨਾ-ਨਾਨੀ ਦਾ ਵੀ ਦਿਲ ਪਰਚਿਆ ਰਹਿੰਦਾ। ਪਰ ਧੀ-ਜੁਆਈ ਵੱਲੋਂ ਇਕ ਬੜੀ ਸਖ਼ਤ ਹਦਾਇਤ ਸੀ ਨਾਨੇ-ਨਾਨੀ ਅਤੇ ਮੋਨਾ ਨੂੰ ਕਿ ਬੱਚੇ ਨਾਲ ਪੰਜਾਬੀ 'ਚ ਗੱਲ ਨੀ ਕਰਨੀ। ਅੱਵਲ ਤਾਂ ਅੰਗਰੇਜ਼ੀ ਵਿਚ ਬੋਲੋ, ਨਹੀਂ ਤਾਂ ਹਿੰਦੀ। ਡਾਕਟਰ ਪਾਪਾ ਤੇ ਟੀਚਰ ਮੰਮੀ ਭਾਵੇਂ ਆਪਸ ਵਿਚ ਪੰਜਾਬੀ 'ਚ ਗੱਲਾਂ ਕਰਦੇ ਪਰ ਅੰਕੁਰ ਸਾਹਮਣੇ ਸਿਰਫ਼ ਅੰਗਰੇਜ਼ੀ ਵਿਚ ਹੀ ਬੋਲਦੇ। ਪੇਂਡੂ ਨਾਨਾ-ਨਾਨੀ ਅਤੇ ਬਿਹਾਰਨ ਮੋਨਾ ਵਾਹ ਲੱਗਦੀ ਜੁਆਕ ਨਾਲ ਅੰਗਰੇਜ਼ੀ ਵਿਚ ਗੱਲਾਂ ਕਰਦੇ ਜਿੰਨੀ ਕੁ ਉਨ੍ਹਾਂ ਨੂੰ ਸਿਖਾਈ ਗਈ ਜਾਂ ਆਉਂਦੀ ਹੁੰਦੀ।

"ਵੋਹ ਦੇਖੋ ਟਰੀ ਪਰ ਕਰੋਅ; ਅੰਕੁਰ ਬਾਬਾ, ਵਹਾਂ ਨਹੀਂ ਯਹਾਂ ਸਿੱਟ; ਓਰੇ ਆਓ, ਕਮ-ਕਮ, ਸਲੋਅ, ਰਨ ਮਤ ਕਰੋ; ਵੋਹ ਦੇਖੋ, ਸਕਾਈ ਮੇਂ ਐਰੋਪਲੇਨ; ਅੰਕੁਰ ਪੋਟੀ ਆਈ ਤੋਂ ਬਤਾ ਦੇਣਾ, ਕਲੋਥਜ਼ ਮੇਂ ਨਹੀਂ ਕਰਨੀ; ਚਲੋ ਅੰਕੁਰ ਪੁੱਤ ਸਲੀਪੀ ਸਲੀਪੀ ਕਰੋ" ਨਾਨਕੇ ਘਰ ਅੰਕੁਰ ਅਜਿਹੇ ਵਾਕ ਡੌਰ-ਭੌਰ ਹੋਇਆ ਸੁਣਦਾ ਰਹਿੰਦਾ ਤੇ ਵਿੱਚੇ ਹੀ ਆਪਣੀਆਂ ਤੋਤਲੀਆਂ ਮੋਤਲੀਆਂ ਕਹਿ ਛੱਡਦਾ।

ਅੱਜ ਤਾਂ ਅੰਕੁਰ ਨੇ ਜਿਵੇਂ ਸਾਰਾ ਨਾਨਕਾ ਘਰ ਹੀ ਸਿਰ ਉੱਤੇ ਚੁੱਕਿਆ ਹੋਇਆ ਸੀ। ਪਤਾ ਨੀ ਕਿਹੜੀ ਗੱਲੋਂ ਉਹ ਜਿਉਂ ਰੋਣ ਲੱਗਿਆ, ਜਿਉਂ ਰੋਣ ਲੱਗਿਆ ਕਿ ਹਟਣ ਦਾ ਨਾਂ ਹੀ ਨਾ ਲਵੇ।

"ਨੋ, ਨੋ ਕਰਾਈ... ਨੋ" ਨਾਨਾ-ਨਾਨੀ ਅੰਕੁਰ ਨੂੰ ਚੁੱਪ ਕਰਵਾਉਣ ਦੀ ਅਸਫ਼ਲ ਕੋਸ਼ਿਸ਼ ਕਰ ਰਹੇ ਸਨ। ਹੁਣ ਉਸ ਦੇ ਲਗਾਤਾਰ ਰੋਣ ਦੀ ਆਵਾਜ਼ ਆਲੇ-ਦੁਆਲੇ ਦੀ ਸ਼ਾਂਤੀ ਭੰਗ ਕਰਨ ਲੱਗੀ। ਮੈਥੋਂ ਰਿਹਾ ਨਾ ਗਿਆ। ਬਨੇਰੇ ਤੋਂ ਹੀ ਗੁਆਂਢੀਆਂ ਨੂੰ ਪੁੱਛਿਆ, "ਕੀ ਗੱਲ ਭਾਈ ਸਾਹਿਬ... ਕੀ ਹੋਇਆ ਅੱਜ ਅੰਕੁਰ ਨੂੰ? ਤਬੀਅਤ ਤਾਂ ਠੀਕ ਹੈ... ਅੱਗੇ ਤਾਂ ਕਦੇ ਐਨਾ ਚਿਰ ਨੀ ਰੋਇਆ।"

"ਕੀ ਦੱਸੀਏ ਜੀ... ਇਹਦਾ ਕਿਤੇ ਟੁਆਏ ਟੁੱਟ ਗਿਆ। ਲੱਗ ਗਿਆ ਰੋਣ। ਧੀ-ਜੁਆਈ ਨੇ ਕਿਹੈ ਬਈ ਇਹਦੇ ਨਾਲ ਅੰਗਰੇਜ਼ੀ 'ਚ ਹੀ ਗੱਲ ਕਰਨੀ ਹੈ। ਜੇ ਨਾ ਕਰੀਏ ਤਾਂ ਮੋਨਾ ਸ਼ਿਕਾਇਤਾਂ ਕਰਦੀ ਹੈ। ਆਪਣੇ ਤਰੀਕੇ ਅਸੀਂ ਬਥੇਰਾ ਜ਼ੋਰ ਲਾ ਲਿਆ ਇਹਨੂੰ ਚੁੱਪ ਕਰਵਾਉਣ ਲਈ। ਗੱਲ ਨਹੀਂ ਬਣੀ...। ਹੁਣ ਸਾਨੂੰ ਇਹ ਨੀ ਪਤਾ ਬਈ ਇਹਨੂੰ ਅੰਗਰੇਜ਼ੀ 'ਚ ਕਿਵੇਂ ਵਰਾਈਏ।" ਗੁਆਂਢੀ ਅੰਕੁਰ ਦੇ ਅੰਗਰੇਜ਼ੀ ਰੋਣੇ ਮੂਹਰੇ ਜਿਵੇਂ ਰੋਣਹਾਕੇ ਹੋਏ ਖੜ੍ਹੇ ਸਨ।

ਪਾਸਪੋਰਟ ਫੋਟੋ 2 ਫੋਟੋ $5 ਦੀਆਂ
ROYAL PHOTO STUDIO
Passport Photos
Family Partrait
Graduation
Fashion | Glamour
Photo Restoration
Photography
for all occasions
ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ
HD Blu-Ray, Cinematography
#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੌਂਸਲੇਟ ਦੇ ਥੱਲੇ)
Mandeep S. Dhillon 604-594-2131, 778-840-4600

ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ? ARE YOU IN DEBT?
ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।ਅਸੀਂ ਵੱਧ ਤੋਂ ਵੱਧ ਕਰਜ਼ਾ ਮੁਆਫ਼ ਕਰਵਾ ਸਕਦੇ ਹਾਂ।
ਕਿਸੇ ਤਰ੍ਹਾਂ ਦੀ ਵੀ ਫਾਈਨੈਂਸ਼ਲ ਪ੍ਰੋਬਲਮ ਹੋਵੇ
- ਕ੍ਰੈਡਿਟ ਕਾਰਡ - ਲਾਈਨ ਆਫ਼ ਕ੍ਰੈਡਿਟ
- ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।
Any type Unsecured Debt WE CAN REDUCE YOU DEBT BY 70%
ਸਾਡੇ ਰੇਟ ਕਾਫੀ ਵਾਜ਼ਿਬ ਹਨ।
Any type of Financial Problems?
- Personal or Business Loan
- Canada Revenue Debt
- Credit Cards - Line of Credits
- Student Loan
- We help you in Bankruptcy and Proposals
Kulwinder Bains
Certified Credit Counseller
778-998-9402
DDS: Diverse Debt Solutions Ltd.
unit # 205-12899-76 Ave. Surrey

ਵਲੋਂ : ਡਾ. ਅਰੁਣ ਮਿੱਤਰਾ
ਸੰਪਰਕ: 94170-00360

# ਸਿਹਤ ਸੰਭਾਲ ਬਾਰੇ ਮਿੱਥਾਂ ਅਤੇ ਸਿਹਤ ਸਿੱਖਿਆ



ਆਲੇ-ਦੁਆਲੇ ਦੀਆਂ ਵੱਖ-ਵੱਖ ਘਟਨਾਵਾਂ ਦੇ ਕਾਰਨਾਂ ਤੋਂ ਅਣਜਾਣ, ਪ੍ਰਾਚੀਨ ਮਨੁੱਖ ਨੇ ਕਈ ਕੁਦਰਤੀ ਘਟਨਾਵਾਂ ਜਿਵੇਂ ਮੀਂਹ, ਅੱਗ, ਭੁਚਾਲ ਆਦਿ ਲਈ ਆਕਾਸ਼ੀ ਕਾਰਨਾਂ ਨੂੰ ਜ਼ਿੰਮੇਵਾਰ ਠਹਿਰਾਇਆ। ਇਸੇ ਤਰ੍ਹਾਂ ਉਨ੍ਹਾਂ ਨੇ ਬਿਮਾਰੀਆਂ ਨੂੰ ਕਿਸੇ ਅਲੌਕਿਕ ਸ਼ਕਤੀ ਦੇ ਕਰੋਧ ਦਾ ਨਤੀਜਾ ਸਮਝਿਆ। ਉਪਾਅ ਵੀ ਮੁੱਢਲਾ ਸੀ ਅਤੇ ਉਸ ਸ਼ਕਤੀ ਨੂੰ ਖੁਸ਼ ਕਰਨ ਲਈ ਮੱਥਾ ਟੇਕਣ ’ਤੇ ਆਧਾਰਿਤ ਸੀ। ਸਮਾਂ ਬੀਤਣ ਨਾਲ ਮਨੁੱਖ ਜਾਤੀ ਨੇ ਆਲੇ-ਦੁਆਲੇ ਦੀ ਮਾੜੀ ਸਿਹਤ ਲਈ ਜ਼ਿੰਮੇਵਾਰ ਕਾਰਨ ਲੱਭਣ ਦੀ ਕੋਸ਼ਿਸ਼ ਕੀਤੀ; ਇਉਂ ਉਨ੍ਹਾਂ ਕੁਦਰਤ ਵਿੱਚ ਹੀ ਇਲਾਜ ਦੀ ਖੋਜ ਕੀਤੀ। ਇਸ ਨਾਲ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਖ-ਵੱਖ ਇਲਾਜ ਪ੍ਰਣਾਲੀਆਂ ਦਾ ਵਿਕਾਸ ਹੋਇਆ। ਆਧੁਨਿਕ ਚਿਕਿਤਸਾ ਪ੍ਰਣਾਲੀ ਬਿਮਾਰੀ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਤੀਬਰ ਖੋਜ ਦੁਆਰਾ ਵਿਗਿਆਨਕ ਢੰਗ ਨਾਲ ਅੱਗੇ ਵਧੀ ਅਤੇ ਇਸ ਅਨੁਸਾਰ ਹੀ ਮੈਡੀਕਲ/ਸਰਜੀਕਲ ਇਲਾਜ ਵਿਕਸਿਤ ਕੀਤਾ ਗਿਆ। ਇਸ ਨੇ ਬਿਮਾਰੀਆਂ ਬਾਰੇ ਕਈ ਪ੍ਰਚਲਿਤ ਮਿੱਥਾਂ ਅਤੇ ਵਿਸ਼ਵਾਸ ਤੋੜ ਦਿੱਤੇ।

ਉਂਝ, ਇਨ੍ਹਾਂ ਸਾਰੀਆਂ ਵਿਕਾਸ ਤੇ ਆਧੁਨਿਕ ਤਕਨੀਕੀ ਕਾਢਾਂ ਦੇ ਬਾਵਜੂਦ ਸਾਡੇ ਸਮਾਜ ਵਿੱਚ ਸਿਹਤ ਸੰਭਾਲ ਬਾਰੇ ਬਹੁਤ ਸਾਰੀਆਂ ਮਿੱਥਾਂ ਪ੍ਰਚਲਿਤ ਹਨ। ਇਨ੍ਹਾਂ ਵਿੱਚੋਂ ਕੁਝ ਤਾਂ ਸੰਗਠਿਤ ਢੰਗ ਨਾਲ ਪ੍ਰਚਾਰੀਆਂ ਜਾ ਰਹੀਆਂ ਹਨ। ਸਿਹਤ ਸੰਭਾਲ ਵਿੱਚ ਗੈਰ-ਵਿਗਿਆਨਕ, ਪੁਰਾਣੇ ਵਿਚਾਰਾਂ ਵਾਲਾ ਵਿਸ਼ਵਾਸ ਸਮਾਜ ਦੇ ਸਾਰੇ ਵਰਗਾਂ ਵਿੱਚ ਵੱਖੋ-ਵੱਖਰੇ ਪੱਧਰਾਂ ’ਤੇ ਕਾਇਮ ਹੈ ਭਾਵੇਂ ਇਹ ਵਿਚਾਰ ਸਮੇਂ ਦੀ ਅਜ਼ਮਾਇਸ਼ ਵਿੱਚ ਅਸਫਲ ਰਹੇ ਹਨ। ਵਿਗਿਆਨਕ ਵਿਕਾਸ ਨਾਲ ਵਿਗਿਆਨਕ ਸੁਭਾਅ ਵੀ ਵਿਕਸਿਤ ਹੋਏਗਾ, ਇਹ ਕੋਈ ਜ਼ਰੂਰੀ ਨਹੀਂ। ਲੋਕ ਆਪਣੇ ਫਾਇਦੇ ਲਈ ਵਿਗਿਆਨਕ ਕਾਢਾਂ ਦੀ ਵਰਤੋਂ ਕਰਦੇ ਹਨ ਪਰ ਗੈਰ-ਵਿਗਿਆਨਕ ਵਿਚਾਰਾਂ ਵਿੱਚ ਸ਼ਾਮਲ ਰਹਿੰਦੇ ਹਨ। ਵਿਗਿਆਨਕ ਸੁਭਾਅ ਦੇ ਵਿਕਾਸ ਲਈ ਲੋਕਾਂ ਨੂੰ ਸਿੱਖਿਅਤ ਕਰਨ ਲਈ ਠੋਸ ਯਤਨਾਂ ਦੀ ਲੋੜ ਹੈ। ਇਸ ਲਈ ਜ਼ਰੂਰੀ ਹੈ ਕਿ ਬਚਪਨ ਤੋਂ ਹੀ ਵਿਗਿਆਨਕ ਆਧਾਰ ’ਤੇ ਸਿਹਤ ਸਿੱਖਿਆ ਦਿੱਤੀ ਜਾਵੇ ਤਾਂ ਜੋ ਬੱਚੇ ਵੱਡੇ ਹੁੰਦੇ-ਹੁੰਦੇ ਅਜਿਹੇ ਝੂਠੇ ਵਿਸ਼ਵਾਸਾਂ ਦਾ ਸ਼ਿਕਾਰ ਨਾ ਹੋਣ।

ਇਨ੍ਹਾਂ ਮਿਥਿਹਾਸ ਅਤੇ ਵਿਸ਼ਵਾਸਾਂ ਦੇ ਗੰਭੀਰ ਨਤੀਜੇ ਹੋ ਸਕਦੇ ਹਨ; ਵਿਸ਼ੇਸ਼ ਤੌਰ ’ਤੇ ਜਦੋਂ ਮਰੀਜ਼ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਦੇ ਮਾਮਲੇ ਵਿੱਚ ਵੀ ਵਿਸ਼ਵਾਸੀ ਇਲਾਜ ਕਰਨ ਵਾਲਿਆਂ ਨੂੰ ਮਿਲਦੇ ਹਨ। ਅਜਿਹੇ ਹਾਲਾਤ ਵਿੱਚ ਬਿਮਾਰੀ ਜਿਸ ਨੂੰ ਠੀਕ/ਕੰਟਰੋਲ ਕੀਤਾ ਜਾ ਸਕਦਾ ਸੀ ਜਾਂ ਘੱਟ ਦਰਦਨਾਕ ਬਣਾਇਆ ਜਾ ਸਕਦਾ ਸੀ, ਘਾਤਕ ਬਣ ਜਾਂਦਾ ਹੈ ਅਤੇ ਮਰੀਜ਼ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਾਉਂਦਾ ਹੈ।

ਸਿਹਤ ਸੰਭਾਲ ਦੀਆਂ ਮਿੱਥਾਂ ਹਰ ਕਿਸਮ ਦੀਆਂ ਬਿਮਾਰੀਆਂ ਨਾਲ ਸਬੰਧਿਤ ਹਨ ਭਾਵੇਂ ਉਹ ਸੰਚਾਰੀ, ਗੈਰ-ਸੰਚਾਰੀ ਜਾਂ ਵਿਗਾੜਨਸ਼ੀਲ ਹੋਣ ਅਤੇ ਸਰੀਰ ਦੀ ਕਿਸੇ ਪ੍ਰਣਾਲੀ ਨਾਲ ਸਬੰਧਿਤ ਹੋਣ। ਕਈ ਲੋਕ ਅਜੇ ਵੀ ਮੰਨਦੇ ਹਨ ਕਿ ਮਿਰਗੀ ‘ਡੈਣਾਂ’ ਦੇ ਪਰਛਾਵੇਂ ਕਾਰਨ ਹੁੰਦੀ ਹੈ, ਇਸ ਲਈ ਇਲਾਜ ‘ਡੈਣ’ ਤੋਂ ਛੁਟਕਾਰਾ ਪਾਉਣ ’ਤੇ ਆਧਾਰਿਤ ਹੈ। ਕਈਆਂ ਦਾ ਮੰਨਣਾ ਹੈ ਕਿ ਗੰਦੀ ਜੁੱਤੀ ਦੀ ਬਦਬੂ ਦੌਰੇ ਦੇ ਮਰੀਜ਼ ਨੂੰ ਠੀਕ ਕਰ ਦੇਵੇਗੀ। ਸਿਫਿਲਿਸ ਜਿਨਸੀ ਤੌਰ ’ਤੇ ਫੈਲਣ ਵਾਲੀ ਬਿਮਾਰੀ ਹੈ ਜਿਸ ਨੂੰ ਦੇਸ਼ ਦੇ ਕੁਝ ਹਿੱਸਿਆਂ ਵਿੱਚ ‘ਜਲੇਬੀ ਨਾਲ ਦੁੱਧ ਦਾ ਸੇਵਨ’ ਕਰ ਕੇ ਹੋਣ ਵਾਲਾ ਰੋਗ ਮੰਨਿਆ ਜਾਂਦਾ ਹੈ।

ਬਹੁਤ ਸਾਰੀਆਂ ਬਿਮਾਰੀਆਂ ਕੁਦਰਤ ਵਿੱਚ ਸਵੈ-ਸੀਮਤ ਹੁੰਦੀਆਂ ਹਨ। ਉਨ੍ਹਾਂ ਨੂੰ ਸਹਾਇਕ ਇਲਾਜ ਦੀ ਲੋੜ ਹੁੰਦੀ ਹੈ। ਉਦਾਹਰਨ ਲਈ ਕੰਨ ਪੇੜੇ ਵਰਗੀ ਵਾਇਰਲ ਬਿਮਾਰੀ ਆਮ ਤੌਰ ’ਤੇ ਇੱਕ ਹਫ਼ਤੇ ਜਾਂ ਇਸ ਤੋਂ ਥੋੜ੍ਹਾ ਵੱਧ ਸਮੇਂ ਵਿੱਚ ਠੀਕ ਹੋ ਜਾਂਦੀ ਹੈ। ਇਸ ਨੂੰ ਦਰਦ ਅਤੇ ਹੋਰ ਮੁਸੀਬਤ ਦੇ ਲੱਛਣਾਂ ਨੂੰ ਘਟਾਉਣ ਲਈ ਸਹਾਇਕ ਉਪਾਵਾਂ ਦੀ ਲੋੜ ਹੁੰਦੀ ਹੈ ਪਰ ਕੰਨ ਪੇੜੇ ਦੇ ਮਰੀਜ਼ ਇਸ ਵਿਸ਼ਵਾਸ ਨਾਲ ਘੁਮਾਰ (ਮਿੱਟੀ ਦੇ ਘੜੇ ਬਣਾਉਣ ਵਾਲੇ) ਕੋਲ ਜਾਂਦੇ ਹਨ ਕਿ ਉਸ ਦੇ ਮੂੰਹ ਤੋਂ ਕੁਝ ਮੰਤਰਾਂ ਅਤੇ ਗੱਲ੍ਹਾਂ ’ਤੇ ਮਿੱਟੀ ਲਗਾਉਣ ਨਾਲ ਰੋਗ ਠੀਕ ਹੋ ਜਾਵੇਗਾ। ਕੰਨ ਪੇੜੇ ਪੈਰਾਮਾਈਕਸੋ ਵਾਇਰਸ ਕਾਰਨ ਹੋਣ ਵਾਲੀ ਲਾਰ ਦੀ ਗ੍ਰੰਥੀਆਂ ਦੀ ਵਾਇਰਲ ਲਾਗ ਹੈ ਜਿੱਥੇ ਮਰੀਜ਼ ਨੂੰ ਗੱਲ੍ਹਾਂ ਦੀ ਦਰਦਨਾਕ ਜਾਂ ਜਬਾੜੇ ਦੇ ਹੇਠਾਂ ਸੋਜ ਹੁੰਦੀ ਹੈ। ਇਹ ਸਵੈ-ਸੀਮਿਤ ਵਿਕਾਰ ਹੈ ਅਤੇ ਸਮੇਂ ਨਾਲ ਤੇ ਸਹਾਇਕ ਉਪਾਵਾਂ ਨਾਲ ਠੀਕ ਹੋ ਜਾਂਦਾ ਹੈ।

ਚੇਚਕ (ਚਿਕਨਪੌਕਸ) ਅਤੇ ਅਜਿਹੀਆਂ ਹੋਰ ਬਿਮਾਰੀਆਂ ਲਈ ਵੀ ਇਹੀ ਸੱਚ ਹੈ। ਮੰਨਿਆ ਜਾਂਦਾ ਹੈ ਕਿ ਚਿਕਨਪੌਕਸ ਉਦੋਂ ਹੁੰਦਾ ਹੈ ਜਦੋਂ ‘ਦੇਵੀ ਮਾਤਾ’ ਗੁੱਸੇ ਹੋ ਜਾਂਦੀ ਹੈ। ਉੱਤਰੀ ਭਾਰਤ ਦੇ ਕੁਝ ਹਿੱਸਿਆਂ ਵਿੱਚ ਇਸ ਬਿਮਾਰੀ ਨੂੰ ‘ਛੋਟੀ ਮਾਤਾ’ ਕਿਹਾ ਜਾਂਦਾ ਹੈ। ਇਸ ਲਈ ਲੋਕ ਦੇਵੀ ਨੂੰ ਪ੍ਰਸੰਨ ਕਰਨ ਅਤੇ ਅਸ਼ੀਰਵਾਦ ਪ੍ਰਾਪਤ ਕਰਨ ਲਈ ਉਸ ਦੀ ਪੂਜਾ ਕਰਦੇ ਹਨ।

ਇਸੇ ਤਰ੍ਹਾਂ ਬੇਲਜ਼ ਪਾਲਸੀ (ਚਿਹਰੇ ਦੇ ਇੱਕ ਪਾਸੇ ਦਾ ਅਧਰੰਗ/ਲਕਵਾ) ਨੂੰ ਅਜਿਹੇ ਮਿਥਿਆਵਾਦੀ ਅਖੌਤੀ ਡਾਕਟਰਾਂ ਦੁਆਰਾ ਵੱਖ-ਵੱਖ ਤਰੀਕਿਆਂ ਨਾਲ ਠੀਕ ਕੀਤਾ ਜਾਂਦਾ ਹੈ। ਅਜਿਹਾ ਹੀ ਇੱਕ ਤਰੀਕਾ ਹੈ ‘ਕਨਵੈਕਸ ਲੈਂਸ’ ਦੀ ਵਰਤੋਂ ਕਰ ਕੇ ਮਰੀਜ਼ ਦੀ ਗਰਦਨ ’ਤੇ ਸੂਰਜ ਦੀ ਰੌਸ਼ਨੀ ਫੋਕਸ ਕਰਨਾ। ਇਸ ਨਾਲ ਚਮੜੀ ’ਤੇ ਜਲਣ ਹੋ ਜਾਂਦੀ ਹੈ। ਜਿਵੇਂ-ਜਿਵੇਂ ਜਲਣ ਠੀਕ ਹੋ ਜਾਂਦੀ ਹੈ, ਚਿਹਰੇ ਦਾ ਅਧਰੰਗ ਵੀ ਠੀਕ ਹੋ ਜਾਂਦਾ ਹੈ ਕਿਉਂਕਿ ਜ਼ਿਆਦਾਤਰ ਮਾਮਲਿਆਂ ਵਿੱਚ ਇਹ ਸਵੈ-ਸੀਮਤ ਬਿਮਾਰੀ ਹੈ।

ਮਿੱਥਾਂ ਉਦੋਂ ਮਜ਼ਬੂਤ ਹੁੰਦੀਆਂ ਜਦੋਂ ਰਾਜ ਦੇ ਮੁਖੀ ਅਜਿਹੇ ਬੇਤੁਕੇ ਵਿਚਾਰ ਕਾਇਮ ਰੱਖਦੇ ਹਨ। ਸਾਡੇ ਪ੍ਰਧਾਨ ਮੰਤਰੀ ਨੇ 2014 ’ਚ ਕਿਹਾ ਕਿ ਪੁਰਾਣੇ ਸਮੇਂ ਵਿੱਚ ਭਾਰਤ ਵਿੱਚ ਸਰਜਰੀ ਇੰਨੀ ਉੱਨਤ ਸੀ ਕਿ ਅਸੀਂ ਹਾਥੀ ਦਾ ਸਿਰ ਮਨੁੱਖੀ ਸਰੀਰ ਉੱਤੇ ਸਫਲਤਾਪੂਰਵਕ ਟ੍ਰਾਂਸਪਲਾਂਟ ਕਰ ਸਕਦੇ ਸਾਂ। ਇਹ ਉਨ੍ਹਾਂ ਦਾ ਆਪਣੀ ਪਾਰਟੀ ਦੇ ਕਾਰਕੁਨਾਂ ਨੂੰ ਅਜਿਹੀਆਂ ਗੈਰ-ਪ੍ਰਮਾਣਿਤ ਚੀਜ਼ਾਂ ਫੈਲਾਉਣ ਲਈ ਅੱਗੇ ਵਧਣ ਦਾ ਸੰਕੇਤ ਸੀ। ਇਸ ਤੋਂ ਬਾਅਦ ਮਨੁੱਖੀ ਸਿਹਤ ਲਈ ਗਊ ਮੂਤਰ ਅਤੇ ਗੋਬਰ ਦੀ ਉਪਯੋਗਤਾ ਵਰਗੇ ਪੁਰਾਣੇ ਗੈਰ-ਵਿਗਿਆਨਕ ਵਿਚਾਰਾਂ ਨੂੰ ਜ਼ੋਰ-ਸ਼ੋਰ ਨਾਲ ਉਜਾਗਰ ਕੀਤਾ ਜਾ ਰਿਹਾ ਹੈ ਹਾਲਾਂਕਿ ਇਸ ਦੇ ਪੱਖ ਵਿੱਚ ਕੋਈ ਵਿਗਿਆਨਕ ਸਬੂਤ ਨਹੀਂ ਹਨ।

ਡਾਕਟਰੀ ਇਲਾਜ ਦੇ ਮੁੱਦਿਆਂ ’ਤੇ ਰਾਏ ਦੇਣ ਲਈ ਹਸਪਤਾਲਾਂ ਵਿਚ ਜੋਤਸ਼ੀ ਨਿਯੁਕਤ ਕਰਨ ਦੀਆਂ ਵੀ ਗੱਲਾਂ ਕੀਤੀਆਂ ਜਾ ਰਹੀਆਂ ਹਨ। ਗੁਜਰਾਤ ਸਰਕਾਰ ਦੇ ਕੁਝ ਮੰਤਰੀਆਂ ਵੱਲੋਂ ‘ਤਾਂਤਰਿਕਾਂ’ ਦੇ ਸੰਮੇਲਨ ਵਿੱਚ ਹਿੱਸਾ ਲੈ ਕੇ ਉਨ੍ਹਾਂ ਦਾ ਸਨਮਾਨ ਕਰਨ ਦੀ ਵੀ ਖ਼ਬਰ ਹੈ। ਅਰੋਗਿਆ ਭਾਰਤੀ ਦੁਆਰਾ ‘ਗਰਭ ਵਿਗਿਆਨ ਸੰਸਕਾਰ’ ਇੱਕ ਹੋਰ ਵਿਚਾਰਨ ਵਾਲਾ ਮਾਮਲਾ ਹੈ। ਉਹ ਪਤੀ ਪਤਨੀ ਦੇ ਮੇਲਣ ਦੇ ਸਮੇਂ ਜੋੜਿਆਂ ਨੂੰ ਸ਼ਲੋਕਾਂ ਦਾ ਪਾਠ ਕਰਵਾਉਣ ਲਈ ਪ੍ਰਚਾਰ ਕਰਨ ਹਿਤ ਵਰਕਸ਼ਾਪਾਂ ਲਾਉਂਦੇ ਹਨ ਤਾਂ ਜੋ ਉਨ੍ਹਾਂ ਦੀ ਪਸੰਦ ਦੇ ਬੱਚੇ (ਉਤਮ ਸੰਤਤੀ) ਪੈਦਾ ਕੀਤੇ ਜਾ ਸਕਣ। ਉਹ ਦਾਅਵਾ ਕਰਦੇ ਹਨ ਕਿ ਜੋੜੇ ਦੀ ਪਸੰਦ ਦੇ ਬੱਚੇ ਹੋ ਸਕਦੇ ਹਨ ਅਤੇ ਇਸ ਨਾਲ ਸ਼ੁੱਧ ਤੇ ਸ਼ਕਤੀਸ਼ਾਲੀ ਪੀੜ੍ਹੀ ਦਾ ਵਿਕਾਸ ਹੋਵੇਗਾ। ਕੁਝ ਸਮਾਂ ਪਹਿਲਾਂ ਆਂਧਰਾ ਪ੍ਰਦੇਸ਼ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਨਾਗੇਸ਼ਵਰ ਰਾਓ ਨੇ ਜਲੰਧਰ ਵਿੱਚ ਇੰਡੀਅਨ ਸਾਇੰਸ ਕਾਂਗਰਸ ਦੌਰਾਨ ਕਿਹਾ ਸੀ ਕਿ ਪੁਰਾਣੇ ਸਮੇਂ ਵਿਚ ਸਾਡੇ ਕੋਲ ਸਟੈੱਮ ਸੈੱਲ ਤਕਨੀਕ ਇੰਨੀ ਉੱਨਤ ਸੀ ਜੋ ਕਲੋਨਿੰਗ ਵਿਚ ਵਰਤੀ ਜਾਂਦੀ ਸੀ; ਕਰਨ ਅਤੇ 100 ਕੌਰਵਾਂ ਦਾ ਜਨਮ ਇਸ ਤਕਨੀਕ ਨਾਲ ਹੋਇਆ ਸੀ। ਇਹ ਵਿਗਿਆਨਕ ਸਬੂਤ ’ਤੇ ਆਧਾਰਿਤ ਨਹੀਂ; ਇਹ ਕੇਵਲ ਮਿਥਿਹਾਸ ਅਤੇ ਅਸਪੱਸ਼ਟਤਾ ਕਾਇਮ ਰੱਖਣ ਲਈ ਹਨ। ਹਾਲ ਹੀ ਵਿੱਚ ਆਈਆਈਟੀ ਮੰਡੀ ਦੇ ਡਾਇਰੈਕਟਰ ਲਕਸ਼ਮੀਧਰ ਬਿਹੜਾ ਨੇ ਕਿਹਾ ਹੈ ਕਿ ਦਿਲ ਉਦੋਂ ਧੜਕਣਾਂ ਬੰਦ ਕਰ ਦਿੰਦਾ ਹੈ ਜਦੋਂ ਦਿਲ ਵਿੱਚ ਰਹਿੰਦੀ ਰੂਹ ਉਸ ਨੂੰ ਛੱਡ ਦਿੰਦੀ ਹੈ। ਦਿਲ ਦੇ ਦੌਰੇ ਬਾਰੇ ਡਾਕਟਰਾਂ ਦੀ ਥਿਊਰੀ ਉਨ੍ਹਾਂ ਅਨੁਸਾਰ ਬੇਤੁਕੀ ਹੈ। ਮਹੇਸ਼ ਚੰਦ ਸ਼ਰਮਾ ਜੋ ਹੁਣ ਰਾਜਸਥਾਨ ਹਾਈ ਕੋਰਟ ਦੇ ਸੇਵਾਮੁਕਤ ਜੱਜ ਹਨ, ਕਹਿੰਦੇ ਹਨ ਕਿ ਮਾਦਾ ਮੋਰ ਮਿਲਣ ਕਰ ਕੇ ਨਹੀਂ ਸਗੋਂ ਮੋਰ ਦੀਆਂ ਅੱਖਾਂ ਵਿੱਚੋਂ ਵਗਣ ਵਾਲੇ ਹੰਝੂ ਚੱਟਣ ਕਾਰਨ ਆਂਡੇ ਦਿੰਦੀ ਹੈ।

ਇਸੇ ਲੜੀ ਵਿੱਚ ਹਾਲ ਹੀ ਵਿੱਚ ਹੋਈਆਂ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਦੇ ਬਿਆਨ ਦਾ ਜ਼ਿਕਰ ਵਾਜਬ ਹੈ ਕਿ ਉਨ੍ਹਾਂ ਨੂੰ ਪਰਮਾਤਮਾ ਨੇ ਸਿੱਧੇ ਤੌਰ ’ਤੇ ਇਸ ਧਰਤੀ ’ਤੇ ਭੇਜਿਆ ਹੈ; ਭਾਵ ਉਹ ਮਾਂ ਦੀ ਕੁੱਖ ਤੋਂ ਨਹੀਂ ਪੈਦਾ ਹੋਇਆ। ਇਹ ਸਮਾਜ ਨੂੰ ਪਛੜੇਪਣ ਵਿੱਚ ਰੱਖਣ ਦੀ ਚਾਲ ਹੈ ਤੇ ਆਪਣੇ ਆਪ ਨੂੰ ਆਮ ਪੁਰਖਾਂ ਨਾਲੋਂ ਉੱਤਮ ਦੱਸਣ ਦੀ ਹੋਛੀ ਗੱਲ ਹੈ। ਅੱਜ ਡਾਕਟਰੀ ਸੰਸਥਾਵਾਂ, ਤਰਕਸ਼ੀਲ ਸਮਾਜਾਂ ਅਤੇ ਵਿਗਿਆਨਕ ਨਜ਼ਰੀਏ ਵਾਲੇ ਸਹੀ ਸੋਚ ਵਾਲੇ ਲੋਕਾਂ ਲਈ ਚੁਣੌਤੀ ਵਾਲਾ ਸਮਾਂ ਹੈ। ਮੱਧਕਾਲੀ ਵਿਚਾਰਾਂ ਰਾਹੀਂ ਆਧੁਨਿਕਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਸਾਡੇ ਲੋਕਾਂ ਦੀ ਸਿਹਤ, ਖਾਸ ਕਰ ਕੇ ਔਰਤਾਂ ਅਤੇ ਬੱਚਿਆਂ ਦੀ ਸਿਹਤ ਨੂੰ ਤਰਕਹੀਣ ਵਿਚਾਰਾਂ ਵਾਲੇ ਲੋਕਾਂ ਦੁਆਰਾ ਸ਼ੋਸ਼ਣ ਲਈ ਨਹੀਂ ਛੱਡਿਆ ਜਾ ਸਕਦਾ। ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਕਿਵੇਂ ਔਰਤਾਂ ਨੂੰ ਪਾਗਲਪਨ ਦੇ ਬਹਾਨੇ ਜਾਦੂ ਕਿਸਮ ਦੇ ਅਖੌਤੀ ਇਲਾਜਾਂ ਦਾ ਸ਼ਿਕਾਰ ਬਣਾਇਆ ਜਾਂਦਾ ਹੈ; ਇਨ੍ਹਾਂ ਰੋਗਾਂ ਦਾ ਇਲਾਜ ਮਨੋਵਿਗਿਆਨਕ ਇਲਾਜ ਅਤੇ ਕੌਂਸਲਿੰਗ ਦੁਆਰਾ ਕੀਤਾ ਜਾ ਸਕਦਾ ਹੈ।

ਵਿਗਿਆਨਕ ਦ੍ਰਿਸ਼ਟੀਕੋਣ ਰਾਹੀਂ ਸਿਹਤਮੰਦ ਭਾਰਤ ਦੇ ਵਿਕਾਸ ਲਈ ਠੋਸ ਯਤਨ ਕਰਨੇ ਪੈਣਗੇ; ਨਹੀਂ ਤਾਂ ਸਿਹਤ ਸੰਭਾਲ ’ਚ ਝੂਠੀਆਂ ਧਾਰਨਾਵਾਂ ਤੇ ਮਿੱਥਾਂ ਰਾਹੀਂ ਸਾਡੀ ਬਹੁਤੀ ਗਰੀਬ ਆਬਾਦੀ ਦੀ ਸਿਹਤ ਦਾ ਸ਼ੋਸ਼ਣ ਹੁੰਦਾ ਰਹੇਗਾ। ਕੋਈ ਸਮਾਂ ਸੀ ਜਦੋਂ ਅਜਿਹੇ ਅਸਪੱਸ਼ਟ ਵਿਚਾਰ ਪੂਰੀ ਦੁਨੀਆ ’ਚ ਪ੍ਰਚਲਿਤ ਸਨ। ਅਨੇਕ ਦੇਸ਼ ਅਜਿਹੇ ਰੂੜੀਵਾਦੀ ਵਿਚਾਰ ਤਜ ਕੇ ਅੱਗੇ ਵਧੇ ਗਏ ਹਨ। ਸਾਡੇ ਦੇਸ਼ ਦੇ ਕੁਝ ਆਗੂ ਲੋਕਾਂ ਨੂੰ ਪੁਰਾਣੀ ਸੋਚ ਵਿੱਚ ਰੱਖਣਾ ਚਾਹੁੰਦੇ ਹਨ।

---

ਸਫ਼ਾ 16 ਦਾ ਬਾਕੀ


ਅਤਿ ਦੀਆਂ ਮੁਸੀਬਤਾਂ ਵਿੱਚ ਵੀ ਕਦੇ ਜੋਤਸ਼ੀਆਂ ਤੇ ਸਿਆਣੇ ਸੱਪਿਆਂ ਦੇ ਦਰ ’ਤੇ ਜਾਣ ਲਈ ਮਨ ਨਹੀਂ ਸੀ ਮੰਨਿਆ, ਪਰ ਹੁਣ ਦਿਲ ਕਰਦਾ ਸੀ ਕਿ ਕੋਈ ਅਜਿਹੇ ਸੰਤ ਦੀ ਦੱਸ ਪਾਵੇ, ਜਿਹੜਾ ਟੁੱਟੇ ਰਿਸ਼ਤਿਆਂ ਨੂੰ ਜੋੜਨ ਵਾਲਾ ਹੋਵੇ। ਕਦੇ ਹਿਸਾਬ ਕਿਤਾਬ ਲਾਉਂਦੀਆਂ ਕਿ ਇਹ ਸਭ ਹੋਇਆ ਕਿਉਂ? ਗੱਲ ਇੱਕੋ ਥਾਂ ਆ ਕੇ ਮੁੱਕਦੀ ਕਿ ਉਨ੍ਹਾਂ ਰਲ ਮਿਲ ਬੈਠ ਕੇ ਗ਼ਲਤਫਹਿਮੀਆਂ ਦੂਰ ਨਹੀਂ ਕੀਤੀਆਂ। ਜਾਂ ਇਉਂ ਆਖ ਲਵੋ ਕਿ ਆਪਣੇ ਆਪਣੇ ਹਿਸਾਬ ਨਾਲ ਸਭ ਚੰਗੇ ਸਨ, ਪਰ ਆਪਣੀਆਂ ਗੱਲਾਂ ਉਨ੍ਹਾਂ ਉਲਟਾ ਕੇ ਨਹੀਂ ਦੇਖੀਆਂ। ਹਰ ਇੱਕ ਨੇ ਬਸ ਇਹੀ ਮਨਾਂ ਵਿੱਚ ਬਿਠਾ ਲਿਆ ਕਿ ਮੈਂ ਦੂਜਿਆਂ ਲਈ ਕਿੰਨਾ ਵੱਧ ਕੀਤਾ, ਦੂਜੇ ਨੇ ਮੇਰੇ ਲਈ ਕੁਝ ਵੀ ਨਹੀਂ ਕੀਤਾ। ਜੇ ਇਸੇ ਗੱਲ ਨੂੰ ਉਲਟਾ ਕੇ ਦੇਖਦੇ ਕਿ ਦੂਜਿਆਂ ਨੇ ਵੀ ਮੇਰੇ ਲਈ ਬਥੇਰਾ ਕੀਤਾ, ਫਿਰ ਇਹ ਕੁਝ ਨਹੀਂ ਸੀ ਹੋਣਾ। ਨਾਲੇ ਕੋਈ ਭੈਣ ਭਰਾ ਇੱਕ ਦੂਜੇ ਦਾ ਕਰਦੇ ਨੇ ਤਾਂ ਉਹ ਕੋਈ ਤੱਕੜੀ ਨਾਲ ਤੋਲ ਕੇ ਥੋੜ੍ਹਾ ਕਰਨਾ ਹੁੰਦਾ! ਕਿਸੇ ਨੇ ਵੱਧ ਕਰ ਦਿੱਤਾ, ਕਿਸੇ ਤੋਂ ਘੱਟ ਹੋਇਆ। ਕਦੇ ਸੋਚਦੀਆਂ ਕਿ ਉਨ੍ਹਾਂ ਦੇ ਪਿਉ ਤੇ ਭਰਾਵਾਂ ਦੀ ਹਉਮੈਂ ਨੇ ਸਾਰਾ ਕੁਝ ਖੇਰੂੰ ਖੇਰੂੰ ਕਰ ਕੇ ਰੱਖ ਦਿੱਤਾ। ਆਪਣੀ ਆਪਣੀ ‘ਮੈਂ’ ਨੂੰ ਰਜਾਉਣ ਲਈ ਨਾ ਦਿਲ ਦੀ ਸੁਣੀ, ਨਾ ਦਿਮਾਗ਼ ਤੋਂ ਕੰਮ ਲਿਆ। ਦਿਲ ਦੀਆਂ ਰੌਣਕਾਂ ਦੀ ਥਾਂ ਸੰਨਾਟਾ ਛਾ ਗਿਆ। ਅਜੇ ਵੀ ਇਸੇ ਗੱਲ ਦਾ ਮਾਣ ਕਿ ਅਸੀਂ ਆਪਣੇ ਤੋਂ ਵੱਡਿਆਂ ਸਾਹਮਣੇ ਜ਼ੁਬਾਨ ਨਹੀਂ ਖੋਲ੍ਹੀ।

ਧੀਆਂ ਲਈ ਤਾਂ ਸਭ ਕੁਝ ਹੋਰ ਦਾ ਹੋਰ ਹੋ ਗਿਆ। ਆਪਣੇ ਹੀ ਘਰ ਵਿੱਚ ਚੋਰਾਂ ਵਾਂਗ ਲੁਕ ਕੇ ਫੋਨ ’ਤੇ ਗੱਲ ਕਰਦੀਆਂ। ਆਪਣੇ ਹੀ ਅੰਦਰ ਗੰਢਾਂ ਬਣਾ ਲਈਆਂ। ਕਦੇ ਆਪਣੀ ਬੇਵਸੀ ’ਤੇ ਦੁਖੀ ਹੁੰਦੀਆਂ। ਕਦੇ ਸਕੀਮਾਂ ਬਣਾਉਂਦੀਆਂ ਕਿ ਕਿਵੇਂ ਪਰਿਵਾਰ ਨੂੰ ਜੋੜਨ... ਰੋਜ਼ ਸਕੀਮਾਂ ਬਣਾਉਂਦੀਆਂ, ਫਿਰ ਖਾਰਜ ਕਰ ਦਿੰਦੀਆਂ। ਉਨ੍ਹਾਂ ਦੀ ਹਾਲਤ ਕੋਈ ਨਹੀਂ ਸੀ ਸਮਝ ਰਿਹਾ। ਇੱਕ ਪਰਿਵਾਰ ਦੋ ਧਿਰਾਂ ਵਿੱਚ ਵੰਡਿਆ ਜਾ ਚੁੱਕਾ ਸੀ। ਦੋਵੇਂ ਧਿਰਾਂ ਆਪੋ ਆਪਣੀ ਥਾਂ ਆਪਣੇ ਆਪ ਨੂੰ ਸਹੀ ਆਖਦੀਆਂ। ਕਈ ਵਾਰ ਮਹਿਸੂਸ ਹੁੰਦਾ ਕਿ ਦੋਵਾਂ ਦੀ ਹਉਮੈਂ ਨੇ ਹੰਕਾਰ ਦਾ ਰੂਪ ਧਾਰਨ ਕਰ ਲਿਆ, ਕਈ ਵਾਰ ਜਾਪਦਾ ਕਿ ਇਹ ਹੰਕਾਰ ਨਹੀਂ, ਆਤਮ-ਸਨਮਾਨ ਹੈ। ਜੋ ਵੀ ਸੀ, ਧੀਆਂ ਲਈ ਬੜਾ ਦੁਖਦਾਈ ਸੀ। ਉਹ ਦਿਨ ਰਾਤ ਇਸ ਹੋਈ ਪਾਟੋ-ਧਾੜ ਦੇ ਕਾਰਨ ਲੱਭਦੀਆਂ, ਪਰ ਕੁਝ ਵੀ ਨਾ ਲੱਭਦਾ।

ਇਸੇ ਪਾਟੋ-ਧਾੜ ਵਿੱਚ ਮਾਪੇ ਵੀ ਤੁਰ ਗਏ। ਨਾ ਉਹ ਕਦੇ ਵੱਡੇ ਬਾਈ ਦੇ ਮੱਥੇ ਲੱਗੇ, ਨਾ ਹੀ ਕਦੇ ਵੱਡਾ ਬਾਈ ਉਨ੍ਹਾਂ ਦੇ ਮੱਥੇ ਲੱਗਿਆ। ਪਰਿਵਾਰ ਵਿੱਚ ਬੜਾ ਕੁਝ ਇਹੋ ਜਿਹਾ ਹੋਇਆ ਜੋ ਕਦੇ ਸੋਚਿਆ ਵੀ ਨਹੀਂ ਸੀ। ਦਿਨ ਮਹੀਨੇ ਸਾਲ ਬੀਤਦੇ ਗਏ। ਇੱਕ ਦਿਨ ਪਤਾ ਲੱਗਿਆ ਕਿ ਛੋਟੇ ਭਰਾਵਾਂ ਨੇ ਵੱਡੇ ਭਰਾ ਦੇ ਘਰ ਦੀ ਥਾਂ ਵੀ ਆਪਣੇ ਨਾਂ ਕਰਵਾ ਲਈ। ਲੋਕ ਕਹਿੰਦੇ ਨੇ ਕਿ ਉਨ੍ਹਾਂ ਨੇ ਮਾਪਿਆਂ ਦੀ ਸੇਵਾ ਕੀਤੀ। ਧੀਆਂ ਸੋਚਦੀਆਂ ਕਿ ਉਹ ਸੇਵਾ ਕਾਹਦੀ ਜਿਹਦੀ ਕੀਮਤ ਵਸੂਲੀ ਜਾਵੇ। ਸਿਆਣੇ ਪਰਿਵਾਰਾਂ ਵਿੱਚ ਵਿਆਹੀਆਂ ਧੀਆਂ ਨੂੰ ਤਾਂ ਇੱਕ ਫ਼ਿਕਰ ਕਿ ਪਰਿਵਾਰ ਬਿਖ਼ਰ ਗਿਆ। ਜਿਹੜੇ ਪਰਿਵਾਰਾਂ ਨੇ ਨੂੰਹਾਂ ਦੇ ਪੇਕਿਆਂ ਦੀ ਭੋਰਾ ਭੋਰਾ ਗ਼ਲਤੀ ਫੜ ਕੇ ਵੀ ਮਿਹਣੇ ਮਾਰਨੇ ਹੁੰਦੇ ਨੇ, ਉਨ੍ਹਾਂ ਲਈ ਹੋਰ ਵੀ ਔਖਾ ਹੋ ਗਿਆ।ਉਹ ਪੇਕਿਆਂ ਵੱਲੋਂ ਮਾਰੀਆਂ ਸੱਟਾਂ ਨੂੰ ਸੰਭਾਲਣ ਜਾਂ ਫਿਰ ਸਹੁਰਿਆਂ ਵੱਲੋਂ ਉਨ੍ਹਾਂ ਸੱਟਾਂ ’ਤੇ ਮਾਰੀਆਂ ਹੋਰ ਸੱਟਾਂ ਨੂੰ ਸੰਭਾਲਣ। ਉਹ ਸੋਚਦੀਆਂ ਸਹੁਰਿਆਂ ਵੱਲੋਂ ਦੁਖੀ ਕੀਤੀਆਂ ਧੀਆਂ ਦੇ ਦੁੱਖ ਤਾਂ ਬੁਰੇ ਹੁੰਦੇ ਹੀ ਨੇ, ਪਰ ਪੇਕਿਆਂ ਵੱਲੋਂ ਇਸ ਤਰ੍ਹਾਂ ਦੀਆਂ ਕਾਣੀਆਂ ਵੰਡਾਂ ਕਰਕੇ ਮਾਨਸਿਕ ਤਸੀਹੇ ਦੇਣ ਤੋਂ ਵੱਡਾ ਦੁੱਖ ਕੋਈ ਨਹੀਂ ਹੋ ਸਕਦਾ।

ਬਸ ਮਰਗਾਂ ਦੇ ਭੋਗਾਂ ’ਤੇ ਹੀ ’ਕੱਠੇ ਹੋਣ ਜੋਗੇ ਰਹਿ ਗਏ ਸਨ ਅੱਧੇ-ਅਧੂਰੇ ਟੱਬਰ। ਇੱਕ ਦਿਨ ਕਈ ਸਾਲਾਂ ਬਾਅਦ ਕਿਸੇ ਮਰਗਤ ਦੇ ਭੋਗ _ਤੇ ਬਾਪੂ ਜੀ ਦੇ ਚਾਚੇ ਦੀਆਂ ਕੁੜੀਆਂ ਭੂਆ ਹੁਰੀਂ ਮਿਲੀਆਂ। ਵੱਡੀ ਭੂਆ ਨੇ ਭਤੀਜੀਆਂ ਨੂੰ ਆਪਣੇ ਸੀਨੇ ਨਾਲ ਘੁੱਟ ਕੇ ਭੁੱਬ ਮਾਰੀ ਤੇ ਰੋਂਦਿਆਂ ਹੀ ਕਹਿਣ ਲੱਗੀ, ‘‘ਪੁੱਤ, ਸਾਡੇ ਪਿਓ ਨੇ ਵੀ ਇਹੀ ਗ਼ਲਤੀ ਕੀਤੀ ਸੀ ਜੋ ਥੋਡੇ ਪਿਉ ਨੇ ਕੀਤੀ ਐ।’’ ਉਸ ਨੇ ਇੱਕ ਹੱਥ ਕਾਲਜੇ ’ਤੇ ਰੱਖਿਆ, ਦੂਜੇ ਹੱਥ ਨਾਲ ਗੇਂਦ ਫੜਨ ਵਾਲਾ ਆਕਾਰ ਬਣਾਉਂਦਿਆਂ ਆਖਿਆ, ‘‘ਆਹ ਦੇਖੋ, ਐਥੇ ਐਡੇ ਐਡੇ ਗੋ਼ਲੇ ਬਣੇ ਪਏ ਨੇ। ਇਨ੍ਹਾਂ ਨੂੰ ਕੌਣ ਸਮਝਾਵੇ, ਇਹ ਤਾਂ ਆਪੋ ਵਿੱਚ ਟੁੱਟ ਕੇ ਵੀ ਸਾਬਤ ਸਬੂਤੇ ਹੁੰਦੇ ਨੇ, ਪਰ ਧੀਆਂ ਦੇ ਕਈ ਕਈ ਟੋਟੇ ਹੋ ਜਾਂਦੇ ਨੇ।’’ ਉਸ ਦਿਨ ਉਹ ਬਹੁਤ ਰੋਈਆਂ। ਭੂਆ ਵੀ ਰੋਈ। ਮਰਨ ਵਾਲਿਆਂ ਨੂੰ ਘੱਟ ਰੋਈਆਂ, ਵੱਧ ਰੋਈਆਂ ਤਾਂ ਜਿਉਂਦੇ ਜੀਅ ਮਰ ਚੁੱਕੇ ਰਿਸ਼ਤਿਆਂ ਨੂੰ।

# ਮੌਜੂਦਾ ਸਿੱਖਿਆ ਪ੍ਰਣਾਲੀ ਅਤੇ ਵਿਦਿਆਰਥੀ



ਸ਼ਿਵੰਦਰ ਕੌਰ, ਸੰਪਰਕ: 76260-63596

ਪਿਛਲੇ ਕਾਫ਼ੀ ਸਮੇਂ ਤੋਂ ਅਖ਼ਬਾਰਾਂ ਵਿੱਚ ਦੇਸ਼ ਦੀ ਨੌਜਵਾਨ ਪੀੜ੍ਹੀ ਬਾਰੇ ਅਜਿਹੀਆਂ ਅਣਸੁਖਾਵੀਆਂ ਖ਼ਬਰਾਂ ਪੜ੍ਹਨ ਨੂੰ ਮਿਲ ਰਹੀਆਂ ਹਨ ਕਿ ਮਨ ਬਹੁਤ ਉਦਾਸ ਹੋ ਜਾਂਦਾ ਹੈ। ਜਦੋਂ ਨੌਜਵਾਨ ਅਸਮਾਨ ਤੋਂ ਤਾਰੇ ਤੋੜਨ ਦੀਆਂ ਗੱਲਾਂ ਕਰਦੇ ਹਨ, ਉਸ ਉਮਰੇ ਮੌਤ ਨੂੰ ਆਪਣੇ ਆਪ ਹੀ ਗਲੇ ਲਗਾ ਲੈਣਾ, ਬੜਾ ਹੈਰਾਨ ਤੇ ਪਰੇਸ਼ਾਨ ਕਰਦਾ ਹੈ। ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀ ਵੀ ਇਹ ਕਦਮ ਚੁੱਕ ਰਹੇ ਹਨ।

ਹੁਣ ਜਦੋਂ ਆਏ ਦਿਨ ਵਿਦਿਆਰਥੀਆਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਬਾਰੇ ਪੜ੍ਹਦੇ ਹਾਂ ਤਾਂ ਮਨ ਸੋਚਾਂ ਵਿੱਚ ਡੁੱਬ ਜਾਂਦਾ ਹੈ। ਸਮੇਂ ਨੇ ਕਿਹੋ ਜਿਹੀ ਕਰਵਟ ਲੈ ਲਈ ਹੈ ਕਿ ਦੇਸ਼ ਦੀ ਨੌਜਵਾਨੀ ਐਨੀ ਨਿਤਾਣੀ ਅਤੇ ਸਾਹਸਹੀਣ ਹੋ ਗਈ ਹੈ ਕਿ ਉਹ ਖ਼ੁਦਕੁਸ਼ੀਆਂ ਦੇ ਰਾਹ ਤੁਰ ਪਈ ਹੈ।

ਚਿੰਤਾਗ੍ਰਸਤ ਮਨ ਵਿੱਚ ਉਨ੍ਹਾਂ ਭਲੇ ਸਮਿਆਂ ਦੀ ਯਾਦ ਆਉਂਦੀ ਹੈ ਜਦੋਂ ਸਾਡੀ ਪੀੜ੍ਹੀ ਨੂੰ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਮਿਲਿਆ ਸੀ। ਉਹ ਕਿੰਨਾ ਬੇਫ਼ਿਕਰੀ ਅਤੇ ਮੌਜ ਮਸਤੀ ਵਾਲਾ ਸਮਾਂ ਸੀ। ਨਾ ਕੋਈ ਸਿਲੇਬਸ ਦਾ ਬੋਝ ਸਾਡੇ ’ਤੇ ਹੁੰਦਾ ਸੀ ਤੇ ਨਾ ਹੀ ਪਹਿਲੇ ਸਥਾਨ ’ਤੇ ਆਉਣ ਦਾ ਦਬਾਅ। ਜਮਾਤ ਪਾਸ ਕਰ ਲੈਣੀ ਹੀ ਸਾਡੇ ਲਈ ਅਤੇ ਸਾਡੇ ਪੇਂਡੂ ਮਾਪਿਆਂ ਲਈ ਵੱਡੀ ਖ਼ੁਸ਼ਖ਼ਬਰੀ ਹੁੰਦੀ ਸੀ। ਹੁਣ ਵਾਂਗ ਨਿੱਜੀਕਰਨ ਦਾ ਭੂਤ ਅਤੇ ਰਿਸ਼ਵਤਖੋਰੀ ਦਾ ਜਾਲ ਵੀ ਅਜੇ ਸਿੱਖਿਆ ਸੰਸਥਾਵਾਂ ਨੂੰ ਨਹੀਂ ਚਿੰਬੜਿਆ ਸੀ। ਨਾ ਹੀ ਅੱਜ ਵਾਂਗ ਦਾਖਲੇ ਲਈ ਕੋਈ ਟੈਸਟ ਦੇਣਾ ਪੈਂਦਾ ਸੀ। ਮੈਟ੍ਰਿਕ ਜਾਂ ਪ੍ਰੀ ਮੈਡੀਕਲ ਵਿੱਚੋਂ ਆਏ ਨੰਬਰਾਂ ਦੇ ਆਧਾਰ ’ਤੇ ਹੀ ਉਚੇਰੀ ਪੜ੍ਹਾਈ ’ਚ ਦਾਖਲਾ ਮਿਲ ਜਾਂਦਾ ਸੀ। ਸਾਰੀਆਂ ਸਿੱਖਿਆ ਸੰਸਥਾਵਾਂ ਸਰਕਾਰੀ ਹੁੰਦੀਆਂ ਸਨ ਜਿਸ ਕਰ ਕੇ ਸਿੱਖਿਆ ਮਹਿੰਗੀ ਨਹੀਂ ਸੀ। ਮਾਪਿਆਂ ਉੱਤੇ ਅੱਜਕੱਲ੍ਹ ਵਾਂਗ ਬੋਝ ਨਹੀਂ ਸੀ ਪੈਂਦਾ। ਡਾਕਟਰ, ਇੰਜਨੀਅਰ ਜਾਂ ਚੰਗੀ ਕਮਾਈ ਵਾਲੇ ਖੇਤਰ ਵਿੱਚ ਹੀ ਬੱਚਿਆਂ ਨੂੰ ਭੇਜਣਾ ਹੈ, ਇਹੋ ਜਿਹੀ ਸੋਚ ਨੇ ਵੀ ਸਾਡੇ ਮਾਤਾ-ਪਿਤਾ ਦੇ ਦਿਮਾਗ਼ਾਂ ਵਿੱਚ ਘੁਸਪੈਠ ਨਹੀਂ ਕੀਤੀ ਸੀ। ਉਨ੍ਹਾਂ ਲਈ ਤਾਂ ਬੱਚੇ ਨੂੰ ਨੌਕਰੀ ਮਿਲ ਜਾਣਾ ਹੀ ਤਸੱਲੀ ਵਾਲੀ ਗੱਲ ਹੁੰਦੀ ਸੀ।

ਸਿੱਖਿਆ ਦਾ ਕੰਮ ਵਿਦਿਆਰਥੀਆਂ ਨੂੰ ਚੰਗਾ ਮਨੁੱਖ ਬਣਾਉਣਾ ਅਤੇ ਉਨ੍ਹਾਂ ਅੰਦਰ ਮਨੁੱਖੀ ਭਾਵਨਾਵਾਂ ਪੈਦਾ ਕਰ ਕੇ ਇੱਕ ਖ਼ੂਬਸੂਰਤ ਮਨੁੱਖ ਸਿਰਜਣਾ ਹੁੰਦਾ ਹੈ। ਸਾਡਾ ਅਜੋਕਾ ਸਿੱਖਿਆ ਪ੍ਰਬੰਧ ਵਿਦਿਆਰਥੀਆਂ ਅੰਦਰ ਹੱਲਾਸ਼ੇਰੀ, ਕਲਪਨਾ ਸ਼ਕਤੀ ਭਰਨ ਦੀ ਥਾਂ ਉਨ੍ਹਾਂ ਉੱਪਰ ਸਿਲੇਬਸ ਦਾ ਵਾਧੂ ਬੋਝ ਲੱਦ ਦਿੰਦਾ ਹੈ। ਵਿਦਿਆਰਥੀ ਇਸ ਦੇ ਬੋਝ ਥੱਲੇ ਨੱਪੇ ਹੱਸਣਾ, ਖੇਡਣਾ, ਪਰਿਵਾਰ ਨਾਲ ਬੈਠ ਕੇ ਗੱਲਬਾਤ ਕਰਨਾ ਹੀ ਭੁੱਲ ਜਾਂਦੇ ਹਨ। ਸਾਰਾ ਦਿਨ ਕਿਤਾਬਾਂ ਨਾਲ ਮੱਥਾ ਮਾਰਦੇ ਉਹ ਇਨਸਾਨ ਦੀ ਥਾਂ ਮਸ਼ੀਨ ਬਣਾ ਦਿੱਤੇ ਜਾਂਦੇ ਹਨ। ਬੱਚਿਆਂ ’ਤੇ ਸਿਲੇਬਸ ਦਾ ਐਨਾ ਬੋਝ ਹੁੰਦਾ ਹੈ ਕਿ ਉਨ੍ਹਾਂ ਦਾ ਬਚਪਨ ਟਿਊਸ਼ਨ ਅਤੇ ਬੈਗਾਂ ਦੇ ਵਾਧੂ ਬੋਝ ਥੱਲੇ ਦੱਬ ਜਾਂਦਾ ਹੈ।

ਉੱਧਰ ਮਾਪਿਆਂ ਵੱਲੋਂ ਵੀ ਬੱਚਿਆਂ ਨੂੰ ਅੱਗੇ ਜਾ ਕੇ ਲਾਹੇਵੰਦ ਪੈਕੇਜ ਹਾਸਲ ਕਰਨ ਵਾਲੀਆਂ ਨੌਕਰੀਆਂ ਵੱਲ ਭੇਜਣ ਦੀਆਂ ਖਾਹਿਸ਼ਾਂ ਦਾ ਬੋਝ ਵਧਦਾ ਜਾਂਦਾ ਹੈ। ਉਹ ਚਾਹੁੰਦੇ ਹਨ ਕਿ ਉਨ੍ਹਾਂ ਦਾ ਬੱਚਾ ਹਮੇਸ਼ਾ ਪੌੜੀ ਦੇ ਸਿਖਰਲੇ ਡੰਡੇ ’ਤੇ ਰਹੇ। ਇਸ ਤਰ੍ਹਾਂ ਸਿੱਖਿਆ ਕੁਝ ਸਿੱਖਣ ਸਿਖਾਉਣ ਜਾਂ ਜਾਣਨ ਸਮਝਣ ਦੀ ਥਾਂ ਇੱਕ ਦੂਜੇ ਦੇ ਸਿਰ ’ਤੇ ਪੈਰ ਰੱਖ ਕੇ ਅੱਗੇ ਵਧਣ ਮਾਤਰ ਹੀ ਰਹਿ ਜਾਂਦੀ ਹੈ। ਵਿਦਿਆਰਥੀ ਅੰਦਰਲੀ ਸਾਰੀ ਸਮਰੱਥਾ ਅਤੇ ਸੁਭਾਵਿਕਤਾ ਖ਼ਤਮ ਹੋ ਜਾਂਦੀ ਹੈ। ਮੁਕਾਬਲੇਬਾਜ਼ੀ ਅਤੇ ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਹੋੜ ਬਚਪਨ ਤੋਂ ਹੀ ਦੂਜੇ ਵਿਦਿਆਰਥੀਆਂ ਨਾਲ ਨਫ਼ਰਤ ਅਤੇ ਬੇਗਾਨਗੀ ਪੈਦਾ ਕਰ ਦਿੰਦੀ ਹੈ। ਅਜਿਹੇ ਵਿਦਿਆਰਥੀਆਂ ਅੰਦਰ ਮਨੁੱਖੀ ਭਾਵਨਾਵਾਂ ਖ਼ਤਮ ਹੋ ਜਾਂਦੀਆਂ ਹਨ। ਉਹ ਅੱਗੇ ਜਾ ਕੇ ਇਸ ਸਥਾਪਿਤ ਢਾਂਚੇ ਵਿੱਚ ਤਾਂ ਫਿੱਟ ਹੋ ਜਾਣ ਦੇ ਯੋਗ ਹੋ ਜਾਂਦੇ ਹਨ, ਪਰ ਚੰਗੇ ਮਨੁੱਖ ਬਣਨ ਤੋਂ ਵਾਂਝੇ ਰਹਿ ਜਾਂਦੇ ਹਨ।

ਸਾਡੀ ਸਿੱਖਿਆ ਪ੍ਰਣਾਲੀ ਵੱਲੋਂ ਪ੍ਰੀਖਿਆਵਾਂ ਅਤੇ ਦਾਖਲਿਆਂ ਦੀ ਪ੍ਰਕਿਰਿਆ ਐਨੀ ਗੁੰਝਲਦਾਰ ਬਣਾ ਦਿੱਤੀ ਗਈ ਹੈ ਕਿ ਮਾਪਿਆਂ ਵੱਲੋਂ ਆਪਣੇ ਬੱਚੇ ਨੂੰ ਹਰ ਜੋਖਿਮ ਉਠਾ ਕੇ ਮਹਿੰਗੀ ਸਿੱਖਿਆ ਅਤੇ ਕੋਚਿੰਗ ਸੈਂਟਰਾਂ ਵਿੱਚ ਲੱਖਾਂ ਰੁਪਏ ਲਾ ਕੇ ਸਫਲ ਬਣਾਉਣ ਲਈ ਜ਼ੋਰ ਲਾਇਆ ਜਾਂਦਾ ਹੈ। ਉਹ ਹਰ ਹਾਲਤ ਵਿੱਚ ਬੱਚਿਆਂ ਨੂੰ ਸਫਲ ਹੋਏ ਦੇਖਣਾ ਚਾਹੁੰਦੇ ਹਨ। ਅਸਫਲਤਾ ਦਾ ਸਾਹਮਣਾ ਕਿਵੇਂ ਕਰਨਾ ਹੈ ਇਹ ਸਬਕ ਨਾ ਮਾਪੇ ਅਤੇ ਨਾ ਹੀ ਅਧਿਆਪਕ ਦੇਣ ਦੀ ਜ਼ਿੰਮੇਵਾਰੀ ਨਿਭਾਉਂਦੇ ਹਨ। ਸਫਲਤਾ ਨਾ ਮਿਲਣ ’ਤੇ ਉਹ ਬੱਚੇ ਨਿਰਾਸ਼ ਹੋ ਕੇ ਸਿਰੇ ਦਾ ਕਦਮ ਉਠਾਉਣ ਲਈ ਮਜਬੂਰ ਹੋ ਜਾਂਦੇ ਹਨ।

ਸਿੱਖਿਆ ਦੇ ਨਿੱਜੀਕਰਨ ਨੇ ਗ਼ਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਸਿੱਖਿਆ ਦੇ ਖੇਤਰ ਵਿੱਚੋਂ ਬਾਹਰ ਕਰ ਦਿੱਤਾ ਹੈ। ਉਹ ਚਾਹੁੰਦੇ ਹੋਏ ਵੀ ਗ਼ਰੀਬੀ ਕਾਰਨ ਸਿੱਖਿਆ ਪ੍ਰਾਪਤ ਨਹੀਂ ਕਰ ਸਕਦੇ। ਆਪਣੇ ਅਰਮਾਨਾਂ ਨੂੰ ਮਿੱਟੀ ਵਿੱਚ ਮਿਲਦੇ ਤੱਕ ਕੇ ਉਹ ਆਪਣੀ ਬੇਵਸੀ ਅਤੇ ਲਾਚਾਰੀ ਤੋਂ ਪਰੇਸ਼ਾਨ ਹੋ ਕੇ ਅਪਰਾਧਬੋਧ ਦੀ ਭਾਵਨਾ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਆਪਣੀ ਸਮੱਸਿਆ ਦਾ ਕੋਈ ਹੱਲ ਨਾ ਮਿਲਦਾ ਦੇਖ ਕੇ ਮੌਤ ਨੂੰ ਗਲੇ ਲਗਾ ਲੈਂਦੇ ਹਨ। ਮੁਕਾਬਲੇਬਾਜ਼ੀ ਦੀ ਭਾਵਨਾ, ਵਿੱਦਿਅਕ ਸੰਸਥਾਵਾਂ ਦਾ ਮਾਹੌਲ, ਨੀਰਸ ਅਤੇ ਜਟਿਲ ਪ੍ਰਬੰਧ, ਆਰਥਿਕ ਅਤੇ ਸਮਾਜਿਕ ਨਾ ਬਰਾਬਰੀ ਅਤੇ ਕੋਚਿੰਗ ਸਨਅਤ ਦਾ ਵਿਕਾਸ ਅਜਿਹੇ ਕਾਰਨ ਹਨ ਜੋ ਵਿਦਿਆਰਥੀਆਂ ਅੰਦਰ ਮਾਨਸਿਕ ਉਤਪੀੜਨ ਪੈਦਾ ਕਰਦੇ ਹਨ ਅਤੇ ਮਾਨਸਿਕ ਤੌਰ ’ਤੇ ਉੱਖੜੇ ਵਿਦਿਆਰਥੀ ਖ਼ੁਦਕੁਸ਼ੀ ਦੇ ਰਾਹ ਪੈ ਜਾਂਦੇ ਹਨ। ਸਾਡੀ ਸਿੱਖਿਆ ਪ੍ਰਣਾਲੀ ਨੇ ਇਨ੍ਹਾਂ ਦਬਾਵਾਂ ਅਤੇ ਮਾਨਸਿਕ ਸਿਹਤ ਦੀਆਂ ਚੁਣੌਤੀਆਂ ਦੀ ਹਕੀਕਤ ਨੂੰ ਜਾਣਨ, ਸਮਝਣ ਦਾ ਕਦੇ ਯਤਨ ਹੀ ਨਹੀਂ ਕੀਤਾ।

ਰਾਸ਼ਟਰੀ ਅਪਰਾਧ ਰਿਕਾਰਡ ਬਿਓਰੋ ਦੀ 2021 ਦੀ ਰਿਪੋਰਟ ਅਨੁਸਾਰ ਸਾਡੇ ਦੇਸ਼ ਵਿੱਚ ਹਰ ਚਾਲੀ ਮਿੰਟ ਬਾਅਦ ਇੱਕ ਵਿਦਿਆਰਥੀ ਖ਼ੁਦਕੁਸ਼ੀ ਕਰ ਜਾਂਦਾ ਹੈ। ਇਸ ਵਰਤਾਰੇ ਨੇ ਅਜੋਕੇ ਸਿੱਖਿਆ ਪ੍ਰਬੰਧਾਂ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ, ਪਰ ਨਾ ਹੀ ਸਾਡੇ ਸਮਾਜ ਤੇ ਨਾ ਹੀ ਸਿੱਖਿਆ ਦੇ ਮਾਪਦੰਡ ਤਿਆਰ ਕਰਨ ਵਾਲਿਆਂ ਦੇ ਮਨ ਮਸਤਕ ਵਿੱਚ ਇਨ੍ਹਾਂ ਸਮੱਸਿਆਵਾਂ ਬਾਰੇ ਸੋਚਣ ਨੂੰ ਕੋਈ ਜਗ੍ਹਾ ਮਿਲੀ ਹੈ ਜੋ ਵੱਡੀ ਚਿੰਤਾ ਦਾ ਵਿਸ਼ਾ ਹੈ।

ਨੌਜਵਾਨ ਦੇਸ਼ ਦਾ ਭਵਿੱਖ ਹੁੰਦੇ ਹਨ। ਜਿਸ ਦੇਸ਼ ਦੇ ਨੌਜਵਾਨ ਸਿੱਖਿਆ ਤੰਤਰ ਤੋਂ ਨਿਰਾਸ਼ ਅਤੇ ਹਤਾਸ਼ ਹੋ ਕੇ ਗੰਭੀਰ ਰੂਪ ਵਿੱਚ ਤਣਾਅ ਦਾ ਸ਼ਿਕਾਰ ਹੋ ਕੇ ਖ਼ੁਦਕੁਸ਼ੀਆਂ ਦੇ ਰਾਹ ਪੈ ਗਏ ਹੋਣ, ਉਸ ਦੇਸ਼ ਦਾ ਭਵਿੱਖ ਕਿਵੇਂ ਉੱਜਵਲ ਹੋ ਸਕਦਾ ਹੈ? ਜਦੋਂ ਵਰਤਮਾਨ ਤਣਾਅ ਦਾ ਸ਼ਿਕਾਰ ਹੋਵੇ ਤਾਂ ਨਰੋਏ ਭਵਿੱਖ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ। ਉਂਜ ਵੀ ਸਿੱਖਿਆ ਪ੍ਰਾਪਤ ਕਰਨਾ ਹਰ ਨਾਗਰਿਕ ਦਾ ਮੁੱਢਲਾ ਅਧਿਕਾਰ ਹੈ। ਹਰ ਇੱਕ ਲਈ ਸਿੱਖਿਆ ਅਤੇ ਰੁਜ਼ਗਾਰ ਦੀ ਗਾਰੰਟੀ ਹੋਵੇ, ਇਸ ਲਈ ਸਿੱਖਿਆ ਨੂੰ ਪੈਦਾਵਾਰੀ ਸਰਗਰਮੀ ਨਾਲ ਜੋੜਨਾ ਜ਼ਰੂਰੀ ਹੈ। ਮਾਪਿਆਂ, ਸਮਾਜ, ਸਿੱਖਿਆ ਸ਼ਾਸਤਰੀਆਂ, ਮਨੋਰੋਗ ਮਾਹਿਰਾਂ, ਮੁਲਕ ਦੇ ਨੀਤੀ ਘਾੜਿਆਂ ਅਤੇ ਸਿਆਸਤਦਾਨਾਂ ਨੂੰ ਇਸ ਪਾਸੇ ਸੋਚਣ ਤੇ ਸਮਝਣ ਦੀ ਲੋੜ ਹੈ ਕਿ ਅੱਜ ਸਾਡੇ ਵਿਦਿਆਰਥੀ ਵਰਗ ਵਿੱਚ ਖ਼ੁਦਕੁਸ਼ੀਆਂ ਦਾ ਵਧ ਰਿਹਾ ਰੁਝਾਨ ਸਿੱਖਿਆ ਪ੍ਰਣਾਲੀ ਅਤੇ ਪ੍ਰੀਖਿਆ ਪ੍ਰਣਾਲੀ ਦੇ ਨੁਕਸਦਾਰ ਅਤੇ ਦਿਆਨਤਦਾਰ ਨਾ ਹੋਣ ਕਾਰਨ ਹੈ ਜਾਂ ਇਸ ਤੋਂ ਇਲਾਵਾ ਹੋਰ ਕਿਹੜੇ ਕਾਰਨ ਹਨ? ਉਨ੍ਹਾਂ ਨੂੰ ਸਮਾਜ ਦੇ ਭਲੇ ਲਈ ਅਤੇ ਦੇਸ਼ ਦੇ ਉੱਜਵਲ ਭਵਿੱਖ ਲਈ ਵਿਦਿਆਰਥੀਆਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਦੇ ਕਾਰਨਾਂ ਨੂੰ ਪਛਾਣਦਿਆਂ ਅਜਿਹੀ ਸਿੱਖਿਆ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਜੋ ਵਿਦਿਆਰਥੀਆਂ ਨੂੰ ਤਣਾਅ-ਮੁਕਤ ਰੱਖੇ।

# ਬਾਬੇ ਦੇ ਵੋਟ

ਵਲੋਂ : ਡਾ. ਸੁਖਦਰਸ਼ਨ ਸਿੰਘ ਚਹਿਲ
ਸੰਪਰਕ: 97795-90575

ਪੰਚਾਇਤ ਸਾਡੇ ਦੇਸ਼ ’ਚ ਲੋਕਤੰਤਰ ਦੀ ਮੁਢਲੀ ਇਕਾਈ ਮੰਨੀ ਜਾਂਦੀ ਹੈ। ਵੋਟਰ ਦੀ ਸਭ ਤੋਂ ਵੱਧ ਪੁੱਛ-ਪ੍ਰਤੀਤ ਵੀ ਇਨ੍ਹਾਂ ਚੋਣਾਂ ਦੌਰਾਨ ਹੁੰਦੀ ਹੈ; ਭਾਵ, ਇਨ੍ਹਾਂ ਚੋਣਾਂ ਦੌਰਾਨ ਉਮੀਦਵਾਰਾਂ ਹਰ ਵੋਟਰ ਤੱਕ ਨਿੱਜੀ ਰੂਪ ’ਚ ਪਹੁੰਚ ਕਰਦਾ ਹੈ। ਸਮਾਂ ਬਦਲਣ ਨਾਲ ਇਨ੍ਹਾਂ ਚੋਣਾਂ ਦੇ ਢੰਗ ਤਰੀਕਿਆਂ ’ਚ ਬੜੀਆਂ ਤਬਦੀਲੀਆਂ ਆਈਆਂ ਹਨ। ਕੋਈ ਸਮਾਂ ਸੀ, ਇਹ ਚੋਣਾਂ ਬੜੀ ਸਾਦਗੀ ਨਾਲ ਭਾਈਚਾਰਕ ਸਾਂਝ ਨੂੰ ਕਾਇਮ ਰੱਖ ਕੇ ਲੜੀਆਂ ਜਾਂਦੀਆਂ ਸਨ। ਅੱਜ ਕੱਲ੍ਹ ਇਨ੍ਹਾਂ ’ਤੇ ਸਿਆਸਤ ਦਾ ਅਸਰ ਸਾਫ਼ ਦਿਖਾਈ ਦਿੰਦਾ ਹੈ।

ਪੰਚਾਇਤੀ ਚੋਣਾਂ ਵਿੱਚ ਆਈਆਂ ਤਬਦੀਲੀ ਬਾਰੇ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸਮਾਂ ਬਦਲਣ ਦੇ ਨਾਲ-ਨਾਲ ਚੋਣ ਨਿਸ਼ਾਨ ਬਦਲਦੇ ਰਹੇ ਹਨ। ਇਸ ਬਦਲਾਓ ਦੀ ਗੱਲ ਕਰਦੇ-ਕਰਦੇ ਚੋਣ ਨਿਸ਼ਾਨਾਂ ਨਾਲ ਜੁੜੀ ਕਈ ਦਹਾਕੇ ਪਹਿਲਾਂ ਦੀ ਪੰਚਾਇਤੀ ਚੋਣ ਚੇਤੇ ਆ ਗਈ। ਪੰਚਾਇਤੀ ਚੋਣਾਂ ਦਾ ਦੌਰ ਚੱਲ ਰਿਹਾ ਸੀ ਮਾਲਵੇ ਦੇ ਪਿੰਡਾਂ ’ਚ ਚੋਣ ਮਾਹੌਲ ਭਖਿਆ ਹੋਇਆ ਸੀ। ਉਦੋਂ ਅੱਜ ਵਾਂਗ ਸਰਪੰਚੀ ਜਾਂ ਪੰਚੀ ਦੇ ਉਮੀਦਵਾਰ ਟੋਲੇ ਬੰਨ੍ਹ ਕੇ ਪ੍ਰਚਾਰ ਨਹੀਂ ਕਰਦੇ ਸਨ, ਬੱਸ ਇੱਕ ਦੋ ਸਾਥੀਆਂ ਨਾਲ ਉਮੀਦਵਾਰ ਸਵੇਰੇ-ਸ਼ਾਮ ਵੋਟਰਾਂ ਤੱਕ ਪਹੁੰਚ ਕਰਦੇ। ਚੋਣ ਨਿਸ਼ਾਨ ਉਸ ਸਮੇਂ ਦੇ ਸਾਧਨਾਂ ਵਾਂਗ ਹੀ ਹੁੰਦੇ ਸਨ- ਘੜੀ, ਘੜਾ, ਸਿਲਾਈ ਮਸ਼ੀਨ, ਘਿਉ ਵਾਲਾ ਪੀਪਾ (ਟੀਨ), ਸਾਈਕਲ, ਬੱਕਰੀ, ਹਲ, ਫੁੱਲ, ਬਲਦਾਂ ਦੀ ਜੋੜੀ, ਗੱਡਾ, ਮੋਮਬੱਤੀ ਆਦਿ। ਸਾਡੇ ਪਿੰਡ ਬੜਾ ਹਾਸੇ-ਠੱਠੇ ਵਾਲਾ ਅਤੇ ਦੋਸਤਾਨਾ ਢੰਗ ਵਾਲੇ ਮੁਕਾਬਲੇ ਵਾਲਾ ਮਾਹੌਲ ਬਣਿਆ ਹੋਇਆ ਸੀ।

ਪਿੰਡ ਦੇ ਸਿੱਧੇ-ਸਾਧੇ ਸੁਭਾਅ ਵਾਲੇ ਉਮੀਦਵਾਰ ਸੁਰਮੁਖ ਸਿਉਂ ਨੂੰ ਚੋਣ ਨਿਸ਼ਾਨ ‘ਪੀਪਾ’ (ਘਿਉ/ਤੇਲ ਵਾਲਾ ਟੀਨ) ਮਿਲ ਗਿਆ। ਉਹ ਭੱਦਰਪੁਰਸ਼ ਸਵੇਰੇ ਸ਼ਾਮ ਆਪਣਾ ਚੋਣ ਪ੍ਰਚਾਰ ਕਰਨ ਜਾਂਦਾ ਤਾਂ ਹੱਥ ’ਚ ਪੀਪਾ ਫੜ ਕੇ ਲੈ ਜਾਂਦਾ ਅਤੇ ਹਰ ਮਾਈ-ਭਾਈ ਨੂੰ ਆਪਣਾ ਚੋਣ ਨਿਸ਼ਾਨ ‘ਪੀਪਾ’ ਦਿਖਾ ਕੇ ਵੋਟਾਂ ਮੰਗਦਾ ਕਹਿੰਦਾ, “ਮੇਰੇ ਪੀਪੇ ਨੂੰ ਜੇਕਰ ਵੋਟਾਂ ਨਾਲ ਭਰ ਦਿਉਗੇ ਤਾਂ ਰੱਬ ਤੁਹਾਡੇ ਪੀਪੇ ਵੀ ਦੇਸੀ ਘਿਉ ਨਾਲ ਭਰ ਦਊਗਾ।”

ਇਸੇ ਤਰ੍ਹਾਂ ਨਿੱਕਾ ਸਿੰਘ ਸੂਬੇਦਾਰ ਨੂੰ ਚੋਣ ਨਿਸ਼ਾਨ ‘ਮੋਮਬੱਤੀ’ ਮਿਲ ਗਿਆ, ਤੇ ਉਹ ਮੋਮਬੱਤੀ ਲੈ ਕੇ ਪ੍ਰਚਾਰ ਕਰਦਾ, “ਮੇਰੇ ਚੋਣ ਨਿਸ਼ਾਨ ਮੋਮਬੱਤੀ




’ਤੇ ਮੋਹਰਾਂ ਲਗਾਉਗੇ ਤਾਂ ਤੁਹਾਡੇ ਚਿਹਰੇ ਮੋਮਬੱਤੀ ਦੀ ਲਾਟ ਵਾਂਗ ਚਮਕਣਗੇ।” ਸੇਠ ਅਮਰ ਚੰਦ ਆਪਣੇ ਚੋਣ ਨਿਸ਼ਾਨ ‘ਸਾਈਕਲ’ ’ਤੇ ਚੜ੍ਹ ਕੇ ਵੋਟਰਾਂ ਨੂੰ ਭਰਮਾਉਂਦਾ, “ਦੇਖੋ ਭਾਈ, ਮੈਨੂੰ ਵੋਟਾਂ ਪਾਉਗੇ ਤਾਂ ਹਰ ਇੱਕ ਨੂੰ ਮੰਗਵਾਂ ਸਾਈਕਲ ਦੇ ਦਿਆ ਕਰੂੰਗਾ।” ਉਨ੍ਹਾਂ ਦਿਨਾਂ ’ਚ ਹਰ ਘਰ ਸਾਈਕਲ ਨਹੀਂ ਹੁੰਦਾ ਸੀ ਅਤੇ ਸਾਈਕਲ ਦੀ ਮੋਟਰਸਾਈਕਲ ਵਾਂਗ ਅਹਿਮੀਅਤ ਹੁੰਦੀ ਸੀ। ਇਵੇਂ ਹੀ ਬਾਬੇ ਬਖਤੌਰ ਸਿਉਂ ਨੂੰ ਚੋਣ ਨਿਸ਼ਾਨ ‘ਬੱਕਰੀ’ ਮਿਲ ਗਿਆ। ਬਾਬਾ ਆਪਣੇ ਨਾਲ ‘ਬੱਕਰੀ’ ਲਿਜਾ ਕੇ ਵੋਟਾਂ ਮੰਗਦਾ ਤੇ ਨਾਲ ਹੀ ਕਹਿੰਦਾ, “ਜਿਹੜਾ ਮੈਨੂੰ ਵੋਟ ਪਾਊਗਾ, ਉਸ ਨੂੰ ਜਦੋਂ ਵੀ ਦੁੱਧ ਦੀ ਲੋੜ ਪਊਗੀ ਤਾਂ ਮੇਰੀ ਬੱਕਰੀ ਦਾ ਦੁੱਧ ਜਦੋਂ ਮਰਜ਼ੀ ਚੋ ਕੇ ਲੈ ਜਾਇਆ ਕਰੂਗਾ।”

ਕੁਝ ਕੁ ਦਿਨਾਂ ਦੇ ਰੌਣਕ ਮੇਲੇ ਮਗਰੋਂ ਵੋਟਾਂ ਪੈਣ ਦਾ ਦਿਨ ਆ ਗਿਆ। ਲੋਕਾਂ ਨੇ ਪੂਰਾ ਦਿਨ ਹਸਦੇ-ਖੇਡਦੇ ਤੇ ਕਿਆਸਰਾਈਆਂ ਲਗਾਉਂਦਿਆਂ ਨਵੀਂ ਪੰਚਾਇਤ ਚੁਣਨ ’ਤੇ ਲਗਾ ਦਿੱਤਾ। ਸ਼ਾਮ ਚਾਰ ਵਜੇ ਵੋਟਾਂ ਪੈਣ ਦਾ ਕੰਮ ਨਿਬੜ ਗਿਆ ਤੇ ਵੋਟਾਂ ਦੀ ਗਿਣਤੀ ਸ਼ੁਰੂ ਹੋ ਗਈ। ਜਿਉਂ-ਜਿਉਂ ਸਾਰੇ ਨਤੀਜੇ ਆ ਗਏ, ਪਿੰਡ ਵਾਸੀਆਂ ਨੇ ਜੇਤੂਆਂ ਨੂੰ ਵਧਾਈਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਤੇ ਹਾਰਨ ਵਾਲਿਆਂ ਨੂੰ ਮਜ਼ਾਕ ਕਰਨੇ ਸ਼ੁਰੂ ਕਰ ਦਿੱਤੇ। ਚੋਣ ਨਿਸ਼ਾਨ ਪੀਪੇ ਵਾਲਾ ਸੁਰਮੁਖ ਸਿਉਂ ਜਿੱਤਣ ਮਗਰੋਂ ਵੋਟਰਾਂ ਦਾ ਧੰਨਵਾਦ ਕਰਦਾ ਕਹਿਣ ਲੱਗਾ, “ਬਾਈ ਮੇਰਾ ਪੀਪਾ ਤਾਂ ਵੋਟਾਂ ਨਾਲ ਭਰ ਦਿੱਤਾ ਤੇ ਰੱਬ ਇਸੇ ਤਰ੍ਹਾਂ ਤੁਹਾਡੇ ਪੀਪੇ ਘਿਉ ਨਾਲ ਭਰ ਦੇਵੇ।”

ਉਸ ਦੇ ਪਿੱਛੇ ਹੀ ਢਿੱਲਾ ਜਿਹਾ ਮੂੰਹ ਕਰੀ ਆਉਂਦੇ ਮੋਮਬੱਤੀ ਵਾਲੇ ਨਿੱਕਾ ਸਿੰਘ ਸੂਬੇਦਾਰ ਨੂੰ ਦੇਖ ਕੇ ਨੰਜੋ ਭੂਆ ਬੋਲੀ, “ਮੈਨੂੰ ਲੱਗਦੈ, ਨਿੱਕੇ ਦੀਆਂ ਵੋਟਾਂ ਨੂੰ ਤਾਂ ਮੋਮਬੱਤੀ ਦੀ ਲਾਟ ਪੈ ਗਈ।” ਭੂਆ ਦੀ ਗੱਲ ਸੁਣ ਕੇ ਅਜੇ ਹਾਸਾ ਰੁਕਿਆ ਨਹੀਂ ਸੀ ਕਿ ਬੱਕਰੀ ਚੋਣ ਨਿਸ਼ਾਨ ਵਾਲਾ ਬਾਬਾ ਬਖਤੌਰ ਸਿਉਂ ਵੀ ਉਦਾਸ ਹੋਇਆ ਆਪਣੇ ਘਰ ਜਾਂਦਾ ਦਿਸ ਪਿਆ। ਬਾਬੇ ਨੂੰ ਦੇਖ ਕੇ ਤਾਈ ਜੰਗੀਰੋ ਤੋਂ ਰਿਹਾ ਨਾ ਗਿਆ, “ਲੱਗਦੈ, ਬਾਬੇ ਦੀਆਂ ਵੋਟਾਂ ਤਾਂ ਬੱਕਰੀ ਖਾ ਗਈ।” ਇਹ ਗੱਲ ਸੁਣ ਕੇ ਖੂਹ ਤੋਂ ਪਾਣੀ ਭਰ ਰਹੀਆਂ ਸਾਰੀਆਂ ਸੁਆਣੀਆਂ ਖੁੱਲ੍ਹ ਕੇ ਹੱਸੀਆਂ ਤੇ ਬਾਬਾ ਵੀ ਇਹ ਗੱਲ ਸੁਣ ਕੇ ਆਪਣਾ ਹਾਸਾ ਨਾ ਰੋਕ ਸਕਿਆ।

ਇਹ ਉਸ ਸਮੇਂ ਦੀਆਂ ਯਾਦਾਂ ਨੇ ਜਦੋਂ ਚੋਣ ਨਿਸ਼ਾਨ ਵੀ ਹਾਸੇ-ਠੱਠੇ ਦਾ ਬਹਾਨਾ ਬਣ ਜਾਂਦੇ ਸਨ। ਹਾਰਨ-ਜਿੱਤਣ ਵਾਲਿਆਂ ਨੂੰ ਉਨ੍ਹਾਂ ਦੇ ਚੋਣ ਨਿਸ਼ਾਨਾਂ ਨਾਲ ਜੋੜ ਕੇ ਲੋਕ ਮਸ਼ਕਰੀਆਂ ਕਰ ਲੈਂਦੇ ਸਨ ਪਰ ਵਕਤ ਬਦਲਣ ਨਾਲ ਚੋਣ ਨਿਸ਼ਾਨ ਵੀ ਬਦਲਣ ਲੱਗੇ ਹਨ। ਹੁਣ ਚੋਣ ਨਿਸ਼ਾਨਾਂ ’ਚ ਆਧੁਨਿਕ ਸੰਚਾਰ ਤੇ ਬਿਜਲਈ ਸਾਧਨਾਂ ਦੀ ਭਰਮਾਰ ਹੋ ਗਈ ਹੈ। ਹਾਲ ਹੀ ਵਿੱਚ ਪੰਚਾਇਤ ਚੋਣਾਂ ਲਈ ਪੰਜਾਬ ਦੇ ਚੋਣ ਕਮਿਸ਼ਨ ਦੇ ਐਲਾਨੇ ਚੋਣ ਨਿਸ਼ਾਨਾਂ ’ਚ ਕੰਪਿਊਟਰ, ਮੋਬਾਈਲ ਫੋਨ, ਕੈਲਕੁਲੇਟਰ, ਡਿਸ਼ ਐਂਟੀਨਾ, ਟੀਵੀ ਰਿਮੋਟ, ਫੋਨ, ਹੈੱਡ ਫੋਨ, ਕੰਪਿਊਟਰ ਮਾਊਸ, ਸਟੈਪਲਰ, ਰੋਜ਼ਮੱਰਾ ਵਰਤੋਂ ਦੀ ਵਸਤਾਂ ਹੈਲਮਟ, ਬਰੈੱਡ ਟੋਸਟਰ, ਦੂਰਬੀਨ, ਪ੍ਰੈੱਸ, ਗੈਸ ਸਿਲੰਡਰ, ਗੈਸ ਵਾਲਾ ਚੁੱਲ੍ਹਾ, ਪਰਸ, ਪ੍ਰੈਸ਼ਰ ਕੁੱਕਰ, ਵਿਕਟਾਂ, ਪਾਣੀ ਦੀ ਬੋਤਲ, ਬੈਲਟ ਆਦਿ ਸ਼ਾਮਲ ਕੀਤੇ ਗਏ ਹਨ।

ਕੋਈ ਸਮਾਂ ਸੀ, ਪੰਚਾਇਤ ਚੋਣਾਂ ’ਚ ਹਾਰ ਜਿੱਤ ਕੋਈ ਖਾਸ ਮਾਇਨੇ ਨਹੀਂ ਰੱਖਦੀ ਸੀ ਅਤੇ ਲੋਕ ਇੱਕ ਦੂਜੇ ਨੂੰ ਖੁੱਲ੍ਹੇ ਦਿਲ ਨਾਲ ਮਜ਼ਾਕ ਕਰ ਲੈਂਦੇ ਸਨ। ਅਜੋਕੇ ਦੌਰ ਵਿੱਚ ਸਿਆਸੀ ਪਾਰਟੀਆਂ ਨੇ ਪਿੰਡਾਂ-ਸ਼ਹਿਰਾਂ ਦੇ ਭਾਈਚਾਰੇ ’ਚ ਵੀ ਜ਼ਹਿਰ ਦੇ ਬੀਜ ਬੋ ਦਿੱਤੇ ਹਨ ਜਿਸ ਕਾਰਨ ਸਿਆਸੀ ਟਿੱਪਣੀਆਂ ਅਕਸਰ ਕਤਲਾਂ ਤੱਕ ਜਾ ਪੁੱਜਦੀਆਂ ਹਨ। ਲੋੜ ਹੈ ਭਾਈਚਾਰਕ ਸਾਂਝ ਨੂੰ ਸਿਆਸਤ ਤੋਂ ਉੱਪਰ ਰੱਖਣ ਦੀ; ਪੰਚਾਇਤੀ ਚੋਣਾਂ ਪਿੰਡਾਂ ਦੇ ਵਿਕਾਸ ਅਤੇ ਸਾਂਝ ਕਾਇਮ ਰੱਖਣ ਲਈ ਲੜੀਆਂ ਜਾਣ।



# ਸਿਹਤ ਸੰਸਾਰ

## ਘਰ 'ਚ ਜ਼ਰੂਰ ਰੱਖਣੀਆਂ ਚਾਹੀਦੀਆਂ ਹਨ ਇਹ ਦਵਾਈਆਂ



ਬਿਮਾਰੀ ਦੱਸ ਕੇ ਨਹੀਂ ਆਉਂਦੀ। ਪਤਾ ਨਹੀਂ ਘਰ ਦੇ ਕਿਸੇ ਮੈਂਬਰ ਨੂੰ ਕਦੋਂ ਕੋਈ ਮੁਸ਼ਕਿਲ ਆ ਜਾਵੇ, ਇਸ ਲਈ ਸੰਕਟਮਈ ਸਥਿਤੀ ਲਈ ਕੁਝ ਦਵਾਈਆਂ ਘਰ ਵਿਚ ਜ਼ਰੂਰ ਰੱਖਣੀਆਂ ਚਾਹੀਦੀਆਂ ਹਨ। ਛੋਟੀਆਂ-ਮੋਟੀਆਂ ਬਿਮਾਰੀਆਂ ਇਸ ਨਾਲ ਠੀਕ ਹੋ ਜਾਂਦੀਆਂ ਹਨ।

ਪੈਰਾਸਿਟਾਮੋਲ : ਬੁਖਾਰ, ਸਿਰਦਰਦ ਅਤੇ ਬਦਨ ਦਰਦ ਆਦਿ ਦੇ ਇਲਾਜ ਲਈ ਪੈਰਾਸਿਟਾਮੋਲ ਗੋਲੀ ਕਾਫੀ ਅਸਰਦਾਇਕ ਹੁੰਦੀ ਹੈ। ਬੱਚਿਆਂ ਲਈ ਤਰਲ ਰੂਪ ਵਿਚ ਵੀ ਮਿਲਦੀ ਹੈ।

ਡਿਸਪ੍ਰਿਨ : ਕਿਸੇ ਵਿਅਕਤੀ ਨੂੰ ਛਾਤੀ ਵਿਚ ਦਰਦ ਹੋਵੇ ਅਤੇ ਦਿਲ ਦੇ ਦੌਰੇ ਦੀ ਸੰਭਾਵਨਾ ਹੋਵੇ ਤਾਂ ਹਸਪਤਾਲ ਲਿਜਾਣ ਤੋਂ ਪਹਿਲਾਂ ਦੋ ਗੋਲੀਆਂ ਡਿਸਪ੍ਰਿਨ ਪਾਣੀ ਵਿਚ ਘੋਲ ਕੇ ਪਿਲਾ ਸਕਦੇ ਹੋ।

ਅਲਰਿਡ ਅਤੇ ਸਰਦੀ-ਖੰਘ ਦੀਆਂ ਹੋਰ ਦਵਾਈਆਂ : ਕਈ ਲੋਕਾਂ ਨੂੰ ਅਲਰਜੀ ਦੇ ਕਾਰਨ ਨੱਕ ਵਿਚੋਂ ਪਾਣੀ ਵਗਣ ਲਗਦਾ ਹੈ, ਛਿੱਕਾਂ ਆਉਣ ਲਗਦੀਆਂ ਹਨ ਅਤੇ ਤੇਜ਼ ਜ਼ੁਕਮ ਹੋ ਜਾਂਦਾ ਹੈ। ਅਜਿਹੇ ਵਿਚ ਅਲਰਿਡ, ਸਿਟ੍ਰੀਜ਼ੀਨ, ਜਵਿਲ ਵਰਗੀਆਂ ਦਵਾਈਆਂ ਦੇ ਸਕਦੇ ਹੋ।

ਐਂਟੀ-ਡਾਇਰੀਆ ਅਤੇ ਵਾਮਿਟਿੰਗ ਟੇਬਲੇਟ : ਪੇਟ ਦਰਦ ਨਾਲ ਲੂਜ ਮੋਸ਼ਨ ਹੋ ਗਏ ਹੋਣ ਤਾਂ ਰੋਕਣ ਲਈ ਦਵਾਈ ਲੈ ਸਕਦੇ ਹੋ। ਉਲਟੀ ਆਉਣ 'ਤੇ ਡੋਮੇਸਟਲ ਅਤੇ ਸਿਰ ਚਕਰਾਉਣ 'ਤੇ ਸਟੇਮੇਟਿਲ ਗੋਲੀ ਲਈ ਜਾ ਸਕਦੀ ਹੈ। ਨਾਲ ਹੀ ਇਲੈਕਟ੍ਰਾਲ ਪਾਊਡਰ ਦੇ ਪੈਕਿਟ ਵੀ ਘਰ ਵਿਚ ਹਰ ਸਮੇਂ ਰੱਖੋ, ਜੋ ਡਿਹਾਈਡ੍ਰੇਸ਼ਨ ਤੋਂ ਬਚਾਅ ਕਰਨਗੇ।

ਇੰਟਾਸਿਡ : ਕਈ ਵਾਰ ਭੋਜਨ ਕਰਦੇ ਹੀ ਸੀਨੇ ਵਿਚ ਜਲਣ, ਬਦਹਜ਼ਮੀ, ਮੂੰਹ ਵਿਚ ਖੱਟੇ ਡਕਾਰ ਆਉਣੇ, ਬੇਚੈਨੀ ਆਦਿ ਸਮੱਸਿਆਵਾਂ ਹੋਣ ਲਗਦੀਆਂ ਹਨ। ਅਜਿਹੇ ਵਿਚ ਡਾਇਜੀਨ ਜਾਂ ਜੇਲੁਸਿਲ ਵਰਗੀਆਂ ਇੰਟਾਸਿਡ ਦਵਾਈਆਂ ਲੈ ਸਕਦੇ ਹੋ। ਇਹ ਅਮਲ ਨੂੰ ਸ਼ਾਂਤ ਕਰ ਦਿੰਦੀਆਂ ਹਨ।

ਪੇਟ ਦਰਦ : ਸਾਧਾਰਨ ਪੇਟ ਦਰਦ ਹੋਵੇ ਜਾਂ ਮਾਸਿਕ ਦੇ ਦੌਰਾਨ ਪੇਟ ਵਿਚ ਦਰਦ ਹੋਣ 'ਤੇ ਤੁਰੰਤ ਆਰਾਮ ਲਈ ਸਪਾਸਮੋਪ੍ਰੋਵਿਸਵਨ ਜਾਂ ਮੇਫਟਾਲ ਸਪਾਸ ਵਰਗੀਆਂ ਦਵਾਈਆਂ ਲਈਆਂ ਜਾ ਸਕਦੀਆਂ ਹਨ। ਇਹ ਅਮਲ ਨੂੰ ਸ਼ਾਂਤ ਕਰ ਦਿੰਦੀਆਂ ਹਨ।

ਨੇਜਲ ਡ੍ਰਾਪ : ਜ਼ੁਕਾਮ ਨਾਲ ਨੱਕ ਬੰਦ ਹੋਣ 'ਤੇ ਤੇਜ਼ ਬੇਚੈਨੀ ਹੋ ਜਾਂਦੀ ਹੈ ਅਤੇ ਦਮ ਘੁਟਣ ਲਗਦਾ ਹੈ। ਅਜਿਹੇ ਵਿਚ ਓਟ੍ਰਿਵਿਨ ਜਾਂ ਨੈਸੋਕਿਲਯਰ ਵਰਗੀ ਡ੍ਰਾਪ ਨੱਕ ਵਿਚ ਪਾ ਕੇ ਰਾਹਤ ਪਾ ਸਕਦੇ ਹੋ। ਸੋਲਸਪ੍ਰੇ ਵੀ ਚੰਗੀ ਦਵਾਈ ਹੈ।

## ਹਰੀ ਮਿਰਚ ਖਾਣਾ ਸਿਹਤ ਲਈ ਹੈ ਬੇਹੱਦ ਫਾਇਦੇ

ਹਰੀ ਮਿਰਚ ਕਈ ਤਰ੍ਹਾਂ ਦੇ ਪੋਸ਼ਕ ਤੱਤਾ ਜਿਵੇ ਵਿਟਾਮਿਨ ਈ, ਬੀ, ਸੀ, ਆਇਰਨ, ਕਾਪਰ, ਪੋਟਾਸ਼ਿਅਮ, ਪ੍ਰੋਟੀਨ ਅਤੇ ਕਾਰਬੋਹਾਈਡ੍ਰੇਟ ਨਾਲ ਭਰਪੂਰ ਹੁੰਦੀ ਹੈ, ਇੰਨ੍ਹਾ ਹੀ ਨਹੀਂ ਇਸ 'ਚ ਬੀਟਾ ਕੈਰੋਟੀਨ ਚੀਜ਼ਾਂ ਮੌਜੂਦ ਹਨ। ਇੱਕ ਅਧਿਐਨ 'ਚ ਸਾਹਮਣੇ ਆਇਆ ਹੈ ਕਿ ਹਰੀ ਮਿਰਚ ਖਾਣਾ ਨਾਲ ਸਿਹਤ ਸੰਬੰਧੀ ਕਈ ਸਮੱਸਿਆਵਾਂ ਤੋਂ ਛੁਟਕਾਰਾ ਮਿਲਦਾ ਹੈ।



1. ਹਰੀ ਮਿਰਚ ਐਂਟੀ ਆਕਸੀਡੇਂਟ ਦਾ ਇੱਕ ਵਧੀਆ ਮਾਧਿਅਮ ਹੈ, ਹਰੀ ਮਿਰਚ 'ਚ ਡਾਇਟੀ ਫਾਇਬਰਸ ਪਚੁਰ ਮਾਤਰਾ 'ਚ ਹੁੰਦੇ ਹਨ। ਜਿਸ ਨਾਲ ਪਾਚਨ ਕਿਰਿਆ ਸੁਚਾਰੂ ਬਣੀ ਰਹਿੰਦੀ ਹੈ।
2. ਵਿਟਾਮਿਨ ਈ ਨਾਲ ਭਰਪੂਰ ਹਰੀ ਮਿਰਚ ਅੱਖਾਂ ਅਤੇ ਚਮੜੀ ਲਈ ਬਹੁਤ ਫਾਇਦੇਮੰਦ ਹੈ।
3. ਹਰੀ ਮਿਰਚ ਬਲੱਡ ਸ਼ੂਗਰ ਨੂੰ ਘੱਟ ਕਰਨ 'ਚ ਮਦਦ ਕਰਦੀ ਹੈ।
4. ਹਰੀ ਮਿਰਚ ਨੂੰ ਮੂਡ ਬੂਸਟਰ ਦੇ ਰੂਪ 'ਚ ਵੀ ਜਾਣਿਆ ਜਾਂਦਾ ਹੈ, ਇਸ ਨਾਲ ਸਾਡਾ ਮੂਡ ਕਾਫੀ ਹੱਦ ਤੱਕ ਖੁਸ਼ਨੁਮਾ ਰਹਿੰਦਾ ਹੈ।
5. ਹਰੀ ਮਿਰਚ 'ਚ ਐਂਟੀ ਬੇਕਟੀਰੀਆ ਗੁਣ ਹੁੰਦੇ ਹਨ, ਜਿਸ ਦੀ ਵਜਾ ਨਾਲ ਸਰੀਰ ਬੈਕਟੀਰੀਆ ਫ੍ਰੀ ਰਹਿੰਦਾ ਹੈ।

## ਪਿੱਠ ਦਰਦ ਕਾਰਨ ਅਤੇ ਇਲਾਜ



ਮੈਡੀਕਲ, ਇਸਤਰੀ-ਰੋਗਾ* ਤੇ ਹੱਡੀਆਂ ਦੇ ਰੋਗਾਂ (ਆਰਥੋ) ਦੇ ਓਪੀਡੀ ਵਿਚ ਲੱਕ ਦੀ ਪੀੜ ਦੀ ਸ਼ਿਕਾਇਤ ਵਾਲੇ ਰੋਗੀ ਆਮ ਹੀ ਹੁੰਦੇ ਹਨ। ਪੱਠਿਆਂ, ਰੀੜ੍ਹ ਦੀ ਹੱਡੀ ਦੇ ਜੋੜਾਂ, ਸੁਖਮਣਾ ਨਾੜੀ ਦੀਆਂ ਸ਼ਾਖ਼ਾਵਾਂ ਤੇ ਇਨ੍ਹਾਂ ਦੇ ਨਾਲ ਪਏ ਅੰਗਾਂ ਜਾਂ ਤੰਤੂਆਂ ਅਤੇ ਹੱਡੀਆਂ ਤੋਂ ਉਤਪੰਨ ਹੁੰਦੀ ਹੈ ਪਿੱਠ ਦੀ ਦਰਦ। ਹੋ ਸਕਦਾ ਹੈ, ਐਸੀ ਪੀੜ ਇਕ ਦਮ ਸ਼ੁਰੂ ਹੋਈ ਹੋਵੇ (ਐਕਿਊਟ) ਤੇ ਇਕ ਦੋ ਦਿਨਾਂ ਤੋਂ ਹੀ ਹੋਵੇ; ਜਾਂ ਫਿਰ ਕਈ ਦਿਨਾਂ ਜਾਂ ਮਹੀਨਿਆਂ ਤੋਂ (ਕਰੋਨਿਕ) ਤੇ ਰੁਕ ਰੁਕ ਕੇ ਹੁੰਦੀ ਹੋਵੇ। ਰੀੜ੍ਹ ਦੀ ਹੱਡੀ (ਸਪਾਈਨ) ਬੜਾ ਹੀ ਗੁੰਝਲਦਾਰ ਅੰਗ ਹੈ। ਇਹਦੇ ਅੰਦਰ ਸੁਖਮਣਾਂ ਨਾੜੀ, ਮਣਕਣਿਆਂ ਦੇ ਜੋੜ, ਪੱਠੇ, ਟੈਂਡਨ, ਲਿਗਾਮੈਂਟਸ ਤੇ ਮਣਕਣਿਆਂ (ਵਰਟਿਬਰਾ) ਦੇ ਵਿੱਚੋਂ ਦੀ ਸੁਖਮਣਾਂ ਨਾੜੀ ਅਤੇ ਇਸ ਦੀਆਂ ਸ਼ਾਖ਼ਾਵਾਂ, ਬਾਹਵਾਂ ਤੇ ਲੱਤਾਂ ਵੱਲ ਜਾਂਦੀਆਂ ਹਨ। ਸੋ ਕਈ ਵਾਰ ਪੀੜ, ਲੱਕ ਦੇ ਵਿਚਕਾਰੋਂ ਬਾਹਵਾਂ ਜਾਂ ਲੱਤਾਂ ਵੱਲ ਜਾਂਦੀ ਹੈ (ਰੇਡੀਏਟਿੰਗ)। ਇਹਦੇ ਨਾਲ ਹੱਥਾਂ-ਪੈਰਾਂ ਦੀਆਂ ਉਂਗਲੀਆਂ ਸੁੰਨ ਹੋਣ ਦੀ ਜਾਂ 'ਕੀੜੀਆਂ ਤੁਰਨ' ਦੀ ਸ਼ਿਕਾਇਤ ਵੀ ਹੋ ਸਕਦੀ ਹੈ।

ਪਿੱਠ ਦਰਦ ਉਪਰ ਧੌਣ ਜਾਂ ਸੀਨੇ ਦੇ ਪਿਛਲੇ ਪਾਸੇ ਜਾਂ ਮੌਰਾਂ ਵਿਚ, ਹੇਠਲੇ ਭਾਗ ਜਾਂ ਲੱਕ ਵਿਚ ਤੇ ਰੀੜ੍ਹ ਦੀ ਹੱਡੀ ਦੇ ਆਖ਼ਰ ਵਿਚ ਕਿਸੇ ਜਗ੍ਹਾ 'ਤੇ ਵੀ ਹੋ ਸਕਦੀ ਹੈ। ਕਈ ਅਧਿਐਨ ਦਰਸਾਉਂਦੇ ਹਨ ਕਿ 95 ਫ਼ੀਸਦ ਕੇਸਾਂ ਵਿਚ ਕੋਈ ਖ਼ਾਸ ਮੈਡੀਕਲ ਕਾਰਨ ਨਹੀਂ ਮਿਲਦਾ। ਹੋ ਸਕਦਾ ਹੈ ਇਹ ਮੰਜੇ ਜਾਂ ਗੱਦਿਆਂ ਕਰ ਕੇ ਹੋਵੇ। ਕੁਝ ਹੋਰ ਖੋਜੀਆਂ ਅਨੁਸਾਰ, ਕੰਮ ਕਰਨ ਵਾਲੀ ਜਗ੍ਹਾ (ਦਫ਼ਤਰ) ਦੇ ਤਣਾਅ ਅਤੇ ਪਰਿਵਾਰਿਕ ਰਿਸ਼ਤਿਆਂ ਦੀਆਂ ਸਮੱਸਿਆਵਾਂ ਇਸ ਤਰ੍ਹਾਂ ਦੀ ਪਿੱਠ ਦਰਦ ਦਾ ਕਾਰਨ ਹੁੰਦੀਆਂ ਹਨ ਪਰ ਕੁਝ ਫ਼ੀਸਦ ਕੇਸਾਂ ਵਿਚ ਕਿਸੇ ਗੰਭੀਰ ਰੋਗ ਕਰ ਕੇ ਐਸੀ ਦਰਦ ਹੋ ਸਕਦੀ ਹੈ ਜਿਵੇਂ:

1. ਲੱਕ ਦੀ ਅਸਹਿਣਯੋਗ ਪੀੜ ਜੋ ਨੀਂਦ ਨਾ ਆਉਣ ਦੇਵੇ, ਨਾਲ ਬੁਖ਼ਾਰ ਹੋਵੇ, ਕਿਸੇ ਸੱਟ (ਐਕਸੀਡੈਂਟ ਜਾਂ ਡਿੱਗਣ ਕਰ ਕੇ) ਤੋਂ ਬਾਅਦ ਪੱਠਿਆਂ, ਜਾਂ ਲਿਗਾਮੈਂਟਸ ਦੇ ਨੁਕਸਾਨੇ ਜਾਣ ਕਰ ਕੇ ਜਾਂ ਹੱਡੀ ਦੇ ਫਰੈਕਚਰ ਕਰ ਕੇ ਹੁੰਦੀ ਹੈ। ਗੁਰਦੇ ਜਾਂ ਯੂਰੇਟਰ ਦੀ ਪਥਰੀ ਦੀ ਅਸਹਿਣਯੋਗ ਪੀੜ ਪੇਟ ਦੇ ਨਾਲ ਨਾਲ ਲੱਕ ਵਿਚ ਹੀ ਹੁੰਦੀ ਹੈ।
2. ਹੱਡੀਆਂ ਪੋਲੀਆਂ ਹੋਣ ਵਾਲੀ ਬਿਮਾਰੀ (ਓਸਟੀਓਪੋਰੋਸਿਸ) ਜਾਂ ਹੱਡੀਆਂ ਦੇ ਕੈਂਸਰ (ਮਾਇਲੋਮਾ) ਦੇ ਮਰੀਜ਼ਾਂ ਨੂੰ ਲੱਕ ਦਰਦ ਹੋਣਾ ਗੰਭੀਰ ਚਿਤਾਵਨੀ ਹੁੰਦੀ ਹੈ ਜਿਸ ਵੱਲ ਫੌਰੀ ਤੌਰ 'ਤੇ ਧਿਆਨ ਦੇਣ ਦੀ ਜ਼ਰੂਰਤ ਹੁੰਦੀ ਹੈ।
3. ਜੇ ਪਹਿਲਾਂ ਤੋਂ ਅੰਤੜੀ ਜਾਂ ਮਸਾਨੇ ਦੀ ਸਮੱਸਿਆ ਹੋਵੇ ਤੇ ਕੁਝ ਸਮੇਂ ਤੋਂ ਲੱਤਾਂ ਦੀ ਕਮਜ਼ੋਰੀ ਵਧ ਰਹੀ ਹੋਵੇ ਤਾਂ ਹੋ ਸਕਦਾ ਹੈ ਇਨ੍ਹਾਂ ਅੰਗਾਂ ਦਾ ਕੈਂਸਰ, ਰੀੜ੍ਹ ਦੀਆਂ ਹੱਡੀਆਂ ਵਿੱਚ ਫੈਲ ਗਿਆ ਹੋਵੇ।
4. ਜਿਨ੍ਹਾਂ ਨੂੰ ਕੈਂਸਰ ਦਾ ਰੋਗ (ਖ਼ਾਸ ਕਰ ਕੇ ਗਦੂਦਾ, ਫੇਫੜਿਆਂ, ਥਾਇਰਾਇਡ, ਛਾਤੀ) ਹੋਵੇ, ਉਨ੍ਹਾਂ ਵਿਚ ਲੱਕ ਦੀ ਪੀੜ ਹੋਣਾ ਵੀ, ਰੀੜ੍ਹ ਦੀ ਹੱਡੀ ਵਿੱਚ ਫੈਲਣ ਦਾ ਸੰਕੇਤ ਹੋ ਸਕਦਾ ਹੈ।

ਲੱਕ ਪੀੜ ਦੇ ਵਧੇਰੇ ਕੇਸਾਂ ਵਿਚ ਇਕ ਦਮ ਮੈਡੀਕਲ ਸਹਾਇਤਾ ਦੀ ਜ਼ਰੂਰਤ ਨਹੀਂ ਹੁੰਦੀ, ਆਮ ਕਰ ਕੇ ਇਹ ਛੋਟੀ ਮੋਟੀ ਦਵਾ, ਜਾਂ ਮਲ਼ਾਉਣ ਨਾਲ ਵੀ ਠੀਕ ਹੋ ਜਾਂਦੀ ਹੈ। ਅਗਰ ਇਹ ਪੱਠਿਆਂ ਦੀ ਖਿੱਚ, ਥਕਾਵਟ, ਤਣਾਅ ਆਦਿ ਕਰ ਕੇ ਹੋਵੇ ਤਾਂ ਕੁਝ ਦਿਨ ਆਰਾਮ, ਦਰਦ ਨਿਵਾਰਕ ਦਵਾਈਆਂ ਜਾਂ ਮਾਲ਼ਸ਼ ਨਾਲ ਠੀਕ ਹੋ ਜਾਂਦੀ ਹੈ। ਜੇ ਕਿਸੇ ਲਿਗਾਮੈਂਟਸ ਜਾਂ ਟੈਂਡਨ ਦੀ ਸੋਜ ਕਰ ਕੇ ਹੋਵੇ ਤਾਂ ਇਹ ਦੋ ਹਫਤੇ ਤੋਂ ਦੋ ਮਹੀਨੇ ਦੇ ਸਮੇਂ ਤੱਕ ਚਲਦੀ ਹੈ।

ਗਰਭ ਅਵਸਥਾ ਦੌਰਾਨ ਲੱਕ ਦਰਦ: ਇਸ ਅਵਸਥਾ ਵਿਚ 50 ਫ਼ੀਸਦ ਬੀਬੀਆਂ ਨੂੰ ਲੱਕ ਪੀੜ ਦੀ ਸਮੱਸਿਆ ਹੁੰਦੀ ਹੈ। ਉਂਜ ਇਸ ਦਾ ਪੇਟ ਅੰਦਰ ਪਲ ਰਹੇ ਬੱਚੇ ਜਾਂ ਔਰਤ (ਜੱਚਾ) 'ਤੇ ਕੋਈ ਬੁਰਾ ਪ੍ਰਭਾਵ ਪੈਣ ਦਾ ਖ਼ਤਰਾ ਨਹੀਂ ਹੁੰਦਾ। ਵਿਕਸਤ ਹੋ ਰਹੇ ਬੱਚੇ ਕਰ ਕੇ ਬੱਚੇਦਾਨੀ ਦੇ ਵਧ ਰਹੇ ਸਾਈਜ਼ ਨਾਲ ਗੁਰੂਤਾ ਕੇਂਦਰ ਆਪਣੀ ਜਗ੍ਹਾ ਤੋਂ ਸ਼ਿਫਟ ਹੋ ਜਾਂਦਾ ਹੈ, ਪੇਟ ਦੇ ਪੱਠੇ ਖਿੱਚੇ ਜਾਂਦੇ ਹਨ ਤੇ ਕੁਝ ਕਮਜ਼ੋਰ ਹੋ ਜਾਂਦੇ ਹਨ। ਇਨ੍ਹਾਂ ਤਬਦੀਲੀਆਂ ਨਾਲ, ਖੜ੍ਹੇ ਹੋਣ ਤੇ ਤੁਰਨ ਵੇਲੇ, ਆਸਣ (ਪੋਸਚਰ) ਬਦਲ ਜਾਂਦਾ ਹੈ ਜਿਸ ਨਾਲ ਪਿੱਠ 'ਤੇ ਬੋਝ ਪੈਂਦਾ ਹੈ ਤੇ ਦਰਦ ਰਹਿੰਦੀ ਹੈ। ਕਈ ਕੇਸਾਂ ਵਿਚ ਕੋਈ 'ਨਰਵ' ਦਬਣ (ਪ੍ਰੈਸ ਹੋਣ) ਕਰ ਕੇ ਵੀ ਪਿੱਠ ਦਰਦ ਹੋ ਸਕਦੀ ਹੈ। ਵਧ ਰਹੇ ਭਾਰ ਦਾ ਪੱਠਿਆਂ ਅਤੇ ਜੋੜਾਂ 'ਤੇ ਵਾਧੂ ਬੋਝ ਪੈਣਾ ਵੀ ਪਿੱਠ ਦਰਦ ਦਾ ਕਾਰਨ ਬਣਦਾ ਹੈ, ਖ਼ਾਸ ਕਰ ਕੇ ਸ਼ਾਮ ਵੇਲੇ। ਹਾਰਮੋਨਜ਼ ਦੀਆਂ ਤਬਦੀਲੀਆਂ ਵੀ ਲਗਾਤਾਰ ਹੋ ਰਹੀਆਂ ਹੁੰਦੀਆਂ ਹਨ। ਸਹੀ ਤਰੀਕੇ ਨਾਲ ਖੜ੍ਹੇ ਹੋਣ, ਬੈਠਣ, ਲੇਟਣ, ਭਾਰੀ ਚੀਜ਼ ਚੁੱਕਣ ਤੇ ਵਰਜ਼ਿਸ਼ ਕਰਨ ਨਾਲ ਇਸ ਤਰ੍ਹਾਂ ਦੀ ਪੀੜ ਤੋਂ ਬਚਿਆ ਜਾ ਸਕਦਾ ਹੈ। ਕਸਰਤ ਦੇ ਤਰੀਕੇ (ਏਰੋਬਿਕਸ) ਰੋਜ਼ ਦੀਆਂ ਤਣਾਅ ਰਹਿਤ ਗਤੀਵਿਧੀਆਂ ਤੇ ਸਰੀਰ ਦਾ ਸੰਤੁਲਿਤ ਭਾਰ, ਪਿੱਠ ਦਰਦ ਤੋਂ ਬਚਾਅ ਕਰਦੇ ਹਨ। ਸਰੀਰ ਦੇ ਤੰਤੂਆਂ ਦੀ ਕਿਸੇ ਵੀ ਤਰ੍ਹਾਂ ਦੀ ਟੁੱਟ-ਭੱਜ ਦੀ ਮੁਰੰਮਤ ਵਿਚ ਸਿਗਰਿਟਨੋਸ਼ੀ ਵਿਘਨ ਪਾਉਂਦੀ ਹੈ, ਸੋ ਇਸ ਨੂੰ ਬਿਲਕੁਲ ਬੰਦ ਕਰ ਦੇਣਾ ਸਹੀ ਕਦਮ ਹੈ।

ਜੇ ਲੱਕ ਦੀ ਪੀੜ ਨੂੰ ਕੰਟਰੋਲ ਨਾ ਕਰ ਸਕੋ, ਇਹ ਲੰਮਾ ਸਮਾਂ ਚੱਲੇ ਤਾਂ ਇਸ ਤੋਂ ਕਈ ਤਰ੍ਹਾਂ ਦੀਆਂ ਉਲਝਣਾਂ ਪੈਦਾ ਹੋ ਸਕਦੀਆਂ ਹਨ ਜਿਨ੍ਹਾਂ ਨੂੰ ਹੱਲ ਕਰਨਾ ਔਖਾ ਤੇ ਕਈ ਗੁਣਾ ਮਹਿੰਗਾ ਹੋ ਸਕਦਾ ਹੈ।

ਹੋਰ ਬਿਮਾਰੀਆਂ ਜੋ ਲੱਕ ਦਰਦ ਪੈਦਾ ਕਰਦੀਆਂ ਹਨ:

- ਪਿੱਤੇ ਜਾਂ ਮਿਹਦੇ ਦੀ ਤਕਲੀਫ਼
- ਅਪੈਂਡਿਸਾਇਟਿਸ
- ਨਿਮੋਨੀਆ
- ਗੁਰਦੇ ਦੀ ਇਨਫੈਕਸ਼ਨ
- ਔਰਤਾਂ ਵਿਚ ਜਨਣ-ਅੰਗਾਂ ਦੀ ਲਾਗ (ਇਨਫੈਕਸ਼ਨ)
- ਬੱਚੇਦਾਨੀ ਦੇ ਮੂੰਹ (ਸਰਵਿਕਸ) ਦੇ ਕੈਂਸਰ ਦੀ 'ਰੈਫਰਡ ਪੇਨ' ਲੱਕ ਵਿਚ ਹੋ ਸਕਦੀ ਹੈ
- ਓਸਟੀਓਪੋਰੋਸਿਸ
- ਹੱਡੀਆਂ ਦੀ ਇਨਫੈਕਸ਼ਨ (ਓਸਟੀਓ-ਮਾਇਲਾਇਟਿਸ)
- ਰੀੜ੍ਹ ਦੀ ਹੱਡੀ ਦੇ ਛੇਕ ਤੰਗ ਹੋ ਜਾਣ ਕਰ ਕੇ ਸੁਖਮਣਾਂ ਨਾੜੀ ਦੀਆਂ ਸ਼ਾਖ਼ਾਵਾਂ ਦੱਬੀਆਂ ਜਾਣ ਨਾਲ ਵੀ ਲੱਕ ਦਰਦ ਹੁੰਦੀ ਹੈ।

**ਇਸ ਦੁੱਖ ਦਾ ਨਿਵਾਰਣ ਕਿਵੇਂ ਕਰੀਏ ?**

**ਨਿਵਾਰਣ ਦੇ ਟੀਚੇ**


1. ਜਿੰਨੀ ਜਲਦ ਹੋ ਸਕੇ ਤੇ ਜਿੰਨੀ ਜ਼ਿਆਦਾ ਪੀੜਾ ਘਟਾਉਣਾ
2. ਰੋਜ਼-ਮੱਰਾ ਦੀਆ ਗਤੀਵਿਧੀਆਂ ਨੂੰ ਮੁੜ ਲੀਹ 'ਤੇ ਲਿਆਉਣਾ। ਮੁਕੰਮਲ ਦਰਦ ਠੀਕ ਨਾ ਹੋਈ ਹੋਵੇ ਤਾਂ ਰੋਗੀ ਨੂੰ ਰਹਿੰਦੀ ਦਰਦ ਨਾਲ ਥੋੜ੍ਹਾ ਥੋੜ੍ਹਾ ਤੁਰਨ-ਫਿਰਨ, ਕੰਮ-ਕਾਰ ਕਰਨ ਲਈ ਤਿਆਰ ਕਰਨਾ
3. ਜੋ ਵੀ ਦਵਾ ਦਿੱਤੀ ਗਈ (ਜਾ ਰਹੀ) ਹੈ, ਉਸ ਦੇ ਬੁਰੇ ਅਸਰਾਂ ਦਾ ਅੰਦਾਜ਼ਾ ਰੱਖਣਾ ਕਿਉਂਕਿ ਵੱਖ ਵੱਖ ਰੋਗੀਆਂ ਵਿਚ ਲੱਕ ਦਰਦ ਦੇ ਵੱਖ ਵੱਖ ਕਾਰਨ ਹਨ, ਇਸ ਲਈ ਸਾਰਿਆਂ ਵਾਸਤੇ ਇਲਾਜ ਦਾ ਇੱਕੋ ਤਰੀਕਾ ਨਹੀਂ ਹੋ ਸਕਦਾ।

ਕਈਆਂ ਦਾ ਦੁੱਖ ਨਿਵਾਰਣ ਸੇਕ ਦੇਣ ਨਾਲ ਹੀ ਹੋ ਸਕਦਾ ਹੈ ਜਿਨ੍ਹਾਂ ਦੇ ਪੱਠੇ ਖਿੱਚੇ ਹੋਣ। ਕਈਆਂ ਵਾਸਤੇ ਗਰਮ ਪਾਣੀ ਦੀ ਟਕੋਰ (ਹੌਟ ਸ਼ਾਵਰ ਜਾਂ ਗਰਮ ਪਾਣੀ ਦੇ ਟੱਬ ਵਿਚ ਇਸ਼ਨਾਨ) ਲਾਹੇਵੰਦ ਰਹਿੰਦਾ ਹੈ। ਇਸ ਦੇ ਉਲਟ ਦੂਸਰਿਆਂ ਨੂੰ ਠੰਢੇ ਇਲਾਜ, ਅਰਥਾਤ ਬਰਫ਼ (ਆਇਸ ਪੈਕ ਐਪਲੀਕੇਸ਼ਨ) ਨਾਲ ਆਰਾਮ ਮਿਲਦਾ ਹੈ। ਮੁਆਇਨੇ ਤੇ ਮੁਕੰਮਲ ਜਾਂਚ ਉਪਰੰਤ, ਦਰਦ ਦੀਆਂ ਗੋਲੀਆਂ ਨਸੈਡ, ਐਸਟਾਮਾਇਨੋਫੈਨ ਆਦਿ ਦਵਾਈਆਂ ਦਿੱਤੀਆਂ ਜਾਂਦੀਆਂ ਹਨ।

ਮਾਲ਼ਸ਼ ਵਾਲੇ ਜੋ ਸੜਕਾਂ ਦੇ ਕਿਨਾਰੇ ਹੀ ਆਪਣਾ ਅੱਡੇ ਬਣਾ ਕੇ ਬੈਠੇ ਹੁੰਦੇ ਹਨ, ਦੀ ਮਾਲ਼ਸ਼ ਨਾਲ ਭਾਵੇਂ ਕੁਝ ਦਿਨਾਂ ਲਈ ਆਰਾਮ ਮਹਿਸੂਸ ਹੋਵੇ ਪਰ ਕਈ ਵਾਰ ਨੁਕਸਾਨ ਹੋ ਸਕਦਾ ਹੈ। ਕੁਆਲੀਫਾਇਡ ਫਿਜ਼ਿਓਥੈਰੇਪਿਸਟ ਕੋਲੋਂ ਵਿਗਿਆਨਕ ਢੰਗ ਨਾਲ ਮਾਲ਼ਸ਼ ਕਰਾਉਣਾ ਸਹੀ ਤਰੀਕਾ ਹੈ। ਕਈ ਕੇਸਾਂ ਵਿਚ ਐਕਿਊਪ੍ਰੈਸ਼ਰ ਵੀ ਕਾਰਗਰ ਸਾਬਤ ਹੁੰਦਾ ਹੈ। ਦਰਦ ਦੇ ਕਾਰਨ ਮੁਤਾਬਿਕ ਬੈਠਣ, ਲੇਟਣ, ਸੌਣ ਦੇ ਸਹੀ ਆਸਣ ਅਪਨਾਉਣੇ ਚਾਹੀਦੇ ਹਨ। ਪਿੱਠ ਦਰਦ ਦੇ ਸਿਰਫ ਇੱਕ ਤੋਂ ਸੱਤ ਫ਼ੀਸਦ ਕੇਸਾਂ ਵਿਚ ਹੀ ਸਰਜਰੀ (ਡਿਸਕ, ਮਣਕਣੇ ਦੀ ਹੱਡੀ ਟੁੱਟੀ ਹੋਣ ਕਰ ਕੇ ਆਦਿ) ਦੀ ਲੋੜ ਪੈਂਦੀ ਹੈ।

**-ਡਾ. ਮਨਜੀਤ ਸਿੰਘ ਬੱਲ**

# ਰੌਸ਼ਨ ਰਾਹ



ਵਲੋਂ : ਕੇ ਸੀ ਰੁਪਾਣਾ, ਸੰਪਰਕ: 78140-77120

ਵੋਟਾਂ ਪੈਣ ਤੋਂ ਬਾਅਦ ਸਮਾਨ ਜਮ੍ਹਾਂ ਕਰਵਾਉਣ ਲਈ ਵਾਰੀ ਆਉਣ 'ਤੇ ਸਾਰਾ ਸਮਾਨ ਮੁਲਾਜ਼ਮ ਨੂੰ ਸੌਂਪ ਦਿੱਤਾ। ਉਹਨੇ ਚੈੱਕ ਕਰ ਕੇ ਸਵੀਕਾਰ ਕੀਤਾ, ਨਾਲ ਹੀ ਅਪਣੱਤ ਨਾਲ ਆਖਿਆ, "ਸਰ ਪਛਾਣਿਆ ਮੈਨੂੰ! ਮੈਂ ਤੁਹਾਡਾ ਵਿਦਿਆਰਥੀ ਰਿਹਾਂ। ਸ਼ਾਇਦ ਤੁਹਾਨੂੰ ਯਾਦ ਹੋਵੇ... ਉਸ ਸਾਲ ਮੇਰੇ ਜਮਾਤੀ ਅਰਸ਼ ਨਾਲ ਵਾਪਰੀ ਘਟਨਾ ਪਿੱਛੋਂ ਸਕੂਲ ਵਿੱਚ ਸਹਿਮ ਦਾ ਮਾਹੌਲ ਬਣ ਗਿਆ ਸੀ।"

ਘਰ ਪਹੁੰਚ ਕੇ ਮੈਂ ਤਿੰਨ ਦਹਾਕੇ ਪਹਿਲਾਂ ਆਪਣੇ ਪੁਰਾਣੇ ਸਕੂਲ ਦੀਆਂ ਯਾਦਾਂ ਦੇ ਪੰਨੇ ਪਲਟਣ ਲੱਗਾ। ਸਕੂਲ ਅਧਿਆਪਕ ਵਜੋਂ ਪਹਿਲੀ ਨਿਯੁਕਤੀ ਸੀ। ਵਿਦਿਆਰਥੀਆਂ ਨੂੰ ਗਿਆਨ ਵੰਡਣ ਦੇ ਉਤਸ਼ਾਹ ਵਿੱਚ ਦਿਨ ਬੀਤਦੇ ਦਾ ਪਤਾ ਨਹੀਂ ਸੀ ਲਗਦਾ। ਸਕੂਲ ਪਿੰਡੋਂ ਦੂਰ ਹੋਣ ਕਾਰਨ ਰੈਣ ਬਸੇਰਾ ਸਕੂਲ ਵਾਲਾ ਪਿੰਡ ਹੀ ਸੀ ਜਿੱਥੇ ਅਸੀਂ ਐਡਹਾਕ ਭਰਤੀ ਹੋਏ ਦੋ ਅਧਿਆਪਕ ਇਕੱਠੇ ਰਹਿੰਦੇ ਸਾਂ।

ਅਚਾਨਕ ਵਾਪਰੀ ਘਟਨਾ ਨੇ ਸਕੂਲ ਦਾ ਮਾਹੌਲ ਬਦਲ ਦਿੱਤਾ। ਨਲਕੇ ਤੋਂ ਪਾਣੀ ਪੀਣ ਗਿਆ ਸੱਤਵੀਂ ਵਿੱਚ ਪੜ੍ਹਦਾ ਅਰਸ਼ ਅਚਾਨਕ ਡਿੱਗ ਕੇ ਬੇਹੋਸ਼ ਹੋ ਗਿਆ। ਹੋਸ਼ ਵਿੱਚ ਆਇਆ ਤਾਂ ਚੀਕਾਂ ਮਾਰਨ ਲੱਗ ਪਿਆ। ਸਕੂਲ ਵਿੱਚ ਰੌਲਾ ਪੈ ਗਿਆ। ਅਰਸ਼ ਨੂੰ ਡਾਕਟਰੀ ਸਹਾਇਤਾ ਦੇ ਕੇ ਘਰ ਭੇਜ ਦਿੱਤਾ ਗਿਆ। ਅਗਲੇ ਦੋ ਤਿੰਨ ਦਿਨਾਂ ਵਿੱਚ ਬੱਚਿਆਂ ਦੇ ਬੇਹੋਸ਼ ਹੋ ਕੇ ਡਿੱਗਣ ਦੀਆਂ ਲਗਾਤਾਰ ਕਈ ਘਟਨਾਵਾਂ ਵਾਪਰ ਗਈਆਂ। ਡਰ ਨਾਲ ਸਕੂਲ ਵਿੱਚ ਬੱਚਿਆਂ ਦੀ ਗਿਣਤੀ ਘਟਣ ਲੱਗੀ। ਪਿੰਡ ਵਿੱਚ ਚਰਚਾ ਛਿੜ ਪਈ। ਕਹਿੰਦੇ, ਸਕੂਲ ਵਾਲੀ ਜਗ੍ਹਾ 'ਤੇ ਪਹਿਲਾਂ ਝਿੜੀ ਹੁੰਦੀ ਸੀ ਜਿੱਥੇ ਕੋਈ ਦਰਵੇਸ਼ ਰਹਿੰਦਾ ਸੀ। ਪਿੰਡ ਦੇ ਲੋੜਵੰਦ ਮਰੀਜ਼ਾਂ ਦੀ ਦਵਾਈ ਬੂਟੀ ਕਰਦਾ, ਹੱਥ-ਹਥੌਲਾ ਵੀ ਕਰ ਦਿੰਦਾ। ਉਹਦੇ ਗੁਜ਼ਰ ਜਾਣ ਬਾਅਦ ਪੰਚਾਇਤ ਨੇ ਸਾਰੀ ਜਗ੍ਹਾ ਸਕੂਲ ਲਈ ਦਾਨ ਕਰ ਦਿੱਤੀ।

ਲੋਕਾਂ ਦਾ ਮੰਨਣਾ ਸੀ ਕਿ ਘਟਨਾਵਾਂ ਪਿੱਛੇ ਉਸੇ ਦਰਵੇਸ਼ ਦੀ 'ਕ੍ਰੋਪੀ' ਹੈ ਕਿਉਂਕਿ ਦਰਵੇਸ਼ ਦੀ ਮਾਨਤਾ ਨਹੀਂ ਸੀ ਹੋਈ। ਪ੍ਰਿੰਸੀਪਲ ਵਿਗੜ ਰਹੇ ਵਿਦਿਅਕ ਮਾਹੌਲ ਤੋਂ ਪ੍ਰੇਸ਼ਾਨ ਸਨ। ਉਨ੍ਹਾਂ ਸਟਾਫ ਕੋਲ ਇਹ ਫ਼ਿਕਰਮੰਦੀ ਜ਼ਾਹਿਰ ਕੀਤੀ ਤੇ ਮਸਲੇ ਦੇ ਹੱਲ ਲਈ ਸੁਝਾਅ ਮੰਗੇ। ਬਹੁ-ਗਿਣਤੀ ਅਧਿਆਪਕ ਪਿੰਡ ਵਾਲਿਆਂ ਦੀ ਦਲੀਲ ਨਾਲ ਸਹਿਮਤ ਹੁੰਦਿਆਂ ਦਰਵੇਸ਼ ਦੀ ਮਾਨਤਾ ਲਈ ਰਾਜ਼ੀ ਸਨ। ਮੇਰੇ ਨਾਲ ਰਹਿੰਦੇ ਅਧਿਆਪਕ ਨਵਦੀਪ ਨੇ ਵੱਖਰਾ ਮੱਤ ਰੱਖਿਆ। ਉਹਦਾ ਤਰਕ ਸੀ ਕਿ 'ਜੇ ਆਪਾਂ ਪਿੰਡ ਵਾਲਿਆਂ ਦੀਆਂ ਮਾਨਤਾਵਾਂ 'ਤੇ ਹੀ ਫੁੱਲ ਚੜ੍ਹਾਉਣੇ ਹਨ ਤਾਂ ਆਪਣੇ ਪੜ੍ਹੇ ਲਿਖੇ ਹੋਣ ਦਾ ਕੀ ਫਾਇਦਾ ਹੋਇਆ? ਵਿਗਿਆਨ ਦੇ ਯੁੱਗ ਵਿੱਚ ਵਹਿਮਾਂ ਭਰਮਾਂ ਤੇ ਅੰਧਵਿਸ਼ਵਾਸਾਂ ਦੀ ਕੋਈ ਤੁਕ ਨਹੀਂ ਬਣਦੀ। ਹਰ ਘਟਨਾ ਪਿੱਛੇ ਕੋਈ ਕਾਰਨ ਜ਼ਰੂਰ ਹੁੰਦਾ। ਕਾਰਨਾਂ ਦੀ ਪੜਤਾਲ ਕਰ ਕੇ ਅਸੀਂ ਸੱਚ ਜਾਣ ਸਕਦੇ ਹਾਂ।' ਨਵਦੀਪ ਵੱਲੋਂ ਘਟਨਾ ਦੀ ਤਹਿ ਤੱਕ ਜਾਣ ਲਈ ਆਗਿਆ ਮੰਗਣ 'ਤੇ ਪ੍ਰਿੰਸੀਪਲ ਨੇ ਖ਼ੁਸ਼ੀ ਨਾਲ ਹਾਮੀ ਭਰ ਦਿੱਤੀ।

ਅਗਲੇ ਹੀ ਦਿਨ ਨਵਦੀਪ ਨੇ ਅਰਸ਼ ਵਾਲੀ ਜਮਾਤ ਦੇ ਸਾਰੇ ਵਿਦਿਆਰਥੀਆਂ ਤੋਂ ਉਸ ਦੇ ਸੁਭਾਅ ਤੇ ਵਰਤ-ਵਿਹਾਰ ਬਾਰੇ ਜਾਣਿਆ। ਛੁੱਟੀ ਮਗਰੋਂ ਅਸੀਂ ਦੋਵੇਂ ਅਰਸ਼ ਦੇ ਘਰ ਗਏ। ਪਰਿਵਾਰ ਬਾਰੇ ਮੁਢਲੀ ਪੁੱਛ ਪੜਤਾਲ ਕੀਤੀ। ਅਰਸ਼ ਦੀ ਮਾਂ ਤੋਂ ਘਰ ਵਿੱਚ ਚਲਦੇ ਕਿਸੇ ਝਗੜੇ ਜਾਂ ਤਣਾਓ ਬਾਰੇ ਪੁੱਛਿਆ। ਉਹਨੇ ਦੱਸਿਆ ਕਿ ਝਗੜਾ ਤਾਂ ਘਰੇ ਕਈ ਮਹੀਨਿਆਂ ਤੋਂ ਚੱਲ ਰਿਹਾ। ਅਰਸ਼ ਪੜ੍ਹਨ ਵਿੱਚ ਹੁਸ਼ਿਆਰ ਹੈ। ਪੜ੍ਹ ਲਿਖ ਕੇ ਤਰੱਕੀ ਕਰਨਾ ਚਾਹੁੰਦਾ। ਬਾਪ ਦੀ ਇੱਛਾ ਹੈ ਕਿ ਇਹ ਸਕੂਲੋਂ ਹਟ ਕੇ ਉਸ ਨਾਲ ਖੇਤ ਦੇ ਕੰਮ ਵਿੱਚ ਹੱਥ ਵਟਾਵੇ। ਅਰਸ਼ ਨੂੰ ਸਕੂਲ ਪੜ੍ਹਨੋਂ ਰੋਕਣ ਲਈ ਕੁੱਟ-ਮਾਰ ਵੀ ਕਰ ਚੁੱਕਾ ਹੈ ਪਰ ਅਰਸ਼ ਪੜ੍ਹਾਈ ਲਈ ਬਜ਼ਿਦ ਹੈ।

"ਜਿਹੜੀ ਦਰਵੇਸ਼ ਦੀ ਕ੍ਰੋਪੀ ਵਾਲੀ ਚਰਚਾ ਪਿੰਡ ਵਿੱਚ ਚਲਦੀ ਹੈ... ਉਹ?" ਨਵਦੀਪ ਨੇ ਪੁੱਛਿਆ।

"ਇਹ ਤਾਂ ਵੀਰ ਜੀ, ਐਵੇਂ ਬਿਨਾਂ ਸਿਰ ਪੈਰ ਦੀਆਂ ਗੱਲਾਂ ਨੇ। ਨਾਲੇ ਜੇ ਕੋਈ ਦਰਵੇਸ਼ ਹੋਇਆ ਵੀ ਹੋਊ ਤਾਂ ਉਸ ਦਾ ਭਲਾ ਪੜ੍ਹਨ ਆਲੇ ਜੁਆਕਾਂ ਨੇ ਕੀ ਵਿਗੜਿਆ?"

"ਇੰਝ ਕਰਨਾ, ਤੁਸੀਂ ਕੱਲ੍ਹ ਅਰਸ਼ ਦੇ ਬਾਪ ਨੂੰ ਪ੍ਰਿੰਸੀਪਲ ਕੋਲ ਭੇਜ ਦੇਣਾ।"... ਤੇ ਅਸੀਂ ਵਾਪਸ ਪਰਤ ਆਏ। ਸਕੂਲ ਪਹੁੰਚ ਕੇ ਸਾਰੀ ਪੜਤਾਲ ਤੇ ਸੰਭਾਵਨਾ ਨਵਦੀਪ ਨੇ ਪ੍ਰਿੰਸੀਪਲ ਨਾਲ ਸਾਂਝੀ ਕਰ ਲਈ।

ਅਗਲੇ ਦਿਨ ਸਕੂਲ ਆਏ ਅਰਸ਼ ਦੇ ਬਾਪ ਨਾਲ ਪ੍ਰਿੰਸੀਪਲ ਨੇ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਕੀਤੀ। ਉਹ ਅਰਸ਼ ਦੇ ਚੰਗੇ ਭਵਿੱਖ ਲਈ ਖੇਤੀ ਖੁਦ ਸੰਭਾਲਣ ਤੇ ਅਰਸ਼ ਨੂੰ ਪੜ੍ਹਾਉਣ ਵਾਸਤੇ ਖ਼ੁਸ਼ੀ ਨਾਲ ਸਹਿਮਤ ਹੋ ਗਿਆ।

ਅਰਸ਼ ਸਕੂਲ ਆਉਣ ਲੱਗ ਪਿਆ। ਪ੍ਰਿੰਸੀਪਲ ਦੇ ਕਹਿਣ 'ਤੇ ਨਵਦੀਪ ਨੇ ਸਵੇਰ ਦੀ ਸਭਾ ਵਿੱਚ ਕਈ ਦਿਨ ਵਿਦਿਆਰਥੀਆਂ ਨੂੰ ਅੰਧਵਿਸ਼ਵਾਸ ਤੇ ਝੂਠੀਆਂ ਮਾਨਤਾਵਾਂ ਤੋਂ ਬਚਣ ਲਈ ਪ੍ਰੇਰਿਆ। ਹੌਲੀ-ਹੌਲੀ ਸਕੂਲ ਦਾ ਮਾਹੌਲ ਸੁਖਾਵੇਂ ਰੁਖ਼ ਹੋ ਗਿਆ। ਪਿੰਡ ਵਿੱਚ ਹੁੰਦੀ ਦਰਵੇਸ਼ ਦੀ ਮਾਨਤਾ ਵਾਲੀ ਚਰਚਾ ਵੀ ਮੁੱਕ ਗਈ। ਸਕੂਲ ਵਿੱਚ ਫਿਰ ਕਦੇ ਅਜਿਹੀ ਕੋਈ ਘਟਨਾ ਵੀ ਨਹੀਂ ਵਾਪਰੀ।

ਨਵਦੀਪ ਵੱਲੋਂ ਸਵੇਰ ਦੀ ਸਭਾ ਵਿੱਚ ਬੋਲੇ ਸ਼ਬਦ ਅੱਜ ਵੀ ਚੇਤਿਆਂ ਵਿੱਚ ਵਸੇ ਹਨ: 'ਸੁਣੀਆਂ ਸੁਣਾਈਆਂ ਗੱਲਾਂ ਤੇ ਸਮਾਜ ਵਿੱਚ ਪ੍ਰਚਲਿਤ ਧਾਰਨਾਵਾਂ ਮਗਰ ਲੱਗਣ ਦੀ ਬਜਾਇ ਤਰਕ, ਚੇਤਨਾ ਤੇ ਪਰਖ-ਪੜਤਾਲ ਉਹ ਰੌਸ਼ਨ ਰਾਹ ਹੈ ਜਿਹੜਾ ਜ਼ਿੰਦਗੀ ਤੇ ਸਮਾਜ ਦੀ ਬਿਹਤਰੀ ਵੱਲ ਜਾਂਦਾ ਹੈ।

# ਖੇਤੀ ਜਿਣਸਾਂ ਦੀ ਬਰਾਮਦ ਅਤੇ ਪੰਜਾਬ

ਵਲੋਂ : ਡਾ. ਰਾਜ ਮਾਨ

ਭਾਰਤ ਤੋਂ ਖੇਤੀ ਬਰਾਮਦ ਵਿੱਚ ਪੰਜਾਬ ਦੀ ਹਿੱਸੇਦਾਰੀ ਦੀ ਗੱਲ ਕਰਦਿਆਂ ਇਹ ਗੱਲ ਵੀ ਦੇਖਣ ਵਾਲੀ ਹੈ ਕਿ ਹਰਿਆਣਾ, ਦਿੱਲੀ ਅਤੇ ਉੱਤਰ ਪ੍ਰਦੇਸ਼, ਜੋ ਸਮੁੰਦਰੀ ਬੰਦਰਗਾਹਾਂ ਤੋਂ ਦੂਰੀ 'ਤੇ ਸਥਿਤ ਹਨ, ਪੰਜਾਬ ਦੇ ਮੁਕਾਬਲੇ ਖੇਤੀ ਬਰਾਮਦ ਵਿੱਚ ਕਿਵੇਂ ਯੋਗਦਾਨ ਪਾ ਰਹੇ ਹਨ। ਐਗਰੀਕਲਚਰਲ ਐਂਡ ਪ੍ਰੋਸੈਸਡ ਫੂਡ ਪ੍ਰੋਡਕਟਸ ਐਕਸਪੋਰਟ ਡਿਵੈਲਪਮੈਂਟ ਅਥਾਰਿਟੀ (ਏਪੀਈਡੀਏ) ਤੋਂ ਪ੍ਰਾਪਤ ਡੇਟਾ ਦਾ ਵਿਸ਼ਲੇਸ਼ਣ ਕਰ ਕੇ ਪ੍ਰਾਪਤ ਨਤੀਜਿਆਂ/ਖੋਜਾਂ ਪਿਛਲੇ ਕਾਰਨਾਂ ਦੀ ਪੜਚੋਲ ਕਰਨ ਮਗਰੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਕਿਵੇਂ ਭਾਰਤ-ਮੱਧ ਪੂਰਬ-ਯੂਰਪ ਕੌਰੀਡੋਰ (ਇੱਛ) ਪੰਜਾਬ ਨੂੰ ਖੇਤੀ ਬਰਾਮਦ ਲਈ ਲਾਭ ਪਹੁੰਚਾ ਸਕਦਾ ਹੈ।

ਪਹਿਲਾਂ ਭਾਰਤ ਤੋਂ ਖੇਤੀ ਬਰਾਮਦ ਵਿੱਚ ਪੰਜਾਬ ਦੀ ਹਿੱਸੇਦਾਰੀ ਦੇਖਦੇ ਹਾਂ। ਸਾਲ 2023-24 ਵਿੱਚ ਭਾਰਤ ਦੀ ਵਿਸ਼ਵ ਵਿਆਪੀ ਖੇਤੀ ਬਰਾਮਦ 212098 ਕਰੋੜ ਰੁਪਏ ਦੀ ਸੀ ਅਤੇ ਗੁਜਰਾਤ 58655 ਕਰੋੜ ਰੁਪਏ ਨਾਲ ਭਾਰਤ ਦੀ ਕੁੱਲ ਖੇਤੀ ਬਰਾਮਦ ਦੇ 27.65 ਫ਼ੀਸਦੀ ਦੇ ਹਿੱਸੇ ਨਾਲ ਸਭ ਤੋਂ ਵੱਡਾ ਬਰਾਮਦਕਾਰ ਸੀ। ਪੰਜਾਬ ਦੇ ਗੁਆਂਢੀ ਰਾਜ ਹਰਿਆਣਾ ਨੇ 9.17 ਫ਼ੀਸਦੀ ਦੇ ਹਿੱਸੇ ਨਾਲ 19445 ਕਰੋੜ ਰੁਪਏ ਦੇ ਖੇਤੀ ਉਤਪਾਦਨ ਬਰਾਮਦ ਕੀਤੇ ਜਦੋਂਕਿ ਪੰਜਾਬ ਦੀ ਬਰਾਮਦ ਕਾਫ਼ੀ ਘੱਟ ਸੀ। ਪੰਜਾਬ ਨੇ 2.88 ਫ਼ੀਸਦੀ ਦੇ ਹਿੱਸੇ ਨਾਲ 6117 ਕਰੋੜ ਰੁਪਏ ਦੀ ਬਰਾਮਦ ਹੀ ਕੀਤੀ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਪੰਜਾਬ ਤੋਂ ਖੇਤੀ ਬਰਾਮਦ ਬਹੁਤ ਘੱਟ ਹੈ।

ਦੂਜੇ ਪਾਸੇ ਹਰਿਆਣਾ, ਦਿੱਲੀ ਅਤੇ ਉੱਤਰ ਪ੍ਰਦੇਸ਼ ਦੀਆਂ ਖੇਤੀ ਬਰਾਮਦਾਂ ਨਾਲ ਪੰਜਾਬ ਦੀ ਤੁਲਨਾ ਕਰਦਿਆਂ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਇਨ੍ਹਾਂ ਸੂਬਿਆਂ ਦੀ ਸਮੁੰਦਰੀ ਬੰਦਰਗਾਹਾਂ ਤੋਂ ਦੂਰੀ ਪੰਜਾਬ ਨਾਲੋਂ ਘੱਟ ਹੈ ਪਰ ਉਹ ਫਿਰ ਵੀ ਬੰਦਰਗਾਹਾਂ ਤੋਂ ਦੂਰ ਸਥਿਤ ਹਨ, ਜੋ ਤੁਲਨਾ ਨੂੰ ਜਾਇਜ਼ ਠਹਿਰਾਉਂਦਾ ਹੈ। ਪਹਿਲਾਂ ਹਵਾਈ ਰਸਤੇ ਰਾਹੀਂ ਖੇਤੀਬਾੜੀ ਉਤਪਾਦਾਂ ਦੀ ਬਰਾਮਦ ਦੇਖਦੇ ਹਾਂ। ਬਦਕਿਸਮਤੀ ਨਾਲ 2023-24 ਦੌਰਾਨ ਪੰਜਾਬ ਅਤੇ ਹਰਿਆਣਾ ਨੇ ਹਵਾਈ ਰਸਤੇ ਰਾਹੀਂ ਕੋਈ ਉਤਪਾਦ ਬਰਾਮਦ ਨਹੀਂ ਕੀਤਾ। ਇਸ ਸਮੇਂ ਦੌਰਾਨ ਦਿੱਲੀ ਅਤੇ ਯੂਪੀ ਨੇ ਕ੍ਰਮਵਾਰ 971 ਕਰੋੜ ਅਤੇ 87 ਕਰੋੜ ਰੁਪਏ ਦੇ ਖੇਤੀ ਉਤਪਾਦ ਹਵਾਈ ਰਸਤੇ ਰਾਹੀਂ ਬਰਾਮਦ ਕੀਤੇ। ਇੰਨਾ ਹੀ ਨਹੀਂ, ਪੰਜਾਬ ਅਤੇ ਹਰਿਆਣਾ ਨੇ 2020 ਅਤੇ 2023 ਦਰਮਿਆਨ ਹਵਾਈ ਰਸਤੇ ਰਾਹੀਂ ਕੋਈ ਬਰਾਮਦ ਦਰਜ ਨਹੀਂ ਕੀਤੀ ਜਦੋਂਕਿ ਦਿੱਲੀ ਅਤੇ ਯੂਪੀ ਦੋਵਾਂ ਨੇ ਇਨ੍ਹਾਂ ਸਾਲਾਂ ਦੌਰਾਨ ਮਹੱਤਵਪੂਰਨ ਮਾਤਰਾ ਵਿੱਚ ਬਰਾਮਦ ਕੀਤੀ। ਹਾਲਾਂਕਿ, ਹਵਾਈ ਰਸਤੇ ਦੁਆਰਾ ਬਰਾਮਦ ਨਾ ਹੋਣ ਦੇ ਬਾਵਜੂਦ ਹਰਿਆਣਾ ਨੇ 2023-24 ਵਿੱਚ ਪੰਜਾਬ ਨਾਲੋਂ ਕਾਫ਼ੀ ਵੱਧ ਬਰਾਮਦ ਕੀਤੀ ਸੀ। ਇਨ੍ਹਾਂ ਰਾਜਾਂ ਤੋਂ ਕੁਝ ਪ੍ਰਮੁੱਖ/ਚੋਣਵੇਂ ਉਤਪਾਦਾਂ ਦੀ ਬਰਾਮਦ 'ਤੇ ਵੀ ਵਿਚਾਰ ਕਰਨਾ ਬਣਦਾ ਹੈ।

2023-24 ਦੇ ਪ੍ਰਮੁੱਖ ਉਤਪਾਦਾਂ ਦੇ ਅੰਕੜਿਆਂ ਦੇ ਮੱਦੇਨਜ਼ਰ ਦਿੱਲੀ ਨੇ ਹਵਾਈ ਰਸਤੇ ਰਾਹੀਂ 413 ਕਰੋੜ ਰੁਪਏ ਦਾ ਭੇਡ/ਬੱਕਰੀ ਦਾ ਮਾਸ, 222 ਕਰੋੜ ਰੁਪਏ ਦਾ ਮੱਝ ਦਾ ਮਾਸ, 62 ਕਰੋੜ ਰੁਪਏ ਦੇ ਫ਼ਲ ਅਤੇ ਸਬਜ਼ੀਆਂ ਦੇ ਬੀਜ, 19 ਕਰੋੜ ਰੁਪਏ ਦੀਆਂ ਹੋਰ ਤਾਜ਼ੀਆਂ ਸਬਜ਼ੀਆਂ, 14 ਕਰੋੜ ਰੁਪਏ ਦੀਆਂ ਪ੍ਰੋਸੈਸਡ ਸਬਜ਼ੀਆਂ, 8 ਕਰੋੜ ਰੁਪਏ ਦੇ ਡੇਅਰੀ ਉਤਪਾਦ, 6-6 ਕਰੋੜ ਰੁਪਏ ਦੇ ਪੋਲਟਰੀ ਉਤਪਾਦ ਅਤੇ ਬਾਸਮਤੀ ਚੌਲ ਅਤੇ 5 ਕਰੋੜ ਰੁਪਏ ਦੇ ਪ੍ਰੋਸੈਸਡ ਫਲ, ਜੂਸ ਅਤੇ ਮੇਵੇ ਬਰਾਮਦ ਕੀਤੇ। ਇਸੇ ਸਾਲ ਯੂਪੀ ਨੇ ਹਵਾਈ ਰਸਤੇ ਰਾਹੀਂ 63 ਕਰੋੜ ਰੁਪਏ ਦਾ ਮੱਝ ਦਾ ਮਾਸ, 18 ਕਰੋੜ ਰੁਪਏ ਦਾ ਭੇਡ/ਬੱਕਰੀ ਦਾ ਮਾਸ ਅਤੇ 5 ਕਰੋੜ ਰੁਪਏ ਦੀਆਂ ਹੋਰ ਤਾਜ਼ੀਆਂ ਸਬਜ਼ੀਆਂ ਬਰਾਮਦ ਕੀਤੀਆਂ। ਇਹ ਗੱਲ ਸਮਝ ਤੋਂ ਬਾਹਰ ਹੈ ਕਿ ਜੇ ਦਿੱਲੀ ਅਤੇ ਯੂਪੀ ਹਵਾਈ ਰਸਤੇ ਰਾਹੀਂ ਖੇਤੀ ਉਤਪਾਦਾਂ ਦੀ ਬਰਾਮਦ ਕਰ ਰਹੇ ਹਨ ਤਾਂ ਫਿਰ ਪੰਜਾਬ ਨੇ ਆਪਣੇ ਉਤਪਾਦਾਂ ਨੂੰ ਹਵਾਈ ਰਸਤੇ ਰਾਹੀਂ ਬਰਾਮਦ ਕਰਨ ਦਾ ਕੋਈ ਉਪਰਾਲਾ ਕਿਉਂ ਨਹੀਂ ਕੀਤਾ।

ਰੇਲ/ਸੜਕ ਅਤੇ ਅੰਦਰੂਨੀ ਕੰਟੇਨਰ ਡਿਪੂ ਰਾਹੀਂ ਬਰਾਮਦ ਦੇ ਮਾਮਲੇ 'ਚ ਪੰਜਾਬ ਦੀ ਖ਼ਾਸ ਕਰਕੇ ਹਰਿਆਣਾ ਨਾਲ ਤੁਲਨਾ ਕਰਦੇ ਹਾਂ। ਦਲੀਲ ਨੂੰ ਮਜ਼ਬੂਤ ਕਰਨ ਲਈ ਦਿੱਲੀ ਦੁਆਰਾ ਬਰਾਮਦ ਕੀਤੇ ਗਏ ਕੁਝ ਚੋਣਵੇਂ ਉਤਪਾਦਾਂ ਦਾ ਵੀ ਜ਼ਿਕਰ ਕਰਾਂਗੇ। ਸਾਲ 2023-24 ਵਿੱਚ ਮੁੱਖ ਉਤਪਾਦਾਂ ਦੀ ਬਰਾਮਦ ਨੂੰ ਵੇਖਦਿਆਂ ਹਰਿਆਣਾ ਨੇ 13120 ਕਰੋੜ ਰੁਪਏ ਦੇ ਬਾਸਮਤੀ ਚੌਲਾਂ ਦੀ ਬਰਾਮਦ ਕੀਤੀ ਜਦੋਂਕਿ ਪੰਜਾਬ 3769 ਕਰੋੜ ਰੁਪਏ ਦੀ ਬਰਾਮਦ ਨਾਲ ਬਹੁਤ ਪਿੱਛੇ ਰਿਹਾ। ਵਾਰ ਵਾਰ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਵਧੇਰੇ ਬਾਸਮਤੀ ਚੌਲਾਂ ਦੀ ਕਾਸ਼ਤ ਪੰਜਾਬ ਨੂੰ ਪਾਣੀ ਦੀ ਬੱਚਤ ਕਰਨ ਅਤੇ ਬਰਾਮਦ ਰਾਹੀਂ ਵਧੇਰੇ ਕਮਾਈ ਕਰਨ ਵਿੱਚ ਮਦਦ ਕਰ ਸਕਦੀ ਹੈ। ਇਹ ਅੰਕੜੇ ਇਸ ਦਲੀਲ ਨੂੰ ਉਜਾਗਰ ਕਰਦੇ ਹਨ ਕਿ ਜੇਕਰ ਹਰਿਆਣਾ ਇੰਨਾ ਬਾਸਮਤੀ ਚੌਲ ਬਰਾਮਦ ਕਰ ਸਕਦਾ ਹੈ ਤਾਂ ਪੰਜਾਬ ਕਿਉਂ ਨਹੀਂ?

ਇਸੇ ਸਾਲ ਹਰਿਆਣਾ ਨੇ 3270 ਕਰੋੜ ਰੁਪਏ ਦਾ ਮੱਝਾਂ ਦਾ ਮਾਸ ਬਰਾਮਦ ਕੀਤਾ ਜਦੋਂਕਿ ਪੰਜਾਬ ਨੇ ਮੱਝ ਦਾ ਮਾਸ ਬਰਾਮਦ ਨਹੀਂ ਕੀਤਾ। ਹਰਿਆਣਾ ਨੇ 664 ਕਰੋੜ ਰੁਪਏ ਦੇ ਕੁਦਰਤੀ ਸ਼ਹਿਦ ਦੀ ਬਰਾਮਦ ਕੀਤੀ ਜਦੋਂਕਿ ਪੰਜਾਬ 419 ਕਰੋੜ ਰੁਪਏ 'ਤੇ ਹੀ ਸਿਮਟ ਗਿਆ। ਹਰਿਆਣਾ ਨੇ 528 ਕਰੋੜ ਰੁਪਏ ਦੇ ਗ਼ੈਰ-ਬਾਸਮਤੀ ਚੌਲਾਂ ਦੀ ਬਰਾਮਦ ਕੀਤੀ ਜਦੋਂਕਿ ਪੰਜਾਬ 271 ਕਰੋੜ ਰੁਪਏ ਦੀ ਬਰਾਮਦ ਨਾਲ ਕਾਫ਼ੀ ਪਿੱਛੇ ਰਹਿ ਗਿਆ। ਹਰਿਆਣਾ ਨੇ 284 ਕਰੋੜ ਰੁਪਏ ਦੇ ਗੁਆਰਗਮ ਦੀ ਬਰਾਮਦ ਕੀਤੀ ਜਦੋਂਕਿ ਪੰਜਾਬ ਬਹੁਤ ਜ਼ਿਆਦਾ ਘੱਟ 0.18 ਕਰੋੜ ਰੁਪਏ ਦੀ ਗੁਆਰਗਮ ਹੀ ਬਰਾਮਦ ਕਰ ਸਕਿਆ। ਹਰਿਆਣਾ ਨੇ 36 ਕਰੋੜ ਰੁਪਏ ਦਾ ਕੈਸੀਨ ਬਰਾਮਦ ਕੀਤਾ ਜਦੋਂਕਿ ਪੰਜਾਬ ਨੇ ਕੋਈ ਕੈਸੀਨ ਬਰਾਮਦ ਨਹੀਂ ਕੀਤਾ।

ਪੰਜਾਬ ਡੇਅਰੀ ਉਤਪਾਦਾਂ ਵਿੱਚ ਵੀ ਪਿੱਛੇ ਰਿਹਾ ਜਿਸ ਵਿੱਚ 34 ਕਰੋੜ ਰੁਪਏ ਦੀ ਬਰਾਮਦ ਹੋਈ ਜਦੋਂਕਿ ਹਰਿਆਣਾ ਨੇ 146 ਕਰੋੜ ਰੁਪਏ ਦੀ ਬਰਾਮਦ ਕੀਤੀ। ਹਰਿਆਣਾ ਅਤੇ ਦਿੱਲੀ ਨੇ ਕ੍ਰਮਵਾਰ 39 ਕਰੋੜ ਰੁਪਏ ਅਤੇ 24 ਕਰੋੜ ਰੁਪਏ ਦੀ ਪਸ਼ੂ ਖ਼ੁਰਾਕ ਬਰਾਮਦ ਕੀਤੀ ਜਦੋਂਕਿ ਪੰਜਾਬ ਸਿਰਫ਼ 4 ਕਰੋੜ ਦੀ ਪਸ਼ੂ ਖ਼ੁਰਾਕ ਹੀ ਬਰਾਮਦ ਕਰ ਸਕਿਆ। ਹਰਿਆਣਾ ਅਤੇ ਦਿੱਲੀ ਨੇ ਕ੍ਰਮਵਾਰ 319 ਕਰੋੜ ਅਤੇ 13 ਕਰੋੜ ਰੁਪਏ ਦੇ ਪ੍ਰੋਸੈਸਡ ਫਲ, ਜੂਸ ਅਤੇ ਮੇਵਿਆਂ ਦੀ ਬਰਾਮਦ ਕੀਤੀ ਜਦੋਂਕਿ ਪੰਜਾਬ ਦੀ ਬਰਾਮਦ ਸਿਰਫ਼ 7 ਕਰੋੜ ਰੁਪਏ ਸੀ। ਹਰਿਆਣਾ ਤੋਂ ਦਾਲਾਂ ਦੀ ਬਰਾਮਦ 45 ਕਰੋੜ ਰੁਪਏ ਦੀ ਸੀ ਜਦੋਂਕਿ ਪੰਜਾਬ ਤੋਂ ਇਹ ਸਿਰਫ਼ 3 ਕਰੋੜ ਰੁਪਏ ਦੀ ਸੀ।

ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਤੋਂ ਖੇਤੀਬਾੜੀ ਜਿਣਸਾਂ ਦੀ ਬਰਾਮਦ ਬਹੁਤ ਘੱਟ ਹੈ। ਦਿੱਲੀ ਅਤੇ ਯੂਪੀ ਹਵਾਈ ਰਸਤੇ ਰਾਹੀਂ ਖੇਤੀ ਉਤਪਾਦਾਂ ਦੀ ਬਰਾਮਦ ਕਰ ਰਹੇ ਹਨ ਜਦੋਂਕਿ ਪੰਜਾਬ ਹਵਾਈ ਰਸਤੇ ਰਾਹੀਂ ਕੋਈ ਬਰਾਮਦ ਨਹੀਂ ਕਰ ਰਿਹਾ। ਪੰਜਾਬ ਦਾ ਗੁਆਂਢੀ ਰਾਜ ਹਰਿਆਣਾ ਰੇਲ/ਸੜਕ ਅਤੇ ਆਈਸੀਡੀ ਰਾਹੀਂ ਪੰਜਾਬ ਨਾਲੋਂ ਵੱਡੀ ਮਾਤਰਾ ਵਿੱਚ ਖੇਤੀ ਉਤਪਾਦ ਬਰਾਮਦ ਕਰਦਾ ਹੈ।

ਸਮੁੰਦਰੀ ਬੰਦਰਗਾਹਾਂ ਤੋਂ ਦੂਰ ਸਥਿਤ ਹੋਣ ਦੇ ਬਾਵਜੂਦ ਹਰਿਆਣਾ ਖੇਤੀਬਾੜੀ ਬਰਾਮਦ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕਰ ਰਿਹਾ ਹੈ। ਪੰਜਾਬ ਦੀਆਂ ਬਰਾਮਦਾਂ ਨੂੰ ਵਧਾਉਣ ਦੇ ਯਤਨ ਕੀਤੇ ਜਾਣੇ ਚਾਹੀਦੇ ਹਨ। ਇਹ ਤੱਥ ਕਿ ਹਰਿਆਣਾ ਪਹਿਲਾਂ ਹੀ ਇਨ੍ਹਾਂ ਜਿਣਸਾਂ ਦੀ ਬਰਾਮਦ ਕਰ ਰਿਹਾ ਹੈ; ਇਹ ਦਰਸਾਉਂਦਾ ਹੈ ਕਿ ਇਨ੍ਹਾਂ ਲਈ ਮੰਡੀ ਮੌਜੂਦ ਹੈ। ਜੇਕਰ ਮੰਡੀ ਮੌਜੂਦ ਹੈ ਤਾਂ ਅਹਿਮ ਸਵਾਲ ਇਹ ਹੈ ਕਿ ਪੰਜਾਬ ਆਪਣੀ ਬਰਾਮਦ ਵਧਾਉਣ ਵਿੱਚ ਦਿਲਚਸਪੀ ਕਿਉਂ ਨਹੀਂ ਰੱਖਦਾ। ਪੰਜਾਬ ਦੀ ਬਰਾਮਦ ਸਥਿਤੀ ਦਾ ਇੱਕ ਮੁੱਖ ਕਾਰਨ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਅਤੇ ਚੌਲਾਂ ਤੇ ਕਣਕ ਦੀ ਯਕੀਨੀ ਖਰੀਦ ਹੈ ਜਿਸ ਨਾਲ ਕਿਸਾਨਾਂ ਨੂੰ ਗਾਰੰਟੀਸ਼ੁਦਾ ਆਮਦਨ ਮਿਲਦੀ ਹੈ। ਹਾਲਾਂਕਿ ਐੱਮਐੱਸਪੀ ਅਤੇ ਯਕੀਨੀ ਖਰੀਦ ਹਰਿਆਣਾ 'ਚ ਵੀ ਲਾਗੂ ਹੈ। ਪੰਜਾਬ ਤੋਂ ਘੱਟ ਬਰਾਮਦ ਦਾ ਇੱਕ ਹੋਰ ਅਕਸਰ ਦਿੱਤਾ ਜਾਂਦਾ ਕਾਰਨ ਇਹ ਹੈ ਕਿ ਇੱਕ ਭੂਮੀਗਤ ਰਾਜ (ਲੈਂਡ ਲੌਕਡ ਸਟੇਟ) ਹੈ ਅਤੇ ਗੁਜਰਾਤ ਸਥਿਤ ਸਮੁੰਦਰੀ ਬੰਦਰਗਾਹਾਂ ਤੱਕ ਇਸ ਦੀ ਦੂਰੀ ਇਸ ਨੂੰ ਬੰਦਰਗਾਹਾਂ ਦੇ ਨੇੜੇ ਸਥਿਤ ਰਾਜਾਂ ਦੀ ਤੁਲਨਾ ਵਿੱਚ ਸਥਾਨਕ ਤੌਰ 'ਤੇ ਨੁਕਸਾਨ ਵਿੱਚ ਪਾਉਂਦੀ ਹੈ। ਹਾਲਾਂਕਿ ਹਰਿਆਣਾ ਵੀ ਸਮੁੰਦਰੀ ਬੰਦਰਗਾਹਾਂ ਤੋਂ ਕਾਫ਼ੀ ਦੂਰ ਹੈ ਪਰ ਇਹ ਵਧੀਆ ਪ੍ਰਦਰਸ਼ਨ ਕਰ ਰਿਹਾ ਹੈ।

ਇਸ ਲਈ ਇਹ ਦੋਵੇਂ ਕਾਰਨ (ਐੱਮਐੱਸਪੀ ਤੇ ਯਕੀਨੀ ਖਰੀਦ ਅਤੇ ਸਮੁੰਦਰੀ ਬੰਦਰਗਾਹਾਂ ਤੋਂ ਦੂਰੀ) ਪੰਜਾਬ ਤੋਂ ਘੱਟ ਬਰਾਮਦ ਦੀ ਸਹੀ/ਪੂਰੀ ਵਿਆਖਿਆ ਨਹੀਂ ਕਰਦੇ। ਅੰਕੜਿਆਂ ਦੀ ਰੋਸ਼ਨੀ ਵਿੱਚ ਪੰਜਾਬ ਤੋਂ ਘੱਟ ਬਰਾਮਦ ਦੀ ਇੱਕ ਮੰਨਣਯੋਗ ਵਿਆਖਿਆ ਸੂਬੇ ਦੀਆਂ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਇਸ ਦੀ ਖੇਤੀ ਆਰਥਿਕਤਾ ਵਿੱਚ ਲਗਾਤਾਰ ਵਿਖਾਈ ਗ਼ੈਰ ਗੰਭੀਰਤਾ ਅਤੇ ਬੇਰੁਖ਼ੀ ਹੋ ਸਕਦੀ ਹੈ। ਅਟਾਰੀ-ਵਾਹਗਾ ਜ਼ਮੀਨੀ ਬੰਦਰਗਾਹ ਰਾਹੀਂ ਹੋਣ ਵਾਲਾ ਵਪਾਰ ਅਗਸਤ 2019 ਤੋਂ ਬੰਦ ਹੈ। ਇਸ ਲਈ ਜਦੋਂ ਤੱਕ ਇਹ ਜ਼ਮੀਨੀ ਰਸਤਾ ਨਹੀਂ ਖੋਲ੍ਹਿਆ ਜਾਂਦਾ, ਉਦੋਂ ਤੱਕ ਸਮੁੰਦਰੀ ਰਸਤੇ ਰਾਹੀਂ ਮੌਜੂਦ ਮੌਕਿਆਂ ਦਾ ਪਤਾ ਲਗਾਉਣ ਦੀ ਲੋੜ ਹੈ। ਇਹ ਸਾਨੂੰ ਤੀਜੇ ਹਿੱਸੇ ਵੱਲ ਲਿਆਉਂਦਾ ਹੈ, ਇੱਛ ਪੰਜਾਬ ਨੂੰ ਕਿਵੇਂ ਲਾਭ ਪਹੁੰਚਾ ਸਕਦਾ ਹੈ। ਉੱਪਰ ਦੱਸੇ ਵਾਂਗ ਕਿ ਹਰਿਆਣਾ ਖੇਤੀਬਾੜੀ ਬਰਾਮਦ ਵਿੱਚ ਪੰਜਾਬ ਨਾਲੋਂ ਬਹੁਤ ਵਧੀਆ ਪ੍ਰਦਰਸ਼ਨ ਕਰ ਰਿਹਾ ਹੈ, ਇਹ ਦਰਸਾਉਂਦਾ ਹੈ ਕਿ ਇੱਛ ਇੱਕ ਵਾਰ ਚਾਲੂ ਹੋ ਜਾਣ ਤੋਂ ਬਾਅਦ ਕਾਫ਼ੀ ਸੰਭਾਵਨਾਵਾਂ ਰੱਖਦਾ ਹੈ।

ਹਾਲਾਂਕਿ ਦੂਰੀ ਦੀ ਦਲੀਲ ਇੱਛ 'ਤੇ ਵੀ ਲਾਗੂ ਹੋਵੇਗੀ ਜੋ ਗੁਜਰਾਤ/ਮਹਾਰਾਸ਼ਟਰ ਤੋਂ ਸਮੁੰਦਰੀ ਮਾਰਗ ਰਾਹੀਂ ਭਾਰਤ ਨਾਲ ਜੁੜੇਗਾ। ਪਰ ਦੂਰੀ 'ਤੇ ਸਥਿਤ ਹਰਿਆਣੇ ਦਾ ਪਹਿਲਾਂ ਹੀ ਸਮੁੰਦਰੀ ਬੰਦਰਗਾਹਾਂ ਰਾਹੀਂ ਖੇਤੀਬਾੜੀ ਬਰਾਮਦ ਵਿੱਚ ਚੰਗਾ ਪ੍ਰਦਰਸ਼ਨ ਕਰਦੇ ਹੋਣਾ ਦਰਸਾਉਂਦਾ ਹੈ ਕਿ ਇੱਛ ਪੰਜਾਬ ਲਈ ਲਾਹੇਵੰਦ ਸਾਬਤ ਹੋ ਸਕਦਾ ਹੈ। ਇਸ ਲਈ ਪੰਜਾਬ ਨੂੰ ਹੁਣ ਤੋਂ ਹੀ ਆਪਣੀ ਖੇਤੀ ਬਰਾਮਦ ਨੂੰ ਸੁਧਾਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ। ਪੰਜਾਬ ਦੁਆਰਾ ਹੁਣੇ ਤੋਂ ਕੀਤੇ ਗਏ ਇਨ੍ਹਾਂ ਯਤਨਾਂ ਦਾ ਇੱਛ ਦੇ ਕਾਰਜਸ਼ੀਲ ਹੋ ਜਾਣ 'ਤੇ ਖੇਤੀਬਾੜੀ ਬਰਾਮਦ ਵਿੱਚ ਵਧੇਰੇ ਲਾਭ ਮਿਲ ਸਕਦਾ ਹੈ। ਪੰਜਾਬ ਪ੍ਰਸ਼ਾਸਨ ਸੜਕ/ਰੇਲ, ਸਮੁੰਦਰੀ ਅਤੇ ਹਵਾਈ ਰਸਤੇ ਰਾਹੀਂ ਆਪਣੀਆਂ ਖੇਤੀਬਾੜੀ ਬਰਾਮਦਾਂ ਨੂੰ ਬਿਹਤਰ ਬਣਾਉਣ ਲਈ ਵਰਤ ਸਕਦਾ ਹੈ।



# ਬੁਰੇ ਕੰਮ ਦਾ ਬੁਰਾ ਨਤੀਜਾ



ਇਕ ਵਾਰ ਦੀ ਗੱਲ ਹੈ ਇਕ ਪਿੰਡ ਵਿਚ ਜੁਗਨੂੰ ਨਾਂਅਦਾ ਇਕ ਵਪਾਰੀ ਰਹਿੰਦਾ ਸੀ । ਦੇਖਣ ਵਿਚ ਉਹ ਬਹੁਤ ਭੋਲਾ-ਭਾਲਾ ਤੇ ਸ਼ਰੀਫਨਜ਼ਰ ਆਉਂਦਾ ਸੀ ਪਰ ਅਸਲ ਵਿਚ ਉਹ ਬਹੁਤ ਹੀ ਬੇਈਮਾਨ ਤੇ ਧੋਖੇਬਾਜ਼ ਇਨਸਾਨ ਸੀ । ਰਹਿਣਲਈ ਉਸ ਕੋਲ ਬਹੁਤ ਆਲੀਸ਼ਾਨ ਮਕਾਨ ਸੀ । ਉਸ ਨੇ ਕਾਫੀ ਧਨ ਵੀ ਇਕੱਠਾ ਕੀਤਾ ਹੋਇਆ ਸੀ । ਦੂਜਿਆਂ ਨੂੰ ਬੇਵਕੂਫ਼ ਬਣਾਉਣ ਵਿਚ ਉਹ ਬਹੁਤ ਮਾਹਿਰ ਸੀ । ਉਸ ਦੇ ਦੋ ਪੁੱਤਰ ਸਨ-ਗਜਰਾਮ ਅਤੇ ਸ਼ਿਵਰਾਮ । ਗਜਰਾਮ ਵੱਡਾ ਸੀ, ਸ਼ਿਵਰਾਮ ਛੋਟਾ ਸੀ । ਗਜਰਾਮ ਆਪਣੇ ਪਿਤਾ ਵਾਂਗ ਠੱਗੀ-ਠੋਰੀ ਨਾਲ ਪੈਸਾ ਕਮਾਉਣ'ਚ ਯਕੀਨ ਰੱਖਦਾ ਸੀ ਪਰ ਸ਼ਿਵਰਾਮ ਬਹੁਤ ਬੁੱਧੀਮਾਨ ਤੇ ਇਮਾਨਦਾਰ ਸੀ । ਉਹ ਸਕੂਲ 'ਚ ਪੜ੍ਹਾਉਂਦਾ ਸੀ । ਦੋਵਾਂਵਿਚ ਜ਼ਮੀਨ-ਅਸਮਾਨ ਦਾ ਫਰਕ ਸੀ ।


ਜੁਗਨੂੰ ਆਪਣੇ ਵੱਡੇ ਲੜਕੇ ਨੂੰ ਹੀ ਚੰਗਾ ਸਮਝਦਾ ਸੀ । ਇਸ ਦੀ ਮਦਦ ਨਾਲ ਜੁਗਨੂੰ ਅਮੀਰ ਤੇ ਅਮੀਰ ਹੁੰਦਾ ਗਿਆ ਪਰ ਉਹ ਛੋਟੇ ਲੜਕੇ ਨਾਲ ਲੜਦਾ-ਝਗੜਦਾ ਰਹਿੰਦਾ ਸੀ ।ਅਚਾਨਕ ਇਕ ਦਿਨ ਦੋਵਾਂਭਰਾਵਾਂ'ਚ ਕਿਸੇ ਗੱਲੋਂਝਗੜਾ ਹੋ ਗਿਆ । ਪਿਤਾ ਨੇ ਵੱਡੇ ਪੁੱਤਰ ਦੀ ਤਰਫੋਂ ਕਿਹਾ, 'ਮੈਂ ਆਪਣੀ ਸਾਰੀ ਦੀ ਸਾਰੀ ਜਾਇਦਾਦ ਆਪਣੇ ਵੱਡੇ ਪੁੱਤਰ ਗਜਰਾਮ ਨੂੰ ਹੀ ਦੇਣੀ ਹੈ ।'

ਸ਼ਿਵਰਾਮ ਨੂੰ ਪਿਤਾ ਦੇ ਇਸ ਫੈਸਲੇ 'ਤੇ ਬੜਾ ਦੁੱਖ ਲੱਗਾ ।ਉਹ ਬੋਲਿਆ, 'ਇਹ ਕਿਸ ਤਰ੍ਹਾਂਹੋ ਸਕਦਾ ਹੈ ?ਅਗਰ ਇਹ ਵਾਰਿਸ ਹੈ ਤਾਂਮੈਂਵੀ ਆਪ ਦਾ ਬੇਟਾ ਹੋਣਨਾਤੇ ਇਸ ਜਾਇਦਾਦ ਦਾ ਮਾਲਕ ਹਾਂ । ਹੁਣ ਜੁਗਨੂੰ ਨੇ ਗਜਰਾਮ ਨਾਲ ਸਲਾਹ-ਮਸ਼ਵਰਾ ਕਰਨ ਤੋਂਬਾਅਦ ਸ਼ਿਵਰਾਮ ਨੂੰ ਕਿਹਾ, ' ਇਥੋਂ ਥੋੜ੍ਹੀ ਦੂਰ ਜੰਗਲ ਵਿਚ ਇਕ ਪਿੱਪਲ ਦਾ ਦਰੱਖਤ ਹੈ ।ਲੋਕ ਕਹਿੰਦੇ ਹਨ ਕਿ ਉਥੇ ਭਗਵਾਨ ਸ਼ੰਕਰ ਜੀ ਦਾ ਵਾਸਾ ਹੈ । ਉਥੇ ਲੋਕਾਂਦੇ ਝਗੜਿਆਂਦਾ ਨਿਪਟਾਰਾ ਹੁੰਦਾ ਹੈ । ਚਲੋ, ਆਪਾਂ ਉਥੇ ਚਲਦੇ ਹਾਂ ।'

ਇਹ ਜੁਗਨੂੰ ਅਤੇ ਉਸ ਦੇ ਪੁੱਤਰ ਗਜਰਾਮ ਦੀ ਚਾਲ ਸੀ ।ਇਸ ਯੋਜਨਾ ਦੇ ਤਹਿਤ ਜੁਗਨੂੰ ਪਹਿਲਾਂ ਹੀ ਜਾ ਕੇ ਉਸ ਪਿੱਪਲ ਦੀ ਖੋੜ ਵਿਚ ਲੁਕ ਕੇ ਬੈਠਗਿਆ । ਦੋਵੇਂ ਭਰਾ ਉਥੇ ਗਏ ਅਤੇ ਪਿੱਪਲ ਦੇ ਅੱਗੇ ਹੱਥਜੋੜ ਕੇ ਭਗਵਾਨ ਸ਼ੰਕਰ ਜੀ ਅੱਗੇ ਬੇਨਤੀ ਕਰਨ ਲੱਗੇ, 'ਹੇ ਭਗਵਾਨ, ਤੁਸੀਂ ਸਾਰਾ ਕੁਝ ਜਾਣਦੇ ਹੋ । ਹੁਣ ਕਿਰਪਾ ਕਰਕੇ ਸਾਡੇ ਝਗੜੇ ਦਾ ਨਿਪਟਾਰਾ ਵੀ ਕਰੋ ।' ਪਿੱਪਲ ਦੀ ਖੋੜ 'ਚ ਲੁਕਿਆ ਜੁਗਨੂੰ ਬੋਲਿਆ, 'ਧਰਮ ਤਾਂਇਹ ਕਹਿੰਦਾ ਹੈ ਕਿ ਸਾਰੀ ਜਾਇਦਾਦ ਗਜਰਾਮ ਨੂੰ ਹੀ ਮਿਲਣੀ ਚਾਹੀਦੀ ਹੈ, ਕਿਉਂਕਿ ਉਸ ਨੇ ਆਪਣੇ ਪਿਤਾ ਦੇ ਪਦ ਚਿੰਨ੍ਹਾਂ 'ਤੇ ਚੱਲ ਕੇ ਹਰ ਤਰ੍ਹਾਂਨਾਲ ਕਮਾਈ ਕੀਤੀ ਹੈ । ਇਸ ਸਾਰੀ ਦੀ ਸਾਰੀ ਜਾਇਦਾਦ 'ਚੋਂ ਸ਼ਿਵਰਾਮ ਦਾ ਕੋਈ ਵੀ ਹਿੱਸਾ ਨਹੀਂ ਹੈ ।

ਇਹ ਦੇਖ ਕੇ ਸ਼ਿਵਰਾਮ ਹੈਰਾਨ ਰਹਿ ਗਿਆ ਕਿ ਪਿੱਪਲ ਵੀ ਬੋਲ ਸਕਦਾ ਹੈ । ਉਸ ਨੇ ਉਥੋਂ ਸੁੱਕੀਆਂ-ਸੁੱਕੀਆਂ ਲੱਕੜੀਆਂ ਇਕੱਠੀਆਂ ਕਰਕੇ ਪਿੱਪਲ ਦੇ ਮੁੱਢ ਰੱਖਕੇ ਅੱਗ ਲਾ ਦਿੱਤੀ । ਜੁਗਨੂੰ ਅੱਗ ਦੀ ਲਪੇਟ ਵਿਚ ਆਗਿਆ ਅਤੇ ਅੱਗ ਵਿਚ ਸੜ ਕੇ ਸਵਾਹ ਹੋ ਗਿਆ । ਜੇ ਉਸ ਨੇ ਆਪਣੇ ਹੀ ਪੁੱਤਰ ਨਾਲ ਬੁਰਾ ਕੰਮ ਕੀਤਾ ਤਾਂਉਸ ਦਾ ਨਤੀਜਾ ਵੀ ਬੁਰਾ ਹੀ ਭੁਗਤਣਾ ਪਿਆ ।ਇਸ ਲਈ ਜੇ ਕਿਸੇ ਨਾਲ ਚੰਗਾ ਕਰੋਗੇ ਤਾਂ ਚੰਗਾ ਫਲ ਮਿਲੇਗਾ । ਜੇ ਬੁਰਾ ਕਰੋਗੇ ਤਾਂ ਬੁਰਾ ਫਲ ਹੀ ਮਿਲੇਗਾ ।

**ਡੀ. ਆਰ. ਬੰਦਨਾ**



## ਮਹੱਤਵਪੂਰਨ ਜਾਣਕਾਰੀਆਂ

- ਸਵਿਟਜ਼ਰਲੈਂਡ ਇਕ ਅਜਿਹਾ ਦੇਸ਼ਹੈ, ਜਿਸ ਨੇ ਕਦੇ ਵੀ ਕਿਸੇ ਯੁੱਧਵਿਚ ਹਿੱਸਾ ਨਹੀਂ ਲਿਆ।
- ਹਾਥੀ ਇਕ ਅਜਿਹਾ ਜਾਨਵਰ ਹੈ, ਜਿਸ ਨੂੰ ਹਰ ਵਸਤੂ ਉਸ ਦੇ ਅਸਲ ਆਕਾਰ ਤੋਂ ਵੱਡੀ ਦਿਖਾਈ ਦਿੰਦੀ ਹੈ।
- ਤੇਜ਼ ਰਫਤਾਰ ਵਾਲਾ ਮੰਨਿਆ ਜਾਣਵਾਲਾ ਪੰਛੀ ਬਾਜ ਪ੍ਰਤੀ ਘੰਟਾ 200 ਮੀਲ ਤੈਅ ਕਰ ਸਕਦਾ ਹੈ।
- ਨਾਰਵੇ ਅਜਿਹਾ ਦੇਸ਼ਹੈ, ਜਿਥੇ ਛੇ ਮਹੀਨੇ ਦਿਨ ਤੇ ਛੇ ਮਹੀਨੇ ਰਾਤ ਰਹਿੰਦੀ ਹੈ।
- ਅਬਰਕ ਇਕ ਅਜਿਹਾ ਖਣਿਜ ਹੈ, ਜੋ ਸਿਰਫਸਾਡੇ ਦੇਸ਼ ਭਾਰਤ ਵਿਚ ਹੀ ਪਾਇਆ ਜਾਂਦਾ ਹੈ।
- ਇਜ਼ਰਾਈਲ ਇਕ ਅਜਿਹਾ ਦੇਸ਼ਹੈ, ਜਿਸ ਦਾ ਹਰ ਨਾਗਰਿਕ ਫੌਜੀ ਹੈ।
- ਸੰਸਾਰ ਦੀ ਸਭ ਤੋਂਛੋਟੀ ਚਿੜੀ ਹਰਮਿਰਾ ਹੈ, ਜੋ ਕਿ ਕਿਊਬਾ ਵਿਚ ਪਾਈ ਜਾਂਦੀ ਹੈ।
- ਸਾਨਮਰੀਨੋ ਅਜਿਹਾ ਦੇਸ਼ ਹੈ, ਜਿਥੇ ਦੋ ਰਾਸ਼ਟਰਪਤੀ ਹੁੰਦੇ ਹਨ।
- ਰਾਕੇਸ਼ ਸ਼ਰਮਾ ਭਾਰਤ ਦਾ ਪਹਿਲਾ ਪੁਲਾੜ ਯਾਤਰੀ ਸੀ।

# ਪੂਛਲ ਵਾਲਾ ਤਾਰਾ (ਧੂਮਕੇਤੂ)

ਪਿਆਰੇ ਬੱਚਿਓ ! ਕੀ ਤੁਸੀਂਪੂਛਲ ਤਾਰੇ ਬਾਰੇ ਜਾਣਦੇ ਹੋ ? ਇਹ ਇਕ ਅਜਿਹੀ ਚਮਕਦੀ ਹੋਈਖਗੋਲੀ ਵਸਤੂ ਹੈ, ਜਿਸ ਦੀ ਪੂਛਹੁੰਦੀ ਹੈ ।ਇਸ ਨੂੰ ਧੂਮਕੇਤੂ ਵੀ ਕਿਹਾ ਜਾਂਦਾ ਹੈ । ਆਓਇਸ ਬਾਰੇ ਜਾਣਕਾਰੀ ਹਾਸਲ ਕਰੀਏ ।

ਜਿਸ ਤਰ੍ਹਾਂ ਅੱਠ ਗ੍ਰਹਿ ਸੂਰਜ ਦੇ ਦੁਆਲੇ ਅੰਡਾਕਾਰ ਰਸਤਿਆਂਉੱਤੇ ਘੁੰਮਦੇ ਹਨ, ਉਸੇ ਤਰ੍ਹਾਂ ਕਈਹੋਰ ਖਗੋਲੀ ਵਸਤੂਆਂ ਵੀ ਇਸ ਦੁਆਲੇ ਘੁੰਮਦੀਆਂਹਨ । ਇਨ੍ਹਾਂਵਿਚੋਂਧੂਮਕੇਤੂ ਵੀ ਇਕ ਹੈ ।ਧੂਮਕੇਤੂ ਆਮ ਕਰਕੇ ਚਟਾਨੀ ਮਾਦੇ, ਬਰਫ, ਧੂੜ ਦੇ ਕਣਅਤੇ ਗੈਸਾਂਜਿਵੇਂਮੀਥੇਨ, ਅਮੋਨੀਆ ਅਤੇ ਕਾਰਬਨ ਡਾਈਆਕਸਾਈਡ ਦੇ ਬਣੇ ਹੁੰਦੇ ਹਨ । ਇਹ ਸੂਰਜ ਦੇ ਦੁਆਲੇ ਅੰਡਾਕਾਰ ਰਸਤਿਆਂ'ਤੇ ਘੁੰਮਦੇ ਹਨ । ਸੋ, ਸੂਰਜ ਤੋਂ ਇਸ ਦੀ ਦੂਰੀ ਬਦਲਦੀ ਰਹਿੰਦੀ ਹੈ ।

ਜਦੋਂਸੂਰਜ ਦੁਆਲੇ ਘੁੰਮਦੇ ਹੋਏ ਇਕ ਧੂਮਕੇਤੂ ਇਸ ਦੇ ਨੇੜੇ ਆਉਂਦਾ ਹੈ ਤਾਂਗਰਮੀ ਨਾਲ ਬਰਫ ਦੇ ਵਾਸ਼ਪ ਬਣਜਾਂਦੇ ਹਨ ।ਇਹ ਵਾਸ਼ਪ ਧੂੜ ਦੇ ਕਣਅਤੇ ਗੈਸਾਂਆਦਿ ਸੋਲਰ ਵਿੰਡ (ਸੂਰਜ ਤੋਂ ਹੋਣਵਾਲਾ ਉੱਚ-ਊਰਜਾ ਵਾਲੇ ਚਾਰਜਿਤ ਕਣਾਂ, ਖਾਸ ਕਰਕੇ ਇਲੈਕਟ੍ਰਾਨਾਂ ਅਤੇ ਪ੍ਰੋਟਾਨਾਂਦਾ ਪ੍ਰਵਾਹ) ਦੇ ਦਬਾਅਨਾਲ ਸੂਰਜ ਤੋਂ ਪਰ੍ਹਾਂ ਵੱਲ ਧੱਕੇ ਜਾਂਦੇ ਹਨ ।ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂਤਾਰੇ ਨੂੰ ਪੂਛਲੱਗੀ ਹੋਵੇ । ਪੂਛਦੀ ਲੰਬਾਈਹਮੇਸ਼ਾ ਇਕ ਸਮਾਨ ਨਹੀਂਰਹਿੰਦੀ ।


ਜਦੋਂਧੂਮਕੇਤੂ ਸੂਰਜ ਦੇ ਨੇੜੇ ਹੁੰਦਾ ਹੈ, ਤਾਂਸੋਲਰ ਵਿੰਡ ਦਾ ਦਬਾਓ ਵਧੇਰੇ ਹੋਣਕਰਕੇ ਗੈਸਾਂ, ਜਲਵਾਸ਼ਪ ਅਤੇ ਧੂੜ ਦੇ ਕਣ ਜ਼ਿਆਦਾ ਦੂਰੀ ਤੱਕ ਧਕੇਲੇ ਜਾਂਦੇ ਹਨ ਅਤੇ ਪੂਛਲੰਬੀ ਬਣਦੀ ਹੈ ਪਰ ਜਿਵੇਂ-ਜਿਵੇਂ ਇਸ ਦੀ ਦੂਰੀ ਸੂਰਜ ਤੋਂ ਵਧਦੀ ਜਾਂਦੀ ਹੈ, ਸੋਲਰ ਵਿੰਡ ਦਾ ਦਬਾਅਘਟਦਾ ਜਾਂਦਾ ਹੈ, ਜਿਸ ਕਰਕੇ ਪੂਛਦਾ ਆਕਾਰ ਛੋਟਾ ਹੁੰਦਾ ਜਾਂਦਾ ਹੈ ।




ਹੈਲੇ ਨਾਂਅ ਦਾ ਧੂਮਕੇਤੂ ਆਖਰੀ ਵਾਰ 1986 ਈ: ਵਿਚ ਦੇਖਿਆਗਿਆਸੀ ।ਇਹ ਸੂਰਜ ਦੁਆਲੇ ਲਗਭਗ 76 ਸਾਲਾਂਵਿਚ ਇਕ ਚੱਕਰ ਪੂਰਾ ਕਰਦਾ ਹੈ ।ਇਸ ਦੇ ਮੁੜ ਦਿਖਾਈ ਦੇਣਦਾ ਅਨੁਮਾਨ 2061 ਈ: ਵਿਚ ਹੈ ।

**ਸਤਵੰਤ ਕੌਰ ਕਲੋਟੀ**

## ਰਸਤਾ ਲੱਭੋ



## ਬਿੰਦੂ ਮਿਲਾਓ




## ਸ਼ਬਦ ਲੱਭੋ

ਕੀ ਤੁਸੀਂ ਹੇਠਾਂ ਦਿੱਤੇ ਚਿੱਤਰ 'ਚ ਦਿੱਤੇ ਗਏ ਸ਼ਬਦਾਂ ਦਾ ਪਤਾ ਲੱਗਾ ਸਕਦੇ ਹੋ... ?

| | | | | | | | | | | | |
|---|---|---|---|---|---|---|---|---|---|---|---|
| C | H | A | N | G | V | Z | A | F | I | F | E |
| H | A | R | M | O | N | I | C | A | M | P | O |
| U | A | N | V | I | L | G | O | L | Y | R | E |
| R | N | R | A | R | E | G | A | L | A | L | M |
| D | A | L | P | H | O | R | N | T | A | U | C |
| Y | A | M | A | H | A | I | I | N | R | T | E |
| G | T | R | A | P | S | U | I | D | S | E | L |
| U | A | N | I | C | G | V | Q | U | A | I | L |
| R | E | B | E | C | H | E | B | A | N | J | O |
| D | D | O | U | B | L | E | B | A | S | S | T |
| Y | D | E | A | G | A | N | N | M | O | O | G |
| A | L | B | U | I | G | O | N | G | A | N | B |
| T | U | B | U | L | A | R | B | E | L | L | O |
| T | A | G | Z | I | M | B | A | L | O | N | B |
| C | O | N | C | E | R | T | I | N | A | P | O |
| I | P | E | S | B | O | M | B | A | R | D | E |

| | | |
|---|---|---|
| ALPHORN | DRUM | QUAIL |
| ANVIL | FIFE | REBEC |
| BANJO | GONG | REGAL |
| BOMBARD | ~~GUITAR~~ | TRAPS |
| BUGLE | HARMONICA | TUBA |
| CELLO | HARP | TUBULAR BELL |
| CHANG | HURDY GURDY | VINA |
| CHENG | LUTE | VIOLA |
| CONCERTINA | LYRE | YAMAHA |
| DEAGAN | MOOG | ZIMBALON |
| DOUBLE BASS | OBOE | |




# ਕਾਵਿ-ਲਹਿਰਾਂ

## ਜੱਗ ਬਹੁ ਰੰਗਾ

ਜੱਗ ਬਹੁ ਭਾਂਤੀ, ਬਹੁ ਰੰਗਾ ਏ,
ਉਂਝ ਜਿਉਣਾ ਕਿਥੇ ਚੰਗਾ ਏ?
ਕਿਤੇ ਹਾਸੇ ਕਿਤੇ ਜੁਦਾਈਆਂ ਨੇ ,
ਤਨਹਾਈਆਂ ਝੋਲੀ ਪਾਈਆਂ ਨੇ
ਕਿਤੇ ਖੈਰ ਮੱਕਦਰ ਮਿਲ ਜਾਵੇ,
ਬਾਹੀਆਂ ਜੁ ਫੈਲਾਈਆਂ ਨੇ
ਏ ਕੂੰਜਾਂ ਬਣਕੇ ਡਾਰਾਂ ਹੀ ,
ਖਰੇ ਕਿਹੜੇ ਦੇਸ਼ੋਂ ਆਈਆਂ ਨੇ
ਤੂੰ ਅੱਖਰਾਂ ਵਿੱਚ ਕੀ ਖੁਣਦੈ,
ਏ ਨਜ਼ਮਾਂ ਜਾਂ ਰੁਬਾਈਆਂ ਨੇ
ਜਾਂ ਧੁਪੇਂ ਆਉਂਦੇ ਬੁੱਲ੍ਹਿਆਂ ਚੋਂ,
ਦਿੱਸੀਆਂ ਜੋ ਪਰਛਾਈਆਂ ਨੇ
ਅੱਖਾਂ ਵਿਚਲੀ ਟਿਪ - ਟਿਪ ਨੇ ,
ਗੱਲਾਂ ਕੀ ਛੁਪਾਈਆਂ ਨੇ
ਕੁੜੀਆਂ ਕੂੰਜਾਂ ਕੀ ਕਹਿਣਾ,
ਏ ਕਿਸ ਮਿੱਟੀ ਦੀਆਂ ਜਾਈਆਂ ਨੇ
ਕਿਤੇ ਹੱਥਾਂ ਦੇ ਛਾਲੇ ,
ਕਿਤੇ ਪਾਟੀਆਂ ਜਿਹੀਆਂ ਬਿਆਈਆਂ ਨੇ
ਕੁਝ ਆਪਣੇ ਅੰਦਰ ਸਾਹ ਦੱਬਕੇ,
ਚੱਲਦੀਆਂ ਘਰ ਕਮਾਈਆਂ ਨੇ
ਸਿਮਰ ਤੇ ਸਿਮਰਨ ਨਹੀਂ ਰਹਿਣਾ,
ਏ ਦੋਵੇਂ ਰੋਂਦੀਆਂ ਆਈਆਂ ਨੇ
ਕੁਝ ਬਚਿਆ ਏ ਤੇ ਰੱਬ ਹੋਵੇ,
ਉਂਝ ਸਿਸਕੀਆਂ ਮਸਾਂ ਮੁਕਾਈਆਂ ਨੇ

ਲਿਖਤ : ਸਿਮਰਨਜੀਤ ਕੌਰ ਸਿਮਰ
ਪਿੰਡ : ਮਵੀ ਸੱਪਾਂ (ਸਮਾਣਾ)

## ਪੰਜਾਬ

ਲੋਕਾਂ ਦੀ ਵੇਖੋ ਸਰਕਾਰ
ਲੋਕਾਂ ਨੂੰ ਹੀ ਰਹੀ ਏ ਮਾਰ
ਰਿਸ਼ਵਤ ਬਿਨਾਂ ਪੈਰ ਨਾ ਪੱਟੇ
ਚੌਕੀਦਾਰ ਭਾਵੇਂ ਠਾਣੇਦਾਰ
ਕਾਨੂੰਗੋ ਅਤੇ ਪਟਵਾਰੀ ਚੋਰ
2% ਮੰਗਦਾ ਤਹਿਸੀਲਦਾਰ
ਮੋਹਰ ਲਾਉਣ ਦੇ ਪੈਸੇ ਮੰਗੇ
ਪਿੰਡ ਮੇਰੇ ਦਾ ਲੰਬੜਦਾਰ
ਮਿਲਾਵਟ ਕਰਦੇ ਰੱਜ ਰੱਜ ਕੇ
ਵਿਉਪਾਰੀ ਭਾਵੇਂ ਦੁਕਾਨਦਾਰ
ਨਕਲੀ ਖੋਏ ਦੀ ਮਠਿਆਈ
ਰੰਗ ਘੋਲ ਕੇ ਕਰਨ ਤਿਆਰ
ਬਿਮਾਰੀ ਰਲ ਕੇ ਵੰਡਣ ਲੱਗੇ
ਦੋਧੀ ਦਾ ਹਲਵਾਈ ਯਾਰ
ਰੇਹ ਸਪਰੇਅ ਟੀਕੇ ਲਾਉਂਦਾ
ਕਿਸਾਨ ਵੀ ਹੋ ਗਿਆ ਬਿਮਾਰ
ਵਿਕ ਗਏ ਅਖ਼ਬਾਰ ਤੇ ਚੈਨਲ
ਨਾਲੇ ਵਿਕ ਗਏ ਪੱਤਰਕਾਰ
ਪੰਜਾਬ ਨੂੰ ਖਾ ਰਹੇ ਨੇ ਰਲਕੇ
ਬਾਦਲ ਕਾਂਗਰਸ ਵਾਰੋ ਵਾਰ
ਕੋਈ ਜੀਵੇ ਮਰ ਜਾਏ ਕੋਈ
ਰੁਕੇ ਨਾ ਸਾਡਾ ਕਾਰੋਬਾਰ
ਗ਼ਰੀਬ ਬਿਮਾਰ ਤੜਪ ਰਹੇ ਨੇ
ਮੱਚੀ ਮੁਲਕ ਵਿੱਚ ਹਾਹਾਕਾਰ
ਕੌਣ ਸੁਣੇਗਾ ਤੇਰੀ ਬਿੰਦਰਾ
ਹਰ ਖੇਤਰ ਮਾਰੋ ਮਾਰ

**ਲਿਖਤ : ਬਿੰਦਰ ਸਾਹਿਤ ਇਟਲੀ**

## ਜੁਰ੍ਹਤ

ਬਿਨ ਬੱਤੀਉਂ ਖਾਲੀ ਤੇਲ ਬਾਝੋਂ,
ਦੀਵਾ ਸੂਰਜ ਨੂੰ ਬੁਝਾਉਣ ਲੱਗਾ।

ਗਿੱਦੜ ਸ਼ੇਰ ਨੂੰ ਘੁਰਨੇ ਆ ਮੂਹਰੇ,
ਚੂਹਾ ਸਮਝ ਕੇ ਪਿਆ ਡਰਾਉਣ ਲੱਗਾ।

ਗਿਆ ਪਾਲ ਭੁਲੇਖਾ ਮਨ ਅੰਦਰੇ,
ਪਿਆ ਫੋਕੀ ਧਾਕ ਜਮਾਉਣ ਲੱਗਾ।

ਦਿਨ ਆਪਣੇ ਗਿਆ ਭੁੱਲ ਸੱਭੇ,
ਝੂਠ ਅੱਜ ਦਾ ਸੱਚ ਨੂੰ ਫਾਹੁਣ ਲੱਗਾ।

ਅੱਖੋਂ ਕਰ ਪਰੋਖੇ ਨਾਉਂ ਵਿਰਸੇ,
ਜਥੇਦਾਰ ਹੁਣ ਜ਼ੋਰ ਦਿਖਾਉਣ ਲੱਗਾ।

ਨਿਕਲ ਸਿਆਸੀ ਕੁੰਡਲ਼ੀ ਜਾਲ ਵਿੱਚੋਂ,
ਫੈਸਲੇ ਜੁਰ੍ਹਤ ਵਾਲੇ ਸੁਣਾਉਣ ਲੱਗਾ।

ਛਾਂਟ ਛਾਂਟ ਕੇ ਜਥੇਦਾਰ 'ਭਗਤਾ',
ਲੇਫ਼ ਜੁੱਲੀਆਂ ਹੁਣ ਚੁਕਾਉਣ ਲੱਗਾ।

ਜਿਹੜਾ ਕਰੂਗਾ ਉਹੀ ਭਰੂ ਆਪੇ,
ਫੂਲਾ ਸਿੰਘ ਦੀ ਯਾਦ ਦੁਆਉਣ ਲੱਗਾ।

**ਲਿਖਤ : ਬਰਾੜ-ਭਗਤਾ ਭਾਈ ਕਾ**
1-604-751-1113

## ਘਿਨਾਉਣਾ ਕਾਰਾ

ਕਲਮ ਲਿੱਖ ਨਹੀਂ ਸਕਦੀ ਮੇਰੀ,
ਲਖਮੀਪੁਰ ਦਾ ਇਹ ਭੈੜਾ ਘਿਨਾਉਣਾ ਕਾਰਾ

ਸਾਡੀ ਅੰਤਿਮ ਫ਼ਤਹਿ ਪ੍ਰਵਾਨ ਕਰਨਾ,
ਜੈਕਾਰਾ ਗੜਗੱਜ ਬੋਲ ਉਨ੍ਹਾਂ ਦੇ ਸਿੰਘਦਾਰਾ

ਕੌਣ ਕਰਾਵੇ ਚੁੱਪ ਤੇ ਕਿਵੇਂ ਕਰਾਈਏ,
ਉਹ ਰੋਂਦੇ ਛੱਡ ਗਏ ਪਿੱਛੇ ਭੈਣਾਂ ਮਾਵਾਂ ਨਾਰਾਂ

ਘੱਟ ਗਿਣਤੀ ਨਹੀਂ ਸੁਰੱਖਿਅਤ,
ਦਰਸਾਈ ਜਾਂਦੀਆਂ ਇਹ ਜ਼ਾਲਮ ਸਰਕਾਰਾਂ

ਪਤਾ ਨਹੀਂ ਕਦ ਬਦਲੇਗਾ ਵਕ਼ਤ ਸਾਡਾ,
ਕਿੰਨਾ ਚਿਰ ਹੋਰ ਅਸੀਂ ਸਹਿਣੀਆਂ ਨੇ ਮਾਰਾਂ

ਹੋਰ ਕਰ ਲਵੋ ਵਿਚਾਰ ਜ਼ਾਲਮ ਨਾਲ,
ਜ਼ਾਲਮ ਸਮਝ ਨਹੀਂ ਸਕਦਾ ਬਿਨਾ ਹਥਿਆਰਾਂ

ਕਰਦੇ ਬੋਹੜੀ ਆਪਣੇ ਲੋਕਾਂ ਦੀ,
ਤੇਰੇ ਬਿਨਾ ਕੀਹਨੇ ਲੈਣੀਆਂ ਸਾਡੀਆਂ ਸਾਰਾਂ

ਕਲਮ ਲਿਖੇ ਸੱਚ ਸਿੰਘ ਇਕਬਾਲ ਦੀ,
ਉਹ ਲੋਕੀਂ ਗਾਉਂਦੇ ਰਹਿਣਗੇ ਯੋਧਿਆਂ ਦੀਆਂ ਵਾਰਾਂ

**ਲਿਖਤ : ਸਿੰਘਦਾਰ ਇਕਬਾਲ ਸਿੰਘ**
**ਫ਼ੋਨ ਨੰਬਰ** 713-918-9611

## ਕਿਉਂ ਕਿ ਹੁਣ ਵੋਟਾਂ ਲੈਣੀਆਂ

ਹੁਣ ਲੀਡਰ ਫਿਰ ਆਉਣਗੇ।
ਗੱਲਾਂ ਦਾ ਕੜਾਹ ਬਣਾਉਣਗੇ।
ਹੁਣ ਸਭ ਗੱਲਾਂ ਕਰਨੀਆਂ ਪੈਣੀਆਂ।
ਕਿਉਂ ਕਿ ਹੁਣ ਵੋਟਾਂ ਲੈਣੀਆਂ।

ਹੁਣ ਲੋਕਾਂ ਵਿੱਚ ਜਾਣਾ ਪੈਣਾ।
ਕੁਝ ਨਾ ਕੁਝ ਪੈਣਾ ਕਹਿਣਾ।
ਗੱਲਾਂ ਪੈਣੀਆਂ ਸਹਿਣੀਆਂ।
ਕਿਉਂ ਕਿ ਹੁਣ ਵੋਟਾਂ ਲੈਣੀਆਂ।

ਜਾਣਾ ਪੈਣਾ ਦਰ ਦਰ ਦੁਆਰੇ।
ਲਾਉਣੇ ਪੈਣ ਫਿਰ ਝੂਠੇ ਲਾਰੇ।
ਕਰਨੀਆਂ ਪੈਣੀਆਂ ਬਹਿਣੀਆਂ।
ਕਿਉਂ ਕਿ ਹੁਣ ਵੋਟਾਂ ਲੈਣੀਆਂ।

ਹੁਣ ਆ ਦਰਵਾਜ਼ੇ ਖੜਕਾਉਣਗੇ।
ਨਾਲੇ ਭੱਜਕੇ ਜੱਫੀਆਂ ਪਾਉਣਗੇ।
ਹੁਣ ਬਦਲਗੇ ਸਭ ਰਹਿਣੀਆਂ।
ਕਿਉਂ ਕਿ ਹੁਣ ਵੋਟਾਂ ਲੈਣੀਆਂ।

ਭੱਜਕੇ ਵੜਨਗੇ ਗਰੀਬਾਂ ਵਿਹੜੇ।
ਕਹਿਣਗੇ ਦੱਸੋ ਕੰਮ ਨੇ ਕਿਹੜੇ।
ਸਭ ਆਕੜਾਂ ਨੇ ਢੈਹਣੀਆਂ।
ਕਿਉਂ ਕਿ ਹੁਣ ਵੋਟਾਂ ਲੈਣੀਆਂ।

ਦਲਜੀਤ,ਸ਼ਰਾਬਾਂ ਦੇ ਦੌਰ ਚਲਾਉਣਗੇ।
ਹਰ ਮੁਹਲੇ ਵਿੱਚ ਦਫਤਰ ਖਲਾਉਣਗੇ।
ਵਹਿਣੀਵਾਲੀਆ ਬਦਲਣਗੇ ਟੈਹਣੀਆਂ।
ਕਿਉਂ ਕਿ ਹੁਣ ਵੋਟਾਂ ਲੈਣੀਆਂ।

**ਲਿਖਤ : ਦਲਜੀਤ ਵਹਿਣੀ ਵਾਲੀਆ**
**ਮੋ :** 99150-21613

## ਇਕੱਲਾਪਨ

ਕੀ ਕਰੀਏ ਹੁਣ ਸੱਜਣਾ ਤੇਰੀ ਆਦਤ ਪੈ ਗਈ ਏ
ਸੁਹਣੀ ਤੇਰੀ ਸੀਰਤ ਸਾਡੀ ਰੂਹ ਤੇ ਛਾ ਗਈ ਏ
ਬਿਨ ਤੇਰੇ ਹੁਣ ਕੁਝ ਵੀ ਮਨ ਨੂੰ ਭਾਉਂਦਾ ਨਹੀਂ
ਸਾਜ ਵੀ ਦਿਲ ਦਾ ਤੇਰੇ ਬਿਨ ਹੁਣ ਗਾਉਂਦਾ ਨਹੀਂ
ਸੂਰਜ ਚੰਨ ਰੋਸ਼ਨੀ ਵੰਡਦੇ ਚਾਰ ਚੁਫੇਰੇ ਨੇ
ਪਰ ਤੇਰੇ ਬਿਨ ਸੱਜਣਾ ਚਾਰੇ ਪਾਸੇ 'ਨੇਰੇ ਨੇ
ਤੇਰੇ ਬਾਝੋਂ ਖੁਸ਼ੀਆਂ ਚੰਗੀਆਂ ਲੱਗਦੀਆਂ ਨਹੀਂ
ਪਿਆਰ ਦੀਆਂ ਨਦੀਆਂ ਸੱਜਣਾ ਵੱਗਦੀਆਂ ਨ੍ਹੀਂ
ਸੋਚਾਂ ਵਿੱਚ ਮਿਲਿਆ ਰੂਹ ਰੱਜਦੀ ਨਾ ਸੱਜਣਾ
ਹਕੀਕਤ ਵਿੱਚ ਤੂੰ ਆ ਕੇ ਸਾਨੂੰ ਮਿਲ ਸੱਜਣਾ।

**ਲਿਖਤ : ਵੀਨਾ ਬਟਾਲਵੀ ਪੰਜਾਬੀ ਅਧਿਆਪਕਾ**

## ਇਸ ਦੇਸ਼ ’ਚ

ਇਸ ਦੇਸ਼ ‘ਚ ਐਸ਼ਾਂ ਕਰਦੇ ਨੇ ਧਨਵਾਨ ਅਜੇ,
ਉਹ ਮਜ਼ਦੂਰਾਂ ਦਾ ਕਰਦੇ ਨੇ ਅਪਮਾਨ ਅਜੇ।
ਉਹ ਸਭ ਕੁਝ ਧਨਵਾਨਾਂ ਨੂੰ ਦੇਈ ਜਾਂਦਾ ਹੈ,
ਮਜ਼ਦੂਰਾਂ ਨਾ’ ਰੁੱਸਿਆ ਲੱਗਦੈ ਭਗਵਾਨ ਅਜੇ।

ਫਸਲਾਂ ਦਾ ਪੂਰਾ ਮੁੱਲ ਉਨ੍ਹਾਂ ਨੂੰ ਮਿਲਦਾ ਨ੍ਹੀ ,
ਤਾਂ ਹੀ ਖੁਦਕੁਸ਼ੀਆਂ ਕਰਦੇ ਨੇ ਕਿਰਸਾਨ ਅਜੇ।
ਲੱਗਦਾ ਹੈ ਉਸ ਨੇ ਫਸਲਾਂ ਦਾ ਕੁਝ ਨ੍ਹੀ ਛੱਡਣਾ,
ਪਰਸੋਂ ਦਾ ਚੱਲੀ ਜਾਂਦਾ ਹੈ ਤੂਫਾਨ ਅਜੇ।

ਇੱਥੇ ਬੰਦੇ ਤਾਂ ਘੁੰਮਦੇ ਫਿਰਦੇ ਨੇ ਬਥੇਰੇ,
ਪਰ ਮਿਲਣੇ ਮੁਸ਼ਕਿਲ ਨੇ ਯਾਰੋ, ਇਨਸਾਨ ਅਜੇ।
ਭੁੱਖੇ ਕਾਮੇ ਬੈਠੇ ਨੇ ਵਿਚਾਰੇ ਢਿੱਡ ਫੜਕੇ,
ਮਹਿੰਗਾ ਹੋਈ ਜਾਂਦੈ ਖਾਣ ਦਾ ਸਾਮਾਨ ਅਜੇ।

**ਲਿਖਤ : ਮਹਿੰਦਰ ਸਿੰਘ ਮਾਨ,**
**ਸੰਪਰਕ :** 99158-03554

## ਉਡੀਕ

ਕਾਂ ਬੋਲਦਾ ਭੁੜਕਦਾ ਆਟਾ,
ਤਵੇ ਤੇ ਰੋਟੀ ਫੁੱਲੇ ਸੋਹਣਿਆਂ
ਮੇਰੇ ਢੋਲ ਪਰਦੇਸੀ ਆਉਣਾ,
ਹਵਾ ਦੇ ਕਹਿੰਦੇ ਬੁੱਲੇ ਸੋਹਣਿਆ।
ਕੁੱਟ ਕੁੱਟ ਚੂਰੀਆਂ ਮੈ,
ਕਾਵਾਂ ਨੂੰ ਪਾਉਂਦੀ ਆ,
ਉੱਡੀ ਨਾ ਤੂੰ ਕਾਵਾਂ,
ਚੁੰਝ ਸੋਨੇ ਚ ਮੜਾਉਦੀ ਆ।
ਮੈ ਤਾ ਖੁਸ਼ੀ ਵਿਚ ਭੰਗੜੇ ਪਾਵਾ,
ਤੇ ਨੈਣੋਂ ਨੀਰ ਡੁੱਲੇ ਸੋਣਿਆ
ਮੇਰੇ ਢੋਲ ਪਰਦੇਸੀ ਆਉਣਾ,
ਹਵਾ ਦੇ ਕਹਿੰਦੇ ਬੁੱਲੇ ਸੋਹਣਿਆ।
ਬਾਰ ਬਾਰ ਅੱਖ ਮੇਰੀ ,
ਬੂਹੇ ਵੱਲ ਆਉਦੀ ਆ
ਘੜੀ ਮੁੜੀ ਸ਼ੀਸ਼ੇ ਅੱਗੇ ਆ,
ਸ਼ਰਮਾਉਦੀ ਆ।
ਵੇ ਮੈ ਧਰਤੀ ਪੈਰ ਨਾ ਲਾਵਾ,
ਚਿਹਰੇ ਤੋ ਨੂਰ ਡੁਲ਼ੇ ਸੋਣਿਆ
ਮੇਰੇ ਢੋਲ ਪਰਦੇਸੀ ਆਉਣਾ,
ਹਵਾ ਦੇ ਕਹਿੰਦੇ ਬੁੱਲੇ ਸੋਣਿਆ।
ਗੁੱਤ ਸੱਪਣੀ ਕਲਾਵਾ ਮਾਰੇ ਲੱਕ ਨੂੰ,
ਕਾਲਾ ਸੁਰਮਾ ਨਾ ਝੱਲੇ ਮੇਰੀ ਅੱਖ ਨੂੰ ।
ਬਾਹਾਂ ਗੋਰੀਆ ਚ ਚੂੜਾ ਛੱਣਕੇ,
ਨੱਕ ਝੱਲੇ ਨਾ ਸੋਨੇ ਵਾਲੀ ਨੱਥ ਨੂੰ
ਪੈਰ ਬੋਚ ਬੋਚ"ਪ੍ਰੀਤ"ਜਦੋ ਰੱਖਦੀ,
ਹਵਾ ਚ ਮਹਿਕ ਘੁੱਲੇ ਸੋਹਣਿਆ।
ਮੇਰੇ ਢੋਲ ਪਰਦੇਸੀ ਆਉਣਾ ,
ਹਵਾ ਦੇ ਕਹਿੰਦੇ ਬੁੱਲੇ ਸੋਹਣਿਆ।

**ਲਿਖਤ : ਡਾ ਲਵਪ੍ਰੀਤ ਕੌਰ**

## ਪੰਜਾਬੀਆਂ ਦੀ ਅਣਖ !

ਆਜੋ!ਇਕੱਮੁੱਠ ਹੋ ਜੋ ਪੰਜਾਬੀ ਯੋਧਿਓ,ਆਪਣੇ ਖੇਤ ਬਚਾਈਏ!
ਕਾਲੇ ਕਾਨੂੰਨਾਂ ਦੀ ਸਵਾਹ ਬਣਾਕੇ,ਹਕੂਮਤ ਦੇ ਹੱਥ ਫੜਾਈਏ !

ਸਦਾ ਹੋਈ ਅਣਦੇਖੀ ਖੇਤੀ ਦੀ,ਖੁਦਕੁਸ਼ੀਆਂ ਚੜ੍ਹ ਚੜ੍ਹ ਆਈਆਂ,
ਸਾਡਾ ਦਿੱਲੀ ਨੇ ਬੁਰਾ ਹੀ ਤੱਕਿਆ,ਕਰ ਕਰਕੇ ਮਾਰੂ ਤਬਾਹੀਆਂ,
ਹੁਣ ਪਿੱਛੇ ਕੋਈ ਨਾ ਰਹਿ ਜਵੇ,ਇੱਕ ਲੋਕਤਾ ਲਹਿਰ ਬਣਾਈਏ...

ਆਪਣੀ ਮੁੱਦਤਾਂ ਪੁਰਾਣੀ ਸਾਂਝ ਹੈ ਪੱਕੀ,ਦਿਲੋਂ ਹੈ ਭਾਈਚਾਰਾ,
ਹਰ ਸੁੱਖ ਦੁੱਖ ਵਿੱਚ ਸ਼ਰੀਕ ਹੁੰਨੇ ਆਂ,ਜੱਗ ਮੰਨਦੈ ਹੈ ਸਾਰਾ,
ਖੇਤ ਹੀ ਸਾਡੇ ਪਿਆਰੀ ਧਿਰ ਨੇ,ਉਨ੍ਹਾਂ ਲਈ ਗੀਤਾਂ ਨੂੰ ਗਾਈਏ....

ਹਰੀ ਕਰਾਂਤੀ ਰੰਗ ਬੰਨ੍ਹਿਆ ਦੇਸ਼ ਲਈ,ਆਪਾਂ ਭਰਤੇ ਭੰਡਾਰੇ,
ਅਸੀਂ ਮੁਲਕ ਨੂੰ ਠੁੱਕ ਸਿਰ ਕਰ 'ਤਾ,ਪਰ ਸਾਡੇ ਹੋ ਰਹੇ ਉਜਾੜੇ,
ਬੰਦੇ ਬਹਾਦਰ ਜੀ ਦੀ ਕਸਮ ਨੂੰ ਫੜ,ਮੱਥਿਆਂ ਨੂੰ ਛੁਹਾਈਏ...

ਸਾਡੇ ਖੇਤਾਂ ਲਈ ਸਾਜਿਸ਼ ਘੜੀ ਗਈ,ਪਾਲਣੇ ਅਡਾਨੀ ਅੰਬਾਨੀ,
ਭਰਮ ਏਹਨਾਂ ਸੂਰਾਂ ਦਾ ਵੀ ਤੋੜ ਦਈਏ,ਸੰਘਰਸ਼ ਲੜਕੇ ਲਾਸਾਨੀ,
ਅੱਜ ਲਿਖ ਦਈਏ ਇਤਿਹਾਸ ਇੱਕ,ਸੂਹੇ ਪਰਚਮ ਲਹਿਰਾਈਏ...

ਆਪਣਾ ਵਿਰਸਾ ਬੜਾ ਅਮੀਰ ਸਾਥੀਓ ਆਪਾਂ ਹੀ ਅੱਗੇ ਲਿਆਉਣਾ,
ਜੇ ਗੂੰਗੀਆਂ ਪਾਰਟੀਆਂ ਮਗਰੇ ਲੱਗੇ ਰਹੇ,ਫਿਰ ਪਊਗਾ ਪਛਤਾਉਣਾ,
ਗੁਰੂਆਂ ਦੀ ਧਰਤੀ ਦੇ ਓਇ ਵਾਰਸੋ,ਮੋਢੇ ਨਾਲ ਮੋਢਾ ਡਾਹੀਏ...

ਖੇਤੀ ਕਰਮਾਂ ਸੇਤੀ ਕਹਿੰਦਿਆਂ,ਇਸ ' ਕਿਸਮਤ ' ਨੇ ਸੋਚਣ ਨਾ ਦਿੱਤਾ,
ਸਾਲੋ ਸਾਲ ਸਾਨੂੰ ਲੰਘਾਉਂਦਿਆਂ ਹੋ ਗਿਆ,ਕਰਜਾਈ ਇਹ ਕਿੱਤਾ,
ਇਸ ਤੱਤੇ ਮਘਦੇ ਘੋਲ ਨੂੰ ਅਸਲੋਂ ਕਿਸੇ ਤਣ ਪੱਤਣ ਲਾਈਏ...

**ਲਿਖਤ : ਸੁਖਦੇਵ ਸਿੱਧੂ**

## ਲੋਹੇ ਦੇ ਜ਼ਜਬਾਤ

ਲੋਹਾ ਬਣਕੇ ਜਦ ਸਿਦਕਵਾਨੀਂਏਂ,ਲੋਹਾ ਜਿੱਤਣ ਲਈ ਭਿੜਦੇ ਨੇ।
ਫੋਕੀਆਂ ਬੜ੍ਹਕਾਂ,ਫੱਕੜ ਦਾਅਵੇ,ਹਕੂਮਤ ਦੇ ਬੁੱਲ੍ਹਾਂ ਚੋਂ ਕਿਰਦੇ ਨੇ।
ਲੋਹਾ,ਸੰਜਮ,ਲਗਨ ਤੇ ਏਕਾ,ਮੁੱਢ ਬੰਨ੍ਹਦੇ ਸੁੱਚਿਆਂ ਹਰਫ਼ਾਂ ਲਈ,
ਐ ਝੂਠੇ ਵਿਕਾਸੀ ਝੱਖੜ ਝੁੱਲਦੇ,ਵੱਡੇ ਪਲ਼ਾ਼ਲ ਭਗਵੀਂ ਧਿਰ ਦੇ ਨੇ।
ਲੋਹਾ ਕੱਟਕੇ ਲੋਹਾ ਬਣਦਾ,ਉਦੋਂ ਸਨਮਾਨ ਵੱਡਾ ਮਿਲ ਜਾਂਦਾ ਐ,
ਜੇ ਲੋਹੇ ਲਈ ਕੋਈ ਹੱਥ ਚਲਾਵੇ,ਤਦ ਬਗਾਵਤੀ ਜੁੱਸੇ ਖਿੜਦੇ ਨੇ।
ਲੋਹਾ ਕੁੱਟੀਏ,ਲੋਹਾ ਬੀਜੀਏ,ਲੋਹਾ ਖਾਓ,ਲੋਹਾ ਹੀ ਤਾਂ ਉੱਗਦਾ ਹੈ।
ਇਹ ਦੇਖਦੇ ਕਰੂੜੀ ਹਾਕਮ,ਦਿਲੋਂ ਤ੍ਰਿਹਕਦੇ ਡਰਦੇ ਵਿਚਰਦੇ ਨੇ।

ਲੋਹਾ ਇੱਕ ਵਿਸ਼ਵਾਸ ਮੁਜੱਸਮਾ,ਲੋਹਾ ਤਾਂ ਤਾਕਤ ਬਰਕਤ ਜਿਹੀ,
ਲੋਹੇ ਵਰਗੀ ਹੋਵੇ ਸਚਿਆਈ,ਤਾਂ ਦੁਸ਼ਮਣ ਘੇਰਿਆਂ ਘਿਰਦੇ ਨੇ।
ਜੰਗਾਂ ਦੇ ਲਈ ਅਰਥ ਜਿੱਤਾਂ ਦਾ,ਮਨੁੱਖਤਾ ਜਿੱਤ ਲਈ ਜਾਵੇ ਜੀ,
ਲੋਹਿਆਂ ਦੇ ਕਈ ਰੂਪ ਨਿਖਰਕੇ,ਫੈਸਲਿਆਂ ਦੇ ਲਈ ਛਿੜਦੇ ਨੇ।
ਪੂਰਾ ਬੰਦਾ ਅਧੂਰਾ ਜਾਪੇ,ਦਿਲ ਛੱਡਦਾ ਖੂਹ ਵਿੱਚ ਡਿੱਗਦਾ ਅਜੇ,
ਪਿੰਗਲਾ ਬਾਜ਼ੀ ਮਾਰ ਹੀ ਜਾਂਦਾ, ਵੱਡੇ ਹੌਂਸਲੇ ਅਸਲੋਂ ਦਿਲ ਦੇ ਨੇ।
ਨੋਟਬੰਦੀ,ਜੀਐਸਟੀ ਤੇ ਚੰਦਰਯਾਨ,ਤੇ ਹੁਣ ਬੋਲੀ ਇੱਕੋ ਹੀ ਕਹੇ,
ਲੋਕਾਂ ਨੂੰ ਦਬਾ ਹਿਟਲਰ ਜੀ,ਕਿੰਨੇ ਗੁਰਜ਼ ਲੈਣ ਲਈ ਤਿੜਦੇ ਨੇ।

ਇਹ ਲੋਕਾਂ ਨਾਲ ਧ੍ਰੋਹਬੰਦੀ ਨਿਰੀ ਹੈ,ਮੁਲਕ ਦੀ ਘੇਰਾਬੰਦੀ ਕਰੀ,
ਕੂੜ ਪ੍ਰਚਾਰ ਨੂੰ ਦੱਸਣ ਦੇ ਲਈ,ਵਿਕਿਆਂ ਹੱਥੋਂ ਰੱਥ ਗਿੜਦੇ ਨੇ।
ਫੋਕੜ ਬਾਹੂਬਲੀਏ ਹੜਦੁੰਗੀਏ,ਆਨੇ ਦੁਆਨੀ ਦੀ ਅਕਲ ਨਹੀਂ,
ਸ਼ਿਕਾਰ ਬਣਾਕੇ ਲੋਕਾਂ ਤਾਈਂ,ਐ ਹੁਲੀਏ ਬਦਲਣ ਨੂੰ ਫਿਰਦੇ ਨੇ।

ਮੁੜ ਕਾਗਜ਼ੀ ਚੱਲਣ ਕਿਸ਼ਤੀਆਂ,ਦਮਖ਼ਮ ਕਿੱਥੋਂ ਰੱਖਣਗੀਆਂ?
ਜੇ ਡਿਜੀਟਲ ਵਿੱਚ ਸਵਾਲ ਅੜੇ,ਉਤੋਂ ਗੁਰਗ਼ੇ ਬਹੁਤਾ ਚਿੜਦੇ ਨੇ।
ਸਾਡਾ ਸਿਦਕ ਹੈ ਅਸਲੀ ਲੋਹਾ,ਲੋਹੇ ਚ ਹਰ ਅਰਦਾਸ ਉੱਗਦੀ,
ਸਿੱਖ ਇਤਿਹਾਸੋਂ ਲੈ ਆਸਰੇ,ਕਈ ਪਵਿੱਤਰ ਬਣ ਗਏ ਹਿਰਦੇ ਨੇ।
ਗ਼ਦਰੀ ਬਾਬੇ ਭਗਤ ਸਰਾਭੇ,ਹੋਰ ਵੀ ਯੁੱਧ-ਅਜ਼ਾਦੀ ਦੱਸ ਗਏ ਨੇ,
ਲੋਹੇ ਬਣ ਰਹੇ ਧਾਰ ਨੁਕੀਲੀ,ਲੋਹੇ ਜਾਗੇ ਹੋਏ ਬੜੇ ਚਿਰ ਦੇ ਨੇ।

**ਲਿਖਤ : ਸੁਖਦੇਵ ਸਿੱਧੂ,** 9888633481



# ਨਾਰੀ ਸੰਸਾਰ





## ਸੁੰਦਰਤਾ ਨੀਂਦ



ਇਕ ਦਿਨ ਦੇ 24 ਘੰਟਿਆਂ ਵਿਚੋਂ ਦਿਨ ਦਾ ਸਮਾਂ ਕੰਮ ਲਈ ਤੇ ਰਾਤ ਦਾ ਸਮਾਂ ਅਰਾਮ ਕਰਨ ਲਈ ਨਿਰਧਾਰਿਤ ਕੀਤਾ ਗਿਆ ਹੈ। ਪਰ ਕੰਮ-ਕਾਰ ਕਰਨ ਵਾਲੇ ਜ਼ਿਆਦਾਤਰ ਲੋਕ ਇਹ ਸੋਚਦੇ ਹਨ ਕਿ ਉਹ ਆਪਣੇ ਇਕ ਪੂਰੇ ਦਿਨ ਦੇ 24 ਘੰਟਿਆਂ ਵਿਚੋਂ ਜਿੰਨੇ ਜ਼ਿਆਦਾ ਘੰਟੇ ਕੰਮ ਕਰ ਸਕਣ, ਓਨਾ ਹੀ ਚੰਗਾ ਹੈ। ਅਜਿਹੇ ਲੋਕ ਨੀਂਦ ਨੂੰ ਤਰਜੀਹ ਨਹੀਂ ਦਿੰਦੇ ਤੇ ਅਕਸਰ ਘੱਟ ਹੀ ਸੌਂਦੇ ਹਨ ਪਰ ਇਕ ਚੰਗੀ ਨੀਂਦ ਇਕ ਚੰਗੀ ਸਿਹਤ ਲਈ ਬਹੁਤ ਜ਼ਰੂਰੀ ਹੈ।

ਸੁੰਦਰਤਾ ਨੀਂਦ ਦੇ ਹੇਠ ਲਿਖੇ ਫਾਇਦੇ ਹਨ :

- **ਘੱਟ ਝੁਰੜੀਆਂ** : ਚੰਗੀ ਨੀਂਦ ਲੈਣ ਨਾਲ ਚਿਹਰੇ ‘ਤੇ ਘੱਟ ਝੁਰੜੀਆਂ ਨਜ਼ਰ ਆਉਂਦੀਆਂ ਹਨ ਜਦ ਕਿ ਘੱਟ ਨੀਂਦ ਲੈਣ ਨਾਲ ਚਮੜੀ ਸੁੱਕੀ ਨਜ਼ਰ ਆਉਂਦੀ ਹੈ ਤੇ ਇਸ ਨਾਲ ਚਿਹਰੇ ਦੀਆਂ ਫਾਈਨ ਲਾਈਨਜ਼ ਵੀ ਵਧੇਰੇ ਦ੍ਰਿਸ਼ਮਾਨ ਬਣ ਸਕਦੀਆਂ ਹਨ।
- **ਗਲੋਇੰਗ ਕੰਪਲੇਕਸ਼ਨ** : ਨੀਂਦ ਦੀ ਘਾਟ ਤੁਹਾਡੇ ਚਿਹਰੇ ਦੇ ਦੁਆਲੇ ਦੀ ਚਮੜੀ ਵਿਚ ਖ਼ੂਨ ਦੇ ਪ੍ਰਵਾਹ ਨੂੰ ਘਟਾਉਂਦੀ ਹੈ। ਚਮੜੀ ਬੇਜਾਨ ਹੋ ਜਾਂਦੀ ਹੈ ਤੇ ਤੁਹਾਨੂੰ ਗੁਲਾਬੀ ਗੱਲ੍ਹਾਂ ਨਹੀਂ ਮਿਲਦੀਆਂ।
- **ਅੱਖਾਂ ਦੁਆਲੇ ਹਨੇਰੇ ਚੱਕਰ** : ਘੱਟ ਨੀਂਦ ਲੈਣ ਨਾਲ ਅੱਖਾਂ ਸੁੱਜੀਆਂ ਨਜ਼ਰ ਆਉਂਦੀਆਂ ਹਨ ਤੇ ਅੱਖਾਂ ਦੇ ਹੇਠਾਂ ਹਨੇਰੇ ਚੱਕਰ ਜਾਂ ਡਾਰਕ ਸਰਲਜ਼ ਵੀ ਦਿਖਾਈ ਦੇਣ ਲੱਗਦੇ ਹਨ। ਇਸ ਲਈ ਲੋੜੀਂਦੀ ਨੀਂਦ ਲੈਣਾ ਬੇਹੱਦ ਜ਼ਰੂਰੀ ਹੈ।

**ਇਸ ਤੋਂ ਇਲਾਵਾ ਇਸ ਸੁੰਦਰਤਾ ਨੀਂਦ ਲਈ ਅਸੀਂ ਕੁਝ ਟਿਪਸ ਹੇਠਾਂ ਦੇ ਰਹੇ ਹਾਂ :**

- **ਸਕਿਨ ਨੂੰ ਦਿਓ ਪਾਵਰ ਨੈਪ** - ਚਿਹਰੇ ਦੀ ਸਕਿਨ ਬੇਹੱਦ ਸੋਫ਼ਟ ਜਾਂ ਕੋਮਲ ਹੁੰਦੀ ਹੈ। ਇਸ ਲਈ ਇਸ ਦਾ ਧਿਆਨ ਰੱਖਣਾ ਬੇਹੱਦ ਜ਼ਰੂਰੀ ਹੁੰਦਾ ਹੈ। ਪਾਵਰ ਨੈਪ ਲਈ ਤੁਸੀਂ ਆਪਣੇ ਕਿਸੇ ਵੀ ਵਿਹਲੇ ਵਕਤ ਚਿਹਰੇ ‘ਤੇ ਕੋਈ ਅਜਿਹਾ ਪੈਕ ਲਗਾ ਸਕਦੇ ਹੋ ਜੋ ਚਿਹਰੇ ਨੂੰ ਠੰਢਕ ਦੇਵੇ। ਇਸ ਨਾਲ ਤੁਹਾਡੇ ਚਿਹਰੇ ਦਾ ਨਿਖਾਰ ਵੀ ਵਧੇਗਾ ਤੇ ਚਿਹਰੇ ਦੀ ਚਮੜੀ ਨੂੰ ਠੰਢਕ ਵੀ ਮਿਲੇਗੀ।
- **ਚਿਹਰੇ ਦੀ ਚਮੜੀ ਨੂੰ ਨਮ ਰੱਖੋ** : ਗਰਮੀਆਂ ਵਿਚ ਹੀ ਨਹੀਂ, ਬਲਕਿ ਸਰਦੀਆਂ ਵਿਚ ਵੀ ਤੁਹਾਨੂੰ ਵੱਧ ਤੋਂ ਵੱਧ ਪਾਣੀ ਪੀਣਾ ਚਾਹੀਦਾ ਹੈ, ਜਿਸ ਨਾਲ ਚਮੜੀ ਡੀਹਾਈਡ੍ਰੇਸ਼ਨ ਦਾ ਸ਼ਿਕਾਰ ਨਹੀਂ ਹੁੰਦੀ, ਜਿਸ ਨਾਲ ਤੁਹਾਡੀ ਸਿਹਤ ਤੇ ਤੁਹਾਡੇ ਚਿਹਰੇ ‘ਤੇ ਵੀ ਚੰਗਾ ਅਸਰ ਵੇਖਣ ਨੂੰ ਮਿਲਦਾ ਹੈ।
- **ਮੇਕਅਪ ਉਤਾਰ ਕੇ ਸੌਂਵੋ** : ਹਰ ਰੋਜ਼ ਸੌਣ ਤੋਂ ਪਹਿਲਾਂ ਆਪਣੀ ਚਮੜੀ ਦੀ ਸੰਭਾਲ ਲਈ ਚਿਹਰੇ ਦੇ ਮੇਕਅਪ ਨੂੰ ਜ਼ਰੂਰ ਸਾਫ਼ ਕਰ ਕੇ ਸੌਂਵੋ। ਅਜਿਹਾ ਨਾ ਕਰਨ ‘ਤੇ ਚਿਹਰੇ ਦੀ ਚਮੜੀ ਖਰਾਬ ਹੋ ਜਾਂਦੀ ਹੈ।

ਇਸ ਤਰ੍ਹਾਂ ਇਨ੍ਹਾਂ ਤਰੀਕਿਆਂ ਨਾਲ ਤੁਸੀਂ ਆਪਣੇ ਚਿਹਰੇ ਦੀ ਸੁੰਦਰਤਾ ਬਰਕਰਾਰ ਰੱਖ ਸਕਦੇ ਹੋ।

## ਰਸੋਈ ਨੂੰ ਕੀੜੇ-ਮਕੌੜਿਆਂ ਤੋਂ ਮੁਕਤ ਰੱਖਣ ਲਈ ਕੁਝ ਘਰੇਲੂ ਆਸਾਨ ਨੁਸਖੇ

ਕਾਕਰੋਚ : ਜਿਨ੍ਹਾਂ ਥਾਵਾਂ ‘ਤੇ ਕਾਕਰੋਚ ਹੋਣ ਦੀ ਸੰਭਾਵਨਾ ਹੋਵੇ, ਉਥੇ ਬੋਰੈਕਸ ਅਤੇ ਚੀਨੀ ਦਾ ਘੋਲ ਛਿੜਕੋ। ਆਮ ਤੌਰ ‘ਤੇ ਸਲ੍ਹਾਬੇ ਵਾਲੀਆਂ ਥਾਵਾਂ ਜਿਵੇਂ ਵਾਸ਼-ਬੇਸਿਨ, ਨਾਲੀਆਂ ਜਾਂ ਸਿੰਕ ਪਾਈਪ ਕੋਲ ਕਾਕਰੋਚ ਵਧੇਰੇ ਹੁੰਦੇ ਹਨ। ਉਨ੍ਹਾਂ ਕੋਲ ਫਿਨਾਈਲ ਦੀਆਂ ਗੋਲੀਆਂ ਰੱਖੋ।


ਮੱਛਰ : ਵਰਤੀ ਹੋਈ ਚਾਹ-ਪੱਤੀ ਸੁਕਾ ਕੇ, ਜਲਾ ਕੇ ਜਾਂ ਨਿੰਮ ਦੇ ਸੁੱਕੇ ਪੱਤਿਆਂ ਦਾ ਧੂੰਆਂ ਕਰਕੇ ਕਾਫੀ ਹੱਦ ਤੱਕ ਮੱਛਰ ਤੋਂ



ਛੁਟਕਾਰਾ ਪਾਇਆ ਜਾ ਸਕਦਾ ਹੈ। ਪਿਆਜ਼ ਦਾ ਰਸ ਵੀ ਮੱਛਰ ਨੂੰ ਦੂਰ ਭਜਾਉਂਦਾ ਹੈ। ਕਾਸਟਰ ਦੇ ਬੂਟੇ ਦੀ ਪੱਤਿਆਂ ਸਮੇਤ ਰਸੋਈ ਵਿਚ ਰੱਖੀ ਟਾਹਣੀ ਵੀ ਮੱਛਰ ਦੂਰ ਭਜਾਉਂਦੀ ਹੈ। ਇਸੇ ਤਰ੍ਹਾਂ ਕਿੰਨੂ, ਸੰਤਰੇ ਦੇ ਸੁਕਾਏ ਹੋਏ ਛਿਲਕਿਆਂ ਦੀ ਧੂਣੀ ਵੀ ਮੱਛਰ ਤੋਂ ਰਾਹਤ ਦਿਵਾਉਂਦੀ ਹੈ।

ਮੱਖੀਆਂ : ਭਰ ਗਰਮੀਆਂ, ਲੂਅ ਦੇ ਮੌਸਮ ਵਿਚ ਜਿਥੇ ਮੱਖੀਆਂ ਕਾਫੀ ਹੱਦ ਤੱਕ ਨਦਾਰਦ ਰਹਿੰਦੀਆਂ ਹਨ, ਪਰ ਬਰਸਾਤਾਂ ਦੇ ਮੌਸਮ ਵਿਚ ਤਾਂ ਮੱਖੀਆਂ ਦੀ ਗਿਣਤੀ ‘ਚ ਕਈ ਗੁਣਾ ਵਾਧਾ ਹੋ ਜਾਂਦਾ ਹੈ। ਰਸੋਈ ਦੀ ਮੁੱਖ ਸੈਲਫ, ਖਾਣੇ ਵਾਲੇ ਮੇਜ਼ ਦੀ ਸਫਾਈ ਕਰਨ ਸਮੇਂ ਪੋਚੇ ਨੂੰ ਨਮਕ ਵਾਲੇ ਪਾਣੀ ਵਿਚ ਡੁਬੋ ਲਵੋ, ਮੱਖੀਆਂ ਦੂਰ ਰਹਿਣਗੀਆਂ। ਹਰੇ ਪੁਦੀਨੇ ਦੀ ਗੁੱਟੀ ਜਾਂ ਪੁਦੀਨੇ ਦੀਆਂ ਫੇਹੀਆਂ ਹੋਈਆਂ ਪੱਤੀਆਂ ਸੈਲਫਾਂ ‘ਤੇ ਰੱਖੀਆਂ ਜਾਣ ਤਾਂ ਮੱਖੀਆਂ ਨਹੀਂ ਆਉਂਦੀਆਂ। ਵਰਤੀ ਹੋਈ ਚਾਹ-ਪੱਤੀ ਜਲਾ ਕੇ ਕੀਤੇ ਧੂੰਏ ਨਾਲ ਵੀ ਮੱਖੀਆਂ ਭੱਜ ਜਾਂਦੀਆਂ ਹਨ। ਸਾਰੇ ਘਰ ਵਿਚ ਫਿਨਾਈਲ ਅਤੇ ਨਿੰਬੂ ਰਸ ਦਾ ਪੋਚਾ ਫੇਰੋ।

ਕਿਰਲੀਆਂ : ਪੁਰਾਤਨ ਸਮੇਂ ਤੋਂ ਲੋਕ ਮੋਰ ਦੇ ਖੰਭ ਦੀਵਾਰਾਂ ‘ਤੇ ਟੰਗਦੇ ਰਹੇ ਹਨ ਤਾਂ ਜੋ ਕਿਰਲੀਆਂ ਤੋਂ ਬਚਾਅ ਰਹੇ। ਜੇ ਮੁਰਗੀ ਦੇ ਅੰਡਿਆਂ ਦੇ ਛਿਲਕੇ ਧੋ ਕੇ ਖਿੜਕੀਆਂ ਜਾਂ ਉਹ ਸੁਰਾਖ ਜਿਥੋਂ ਕਿਰਲੀਆਂ ਆਉਣ ਦੀ ਸੰਭਾਵਨਾ ਹੋਵੇ, ਕੋਲ ਰੱਖੇ ਜਾਣ ਤਾਂ ਉਹ ਨਹੀਂ ਆਉਣਗੀਆਂ। ਬਰਸਾਤਾਂ ਦੇ ਮੌਸਮ ਵਿਚ ਅਕਸਰ ਟਿੱਡੇ, ਮੱਖੀਆਂ, ਭੰਬਟ ਵਧਣ ਕਰਕੇ ਰਸੋਈ ਵਿਚ ਕਿਰਲੀਆਂ ਦੀ ਗਿਣਤੀ ਵਧ ਜਾਂਦੀ ਹੈ। ਉਹ ਕਿਸੇ ਸਮੇਂ ਵੀ ਪੱਕੇ ਖਾਣੇ ਵਿਚ ਡਿਗ ਕੇ ਭੋਜਨ ਨੂੰ ਜ਼ਹਿਰੀਲਾ, ਜਾਨਲੇਵਾ ਬਣਾ ਸਕਦੀਆਂ ਹਨ, ਇਸ ਲਈ ਖਾਣਾ ਹਮੇਸ਼ਾ ਢਕ ਕੇ ਹੀ ਰੱਖੋ।



ਕੀੜੀਆਂ : ਅਕਸਰ ਹੀ ਬਰਸਾਤਾਂ ਦੇ ਮੌਸਮ ਵਿਚ ਖੰਡ, ਗੁੜ, ਡਰਾਈ ਫਰੂਟ ਜਾਂ ਹੋਰ ਮਿੱਠੇ ਪਦਾਰਥਾਂ ਵਿਚ ਕੀੜੀਆਂ ਚੜ੍ਹ ਜਾਂਦੀਆਂ ਹਨ। ਖੰਡ ਵਿਚ ਕੀੜੀਆਂ ਦੇ ਰੋਕਣ ਲਈ ਕੁਝ ਲਾਗ ਪਾ ਕੇ ਰੱਖੋ। ਇਸੇ ਤਰ੍ਹਾਂ ਖਾਧ ਪਦਾਰਥਾਂ ਵਾਲੇ ਡੱਬਿਆਂ ਥੱਲੇ ਜੇ ਕਾਸਟਰ ਦੇ ਤੇਲ ਦਾ ਹਲਕਾ ਜਿਹਾ ਲੇਪ ਕੀਤਾ ਜਾਵੇ ਤਾਂ ਕੀੜੀਆਂ ਨੇੜੇ ਨਹੀਂ ਆਉਂਦੀਆਂ। ਸੈਲਫਾਂ, ਅਲਮਾਰੀਆਂ, ਡਾਇਨਿੰਗ ਟੇਬਲ ‘ਤੇ ਨਮਕ ਦਾ ਛਿੜਕਾਅ ਕਰੋ। ਅਕਸਰ ਕੀੜੀਆਂ ਚਾਕ ਨਾਲ ਜਾਂ ਹਲਦੀ ਨਾਲ ਬਣਾਈ ਲਾਈਨ ਨੂੰ ਪਾਰ ਨਹੀਂ ਕਰਦੀਆਂ। ਇਨ੍ਹਾਂ ਦੀ ਲੀਕ ਜਿਹੀ ਵਾਹ ਕੇ ਕੀੜੀਆਂ ਨੂੰ ਰੋਕਿਆ ਜਾ ਸਕਦਾ ਹੈ।

ਕੀੜੇ : ਸੈਲਫਾਂ, ਅਲਮਾਰੀਆਂ ‘ਤੇ ਜੇ ਨਿੰਮ ਦੇ ਸੁੱਕੇ ਪੱਤੇ ਖਿਲਾਰੇ ਜਾਂ ਸੁੱਕੇ ਹੋਏ ਨਿੰਬੂਆਂ ਦੇ ਛਿਲਕੇ ਰੱਖੇ ਜਾਣ ਤਾਂ ਕੀੜੇ ਲਾਗੇ ਨਹੀਂ ਲਗਦੇ। ਪਿਆਜ਼ ਛਿੱਲ ਕੇ ਕਿਸੇ ਬਲਬ, ਟਿਊਬ ਲਾਗੇ ਰੱਖ ਦੇਣ ‘ਤੇ ਵੀ ਕੀੜੇ-ਮਕੌੜੇ ਦੂਰ ਭੱਜ ਜਾਂਦੇ ਹਨ। ਨਮਕ, ਤਾਰਪੀਨ ਤੇਲ ਦਾ ਦਰਵਾਜ਼ਿਆਂ ਦੀਆਂ ਝੀਥਾਂ ਜਾਂ ਜੋੜਾਂ ‘ਤੇ ਛਿੜਕਾਅ ਕਰੋ। ਇਸੇ ਤਰ੍ਹਾਂ ਸੁੱਕਾ-ਪੀਸਿਆ ਲਸਣ, ਖੀਰੇ ਦਾ ਸੁੱਕਾ ਛਿਲਕਾ ਜੇ ਰਸੋਈ ਦੇ ਕੋਨਿਆਂ ਵਿਚ ਰੱਖਿਆ ਜਾਵੇ ਤਾਂ ਕਈ ਕਿਸਮ ਦੇ ਕੀੜਿਆਂ ਤੋਂ ਰਾਹਤ ਮਿਲਦੀ ਹੈ।

ਫਰਿੱਜ ਦੇ ਗਾਸਕਟ (ਰਬੜ) ‘ਤੇ ਬੋਰਿਕ ਪਾਊਡਰ ਦਾ ਛਿੜਕਾਅ ਕਰੋ। ਜਿਥੇ ਖਾਧ ਪਦਾਰਥਾਂ ਵਾਲੇ ਡੱਬੇ ਪਏ ਹੋਣ, ਉਨ੍ਹਾਂ ਦੁਆਲੇ ਬੋਰਿਕ ਪਾਊਡਰ ਦੀ ਲੀਕ ਲਗਾ ਕੇ ਵੀ ਕੀੜੇ-ਮਕੌੜਿਆਂ ਨੂੰ ਨੱਥ ਪਾਈ ਜਾ ਸਕਦੀ ਹੈ।

ਉਪਰੋਕਤ ਕੁਝ ਘਰੇਲੂ, ਸਸਤੇ, ਲਾਜਵਾਬ ਅਤੇ ਆਸਾਨ ਜਿਹੇ ਨੁਕਤੇ ਆਪਣੀ ਰਸੋਈ ਵਿਚ ਵਰਤ ਕੇ ਤੁਸੀਂ ਸਿਰਫ ਕੀੜੇ-ਮਕੌੜਿਆਂ ਤੋਂ ਰਾਹਤ ਹੀ ਨਹੀਂ ਪਾਓਗੇ, ਸਗੋਂ ਤੁਹਾਡੀ ਰਸੋਈ ਹੋਵੇਗੀ ਸੰਗਠਿਤ, ਸਾਫ਼-ਸੁਥਰੀ ਅਤੇ ਪ੍ਰਦੂਸ਼ਣ ਰਹਿਤ, ਜਿਸ ਤੋਂ ਹਰ ਕੋਈ ਪ੍ਰਭਾਵਿਤ ਹੋ ਕੇ ਤੁਹਾਡੇ ਪ੍ਰਤੀ ਸ਼ਲਾਘਾ ਭਰੇ ਸ਼ਬਦ ਜ਼ਰੂਰ ਹੀ ਇਸਤੇਮਾਲ ਕਰੇਗਾ।



## ਕੱਪੜਿਆਂ ਨੂੰ ਪਹਿਨਣ ਦਾ ਤਰੀਕਾ ਬਦਲੇ ਸਾਡੀ ਦਿੱਖ

ਜਿਥੇ ਗਰਮੀਆਂ ਦੇ ਮੌਸਮ ਵਿਚ ਹਲਕੇ ਰੰਗ ਤਨ ਤੇ ਮਨ ਨੂੰ ਸ਼ਾਂਤੀ ਤੇ ਚੈਨ ਦਿੰਦੇ ਹਨ, ਉਥੇ ਠੰਢ ਦੇ ਮੌਸਮ ਵਿਚ ਗੂੜ੍ਹੇ ਰੰਗ ਮੌਸਮ ਦੀ ਸਰਦੀ ਤੋਂ ਬਚਾਓ ਲਈ ਸਾਵਧਾਨੀ ਦੇ ਤੌਰ ‘ਤੇ ਪਹਿਨਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਲਾਲ, ਨੀਲਾ, ਹਰਾ, ਗੂੜ੍ਹਾ ਪੀਲਾ, ਸੰਤਰੀ, ਖਾਕੀ ਅਤੇ ਕਾਲਾ ਰੰਗ ਇਸ ਮੌਸਮ ਵਿਚ ਸਰੀਰਕ ਤੌਰ ‘ਤੇ ਗਰਮਾਹਟ ਤੇ ਮਨ ਨੂੰ ਰੂਹਾਨੀ ਖ਼ੁਸ਼ੀ ਦਿੰਦੇ ਹਨ। ਸਰਦੀਆਂ ਦੇ ਮੌਸਮ ਵਿਚ ਭਾਰੀ ਕੱਪੜੇ ਵੀ ਪਹਿਨੇ ਜਾ ਸਕਦੇ ਹਨ ਅਤੇ ਸ਼ਾਲ ਜਾਂ ਸਵੈਟਰ ਦੇ ਰੰਗ ਵੀ ਬਦਲੇ ਜਾ ਸਕਦੇ ਹਨ।

ਸਿਲਕ ਦੀ ਸਾੜ੍ਹੀ ਦੇ ਨਾਲ ਊਨੀ ਜਾਂ ਸ਼ਨੀਲ ਦਾ ਬਲਾਊਜ, ਜਿਸ ਦਾ ਰੰਗ ਸਾੜ੍ਹੀ ਦੇ ਰੰਗਾਂ ਨਾਲ ਮੈਚ ਕਰਦਾ ਹੋਵੇ ਜਾਂ ਉਸ ‘ਤੇ ਮੈਚਿੰਗ ਰੰਗ ਦੀ ਕਢਾਈ ਕੀਤੀ ਹੋਵੇ ਤਾਂ ਬੜਾ ਖ਼ੂਬਸੂਰਤ ਲੱਗੇਗਾ। ਪਸ਼ਮੀਨਾ, ਸੈਮੀ-ਪਸ਼ਮੀਨਾ ਤੇ ਕੁੱਲੂ ਘਾਟੀ ਦੇ ਸ਼ਾਲ, ਜੋ ਕਿ ਅਨੇਕਾਂ ਰੰਗਾਂ ਵਿਚ ਮਿਲਦੇ ਹਨ, ਵੀ ਸਾੜ੍ਹੀ ਤੇ ਸੂਟ ਦੇ ਨਾਲ ਮੈਚ ਕੀਤੇ ਜਾ ਸਕਦੇ ਹਨ। ਸਾੜ੍ਹੀ ਦੇ ਨਾਲ ਟਵਿੱਨ ਸਵੈਟਰ ਵੀ ਪਹਿਨਿਆ ਜਾ ਸਕਦਾ ਹੈ। ਇਸ ਦੇ ਉਪਰ ਵਾਲੇ ਸਵੈਟਰ ਦੇ ਖੱਬੇ ਮੋਢੇ ‘ਤੇ ਸਾੜ੍ਹੀ ਦਾ ਪੱਲੂ ਆ ਸਕਦਾ ਹੈ ਜਾਂ ਪੱਲੂ ਨੂੰ ਗਲੇ ਦੇ ਪਿੱਛੇ ਤੋਂ ਅੱਗੇ ਵੱਲ ਫੈਲਾਇਆ ਜਾ ਸਕਦਾ ਹੈ ਅਤੇ ਸਵੈਟਰ ਨੂੰ ਉਪਰ ਦੀ ਪਹਿਨ ਕੇ ਇਸ ਦੇ ਬਟਨ ਖੁੱਲ੍ਹੇ ਛੱਡੇ ਜਾਣ ਤਾਂ ਇਹ ਖ਼ੂਬ ਜਚਦਾ ਹੈ। ਜੇਕਰ ਤੁਸੀਂ ਸਾੜ੍ਹੀ ਦੇ ਨਾਲ ਬੰਦ ਗਲੇ ਦਾ ਸਵੈਟਰ ਪਹਿਨਣਾ ਚਾਹੁੰਦੇ ਹੋ ਤਾਂ ਸਾੜ੍ਹੀ ਦੀਆਂ ਪਲੇਟਾਂ ਥੋੜ੍ਹੀਆਂ ਜ਼ਿਆਦਾ ਕਰ ਲਓ ਅਤੇ ਪੱਲੂ ਨੂੰ ਮੋਢੇ ਤੱਕ ਨਾ ਲਿਜਾ ਕੇ ਸਗੋਂ ਕਮਰ ਵਿਚ ਹੀ ਲਪੇਟ ਕੇ ਫਸਾ ਲਵੋ। ਇੰਜ ਸਾੜ੍ਹੀ ਸਕੱਰਟ ਸ਼ੇਪ ਵਿਚ ਆ ਜਾਵੇਗੀ ਅਤੇ ਇਸ ਦੇ ਉਪਰ ਬੰਦ ਗਲੇ ਵਾਲਾ ਫੈਂਸੀ ਕਢਾਈ ਤੇ ਬੁਣਾਈ ਵਾਲਾ ਰੰਗਦਾਰ ਸਵੈਟਰ ਵੀ ਪਹਿਨਿਆ ਜਾ ਸਕਦਾ ਹੈ। ਇਸ ਸਟਾਈਲ ਦੀ ਸਾੜ੍ਹੀ ਖ਼ੂਬ ਜਚਦੀ ਹੈ। ਇਸ ਦੇ ਨਾਲ ਤੁਸੀਂ ਕਿਸੇ ਵੀ ਤਰ੍ਹਾਂ ਦਾ ਕਾਸਟਿਊਮ ਪਹਿਨ ਸਕਦੇ ਹੋ।

ਪ੍ਰੰਪਰਾਗਤ ਪਹਿਰਾਵੇ ਨਾਲ ਬੈਲੀ ਤੇ ਬੰਦ ਜਾਂ ਖੁੱਲ੍ਹੇ ਸੈਂਡਲ ਵੀ ਕਾਫ਼ੀ ਵਧੀਆ ਲੱਗਦੇ ਹਨ। ਜੇਕਰ ਤੁਹਾਡਾ ਪਰਸ !ਫੁੱਟਵੀਅਰ! (ਪੈਰਾਂ ਵਿਚ ਪਹਿਨੀ ਜੁੱਤੀ) ਦੇ ਰੰਗ ਨਾਲ ਮਿਲਦਾ ਹੋਵੇ ਤਾਂ ਜ਼ਿਆਦਾ ਵਧੀਆ ਲੱਗਦਾ ਹੈ। ਕਾਲੀ ਸੈਂਡਲ ਦੇ ਨਾਲ ਕਾਲਾ ਪਰਸ, ਸਫੈਦ ਸੈਂਡਲ ਦੇ ਨਾਲ ਸਫੈਦ ਪਰਸ ਤੇ ਲਾਲ ਸੈਂਡਲ ਦੇ ਨਾਲ ਲਾਲ ਪਰਸ ਲਵੋ। ਜੂੜੇ ਦਾ ਕਲਿੱਪ ਜਾਂ ਹੇਅਰ ਪਿੱਨ ਦਾ ਰੰਗ ਸਾੜ੍ਹੀ ਦੇ ਰੰਗ ਨਾਲ ਮੈਚ ਕੀਤਾ ਜਾਣਾ ਚਾਹੀਦਾ ਹੈ।

ਵਾਇਲ ਤੇ ਸ਼ਿਫਾਨ ਦੀ ਸਾੜ੍ਹੀ ਜਾਂ ਕਾਟਨ ਦੇ ਸੂਟ ਦੀ ਥਾਂ ਸਿਲਕ, ਹਾਫਸਿਲਕ ਸਾੜ੍ਹੀਆਂ ਅਤੇ ਕੋਟਸਬੂਲ ਦੀ ਡਰੈੱਸ ਵੀ ਪਹਿਨੀ ਜਾ ਸਕਦੀ ਹੈ। ਲਗਭਗ ਸਾਰੇ ਹੀ ਤੇਜ਼ ਰੰਗਾਂ ਦੇ ਸਵੈਟਰ ਟਵਿੱਨ ਸੈਟ ਵਿਚ ਵੀ ਪਹਿਨੇ ਜਾ ਸਕਦੇ ਹਨ, ਜਿਵੇਂ ਕਿ ਇਕ ਹੀ ਰੰਗ ਦੇ ਬਿਨਾਂ ਬਾਂਹਾਂ ਵਾਲੇ ਸਵੈਟਰ ਦੇ ਉੱਤੋਂ ਉਸੇ ਰੰਗ ਦਾ ਪਲੇਨ ਜਾਂ ਸੈਲਫ ਜਾਂ ਉਸ ਦੇ ਕੰਬੀਨੇਸ਼ਨ ਵਾਲਾ ਢਿੱਲਾ ਸਵੈਟਰ ਬਹੁਤ ਸੁੰਦਰ ਲਗਦਾ ਹੈ। ਪੱਛਮੀ ਪੋਸ਼ਾਕ ਦੇ ਨਾਲ ਛੋਟੇ-ਵੱਡੇ ਸਕਾਰਫ ਅਤੇ ਸ਼ਾਲ ਵੀ ਫਬਦੇ ਹਨ। ਸਕਾਰਫ ਗਲੇ ਦੁਆਲੇ ਗੱਠ ਲਗਾ ਕੇ ਜਾਂ ਕੇਵਲ ਇਕ ਪਾਸੇ ਮੋਢੇ ‘ਤੇ ਵੀ ਰੱਖਿਆ ਜਾ ਸਕਦਾ ਹੈ। ਰੰਗ-ਬਰੰਗੇ ਮੈਚਿੰਗ ਸ਼ਾਲ ਜਾਂ ਕੰਟਰਾਸਟ ਡਿਜ਼ਾਈਨ ਦੇ ਸ਼ਾਲ ਆਮ ਤਰੀਕੇ ਨਾਲ ਜਾਂ ਮਨੀਪੁਰੀ ਢੰਗ ਨਾਲ ਕਮਰ ਦੁਆਲੇ ਲਪੇਟ ਕੇ ਦੋਵੇਂ ਮੋਢਿਆਂ ‘ਤੇ ਖੁੱਲ੍ਹੇ ਵੀ ਛੱਡੇ ਜਾ ਸਕਦੇ ਹਨ। ਇਸ ਰੁੱਤ ਵਿਚ ਵੱਡੇ ਈਅਰ ਰਿੰਗ, ਗਲੇ ਦਾ ਹਾਰ, ਕਾਸਟਿਊਮ, ਗਹਿਣੇ, ਵਾਲੀਆਂ ਜਾਂ ਟਾਪਸ ਵੀ ਬੜੇ ਜਚਦੇ ਹਨ। ਈਅਰਰਿੰਗ ਜਾਂ ਝੁਮਕਿਆਂ ਦਾ ਰੰਗ ਤੁਹਾਡੀ ਸ਼ਰਟ, ਟਾਪ ਜਾਂ ਕੁੜਤੇ ਅਨੁਸਾਰ ਹੋਣਾ ਚਾਹੀਦਾ ਹੈ। ਪੱਛਮੀ ਪਹਿਰਾਵੇ ਨਾਲ ਹੋਰ ਵੀ ਅਨੇਕਾਂ ਪ੍ਰਯੋਗ ਕੀਤੇ ਜਾ ਸਕਦੇ ਹਨ। ਬੰਦ ਜੁੱਤੇ ਤੇ ਬੈਲੀ ਪਹਿਨੇ ਜਾ ਸਕਦੇ ਹਨ। ਚਮੜੀ ਰੰਗ ਮੁਤਾਬਿਕ ਜੁਰਾਬਾਂ ਦਾ ਰੰਗ ਹੋਣਾ ਚਾਹੀਦਾ ਹੈ।

ਸਰਦੀਆਂ ਦੇ ਮੌਸਮ ਵਿਚ ਮੇਕਅੱਪ ਵੀ ਗੂੜ੍ਹਾ ਹੋਣਾ ਚਾਹੀਦਾ ਹੈ। ਲਾਲ, ਮੈਰੂਨ, ਕਾਫੀ ਜਾਂ ਜਾਮਣੀ ਰੰਗ ਦੀ ਨੇਲ ਪਾਲਿਸ਼ ਅਤੇ ਲਿਪਸਟਿਕ ਬਹੁਤ ਸੁੰਦਰ ਲਗਦੀ ਹੈ। ਇਨ੍ਹਾਂ ਨੂੰ ਤੁਸੀਂ ਆਪਣੀ ਡਰੈੱਸ ਜਾਂ ਸਵੈਟਰ, ਸ਼ਾਲ ਦੇ ਰੰਗ ਨਾਲ ਮੈਚ ਕਰਕੇ ਪਹਿਨ ਸਕਦੇ ਹੋ। ਲਾਲ, ਨੀਲਾ, ਪੀਲਾ, ਹਰਾ ਅਤੇ ਕਾਲਾ ਰੰਗ ਸਰਦੀਆਂ ਦੇ ਮੌਸਮ ਦੇ ਰੰਗ ਮੰਨੇ ਜਾਂਦੇ ਹਨ ਅਤੇ ਇਹੀ ਰੰਗ ਇਸ ਮੌਸਮ ਵਿਚ ਖਿੜਨ ਵਾਲੇ ਫੁੱਲਾਂ ਦੇ ਹੁੰਦੇ ਹਨ। ਇਸ ਲਈ ਪ੍ਰਕਿਰਤੀ ਵਾਂਗ ਤੁਸੀਂ ਵੀ ਮਨਮੋਹਕ ਤੇ ਤੇਜ਼ ਰੰਗ ਪਹਿਨ ਕੇ ਕੁਦਰਤ ਦੀ ਰੀਸ ਕਰੋ, ਉਸ ਦੇ ਕਦਮ ਨਾਲ ਕਦਮ ਮਿਲਾ ਕੇ ਚੱਲੋ। ਉਹੋ ਜਿਹੀ ਪੋਸ਼ਾਕ ਪਹਿਨੋ ਅਤੇ ਉਸੇ ਵਰਗੇ ਸੁੰਦਰ ਤੇ ਸਦਾਬਹਾਰ ਤਾਜ਼ੇ ਵਿਖਾਈ ਦੇਵੋ ਤੇ ਫੁੱਲਾਂ ਵਾਂਗ ਆਲੇ-ਦੁਆਲੇ ਆਪਣੀ ਮੁਸਕਾਨ ਤੇ ਸ਼ਖ਼ਸੀਅਤ ਦਾ ਜਾਦੂ ਬਿਖ਼ੇਰੋ।

**ਮਿਸ ਗਲੋਰੀ**

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
’ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਅੱਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com



## BRIDE WANTED

Jat Sikh Gill family seeks a suitable match for their son, 29 yrs. old, 5’11” tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08


## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

## CHANGE OF NAME

I, Mandeep Kaur Hothi D/O Mohinder Singh, holder of Indian passport No. R9905323, issued at Jaipur, Rajasthan India & Indian Address 11 Z Ganganagar, Rajasthan, 335038, India, and presently residing at 2708, Caboose PL Abbotsford, B.C., V4X 0B8, Canada, do hereby change my name from Mandeep Kaur Hothi to Mandeep Kaur with immediate effect.

ਵਲੋਂ : ਗੱਜਣਵਾਲਾ ਸੁਖਮਿੰਦਰ
ਸੰਪਰਕ (ਵਟਸਐਪ): +91-99151-06449




ਅਸਟਰੇਲੀਆ 'ਚ ਸਾਡੇ ਘਰ ਦੇ ਲਾਗੇ ਪਾਰਕ ਹੈ। ਭਾਂਤ-ਭਾਂਤ ਦੇ ਲੋਕਾਂ ਦੀ ਰੌਣਕ ਲੱਗੀ ਰਹਿੰਦੀ। ਇੱਕ ਗੋਰੀ ਤੇ ਗੋਰਾ ਜਿਸ ਦਿਨ ਮੌਸਮ ਠੀਕ ਹੁੰਦਾ, ਦੋਨੋਂ ਖ਼ਾਸ ਊਬਰ ਟੈਕਸੀ ਮੈਕਸੀ 'ਚੋਂ ਉੱਥੇ ਉਤਾਰ ਦਿੱਤੇ ਜਾਂਦੇ; ਦੋਨੋਂ ਵ੍ਹੀਲ ਚੇਅਰਾਂ 'ਤੇ ਹੁੰਦੇ।

ਇੱਕ ਦਿਨ ਸੋਹਣਾ ਦਿਨ ਲੱਗਾ ਸੀ। ਉਨ੍ਹਾਂ ਨਾਲ ਹੈਲੋ ਹਾਏ ਕੀਤੀ। ਬਹੁਤ ਖ਼ੁਸ਼ ਹੋਏ। ਨਿੱਕੀਆਂ-ਨਿੱਕੀਆਂ ਗੱਲਾਂ ਜਿਹੀਆਂ ਚੱਲ ਪਈਆਂ ਤਾਂ ਮੈਂ ਕਿਹਾ- ਮੈਡਮ ਜੇ ਮਾਈਂਡ ਨਾ ਕਰੋ ਤੁਸੀਂ ਆਪਣੀ ਲਾਈਫ ਸਟੋਰੀ ਬਾਰੇ ਕੁਝ ਸ਼ੇਅਰ ਕਰ ਸਕਦੇ ਹੋ?

ਉਹ ਕਹਿੰਦੀ- ਮੇਰਾ ਨਾਮ ਮਾਰਟੀਨਾ ਤੇ ਇਨ੍ਹਾਂ ਦਾ ਜੈਕ। ਅਸੀਂ ਜਮਾਂਦਰੂ ਵਿਕਲਾਂਗ ਹਾਂ। ਸਾਡੇ ਹੱਥ ਪੈਰ ਟੇਡੇ ਹਨ, ਲੱਤਾਂ ਕੰਮ ਨਹੀਂ ਕਰਦੀਆਂ। ਅਸੀਂ ਤੁਰ ਫਿਰ ਨਹੀਂ ਸਕਦੇ। ਬਚਪਨ ਵਿੱਚ ਵਿਕਲਾਂਗ ਬੱਚਿਆਂ ਦੇ ਸਕੂਲ ਵਿੱਚ ਅਸੀਂ ਇਕੱਠੇ ਪੜ੍ਹਦੇ ਸਾਂ। ਉੱਥੇ ਪੜ੍ਹਦਿਆਂ ਨੇੜਤਾ ਹੋ ਗਈ। ਪਿਆਰ ਪੈ ਗਿਆ। ਜਦੋਂ ਉਡਾਰ ਹੋਏ ਤਾਂ ਅਸੀਂ ਤੈਅ ਕਰ ਲਿਆ- ਆਪਾਂ ਵਿਆਹ ਕਰਾਂਗੇ, ਇਕੱਠੇ ਹੀ ਜ਼ਿੰਦਗੀ ਬਿਤਾਵਾਂਗੇ। ਅਸੀਂ ਦੋਨੋਂ ਇਟੈਲੀਅਨ ਨਸਲ ਦੇ ਕਿਸਾਨ ਘਰਾਣਿਆ 'ਚੋਂ ਹਾਂ। ਮੇਰਾ ਪਿਤਾ ਚੰਗਾ ਪੜ੍ਹਿਆ ਲਿਖਿਆ ਅਮੀਰ ਬੰਦਾ ਸੀ। ਬਹੁਤ ਸਾਲ ਪਹਿਲਾਂ ਉਹ ਇੱਥੇ ਅਸਟਰੇਲੀਆਂ 'ਚ ਆ ਗਿਆ ਸੀ। ਉਸ ਨੇ ਬਹੁਤ ਜਾਇਦਾਦ ਬਣਾਈ। ਜਿਸ ਘਰ ਅਸੀਂ ਰਹਿ ਰਹੇ ਹਾਂ, ਉਹ ਮੇਰੇ ਪਿਤਾ ਨੇ ਹੀ ਦਿੱਤਾ ਹੈ।

ਫਿਰ ਜੈਕ ਬੋਲਿਆ- ਬਿਨਾਂ ਸ਼ੱਕ ਇਹ ਤਾਂ ਅਮੀਰ ਬਾਪ ਦੀ ਧੀ ਹੈ ਤੇ ਬਹੁਤ ਅਸੂਲ ਵਾਲੀ ਔਰਤ ਹੈ। ਮੇਰਾ ਬਾਪ ਤਾਂ ਆਮ ਦੇਸੀ ਕਿਸਾਨ ਘਰਾਣੇ ਦਾ ਹੈ। ਦੂਰ ਫਾਰਮਾਂ 'ਚ ਕੰਮ ਕਰਨ ਵਾਲਾ। ਖੁੱਲ੍ਹੇ ਡੁੱਲੇ ਸੁਭਾਅ ਵਾਲਾ। ਜਦੋਂ ਉਹ ਥੱਕਿਆ ਹੰਭਿਆ ਖੇਤੋਂ ਘਰ ਆਉਂਦਾ ਤਾਂ ਵਾਈਨ ਦੇ ਪੈੱਗ ਲਾਉਂਦਾ। ਫਿਰ ਜਦੋਂ ਉਹ ਇੱਧਰ ਆ ਗਿਆ ਤਾਂ ਮੈਂ ਵੀ ਉਸ ਨੂੰ ਦੇਖ ਕੇ ਬੀਅਰ ਪੀਣ ਲੱਗ ਪਿਆ। ਮੈਂ ਪਹਿਲਾਂ ਤਾਂ ਬਹੁਤ ਪੀ ਜਾਂਦਾ ਸੀ, ਹੁਣ ਬਹੁਤ ਘਟ ਗਈ ਹੈ। ਮਾਰਟੀਨਾ ਮੈਨੂੰ ਬਹੁਤ ਕੌੜਦੀ ਰਹਿੰਦੀ; ਇਹਨੂੰ ਮੇਰਾ ਇਹ ਸ਼ੌਕ ਪਸੰਦ ਨਹੀਂ। ਸਾਨੂੰ ਵ੍ਹੀਲ ਚੇਅਰ 'ਤੇ ਰਹਿਣਾ ਪੈਂਦਾ, ਲੋਕਾਂ ਵਾਂਗ ਆਵਦੀ ਮਰਜ਼ੀ ਮੁਤਾਬਕ ਕਿੱਧਰੇ ਆ ਜਾ ਨਹੀਂ ਸਕਦੇ। ਹੁਣ ਤਾਂ ਦਿੱਤੀ ਹੋਈ ਇਸੇ ਜ਼ਿੰਦਗੀ ਦੇ ਆਦੀ ਜਿਹੇ ਹੋ ਗਏ ਹਾਂ। ਵ੍ਹੀਲ ਚੇਅਰ ਸਾਡੀ ਜ਼ਿੰਦਗੀ ਦਾ ਹਿੱਸਾ ਬਣ ਚੁੱਕੀ ਹੈ। ਅਸੀਂ ਮੌਜੂਦਾ ਹਾਲਾਤ ਵਿੱਚ ਪੂਰੇ ਖ਼ੁਸ਼ ਹਾਂ; ਉਸ ਰੱਬ ਦੇ ਸ਼ੁਕਰਗੁਜ਼ਾਰ ਹਾਂ।

ਫਿਰ ਮਾਰਟੀਨਾ ਬੋਲੀ- ਜਿਸ ਦਿਨ ਮੌਸਮ ਠੀਕ ਹੁੰਦਾ, ਮੀਂਹ ਹਵਾ ਨਹੀਂ ਵਗਦੀ ਹੁੰਦੀ ਤਾਂ ਅਸੀਂ ਲਾਜ਼ਮੀ ਇਸ ਪਾਰਕ ਜਾਂ ਹੋਰ ਕਿਤੇ ਚਲੇ ਜਾਂਦੇ ਹਾਂ। ਖ਼ੁਸ਼ੀ ਮਿਲਦੀ 20-25 ਮਿੰਟ ਲਾ ਕੇ ਪਾਰਕ ਵਿੱਚ। ਇੱਥੇ ਖੁੱਲ੍ਹੇ ਅਸਮਾਨ ਥੱਲੇ ਘੁੰਮ ਫਿਰ ਲੈਂਦੇ ਹਾਂ। ਫਲ ਵਗੈਰਾ ਜਾਂ ਹੋਰ ਸਨੈਕਸ ਵਗੈਰਾ ਇੱਥੇ ਖਾ ਲਈਦਾ।

ਜੈਕ ਆਂਹਦਾ- ਏਸ ਮਾਰਟੀਨਾ ਨੂੰ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਕ ਹੈ। ਨਵੀਆਂ ਕਿਤਾਬਾਂ ਮੰਗਵਾਈ ਰੱਖਦੀ ਹੈ। ਇਹਨੇ ਕੋਰਸ ਵਗੈਰਾ ਕੀਤਾ ਹੈ, ਹੁਣ ਤਾਂ ਉਮਰ ਇਹਦੀ ਉਹੋ ਜਿਹੀ ਨਹੀਂ ਰਹੀ; ਪਹਿਲਾਂ ਇਹ ਕੋਰਟ ਵਿੱਚ ਵਿਕਲਾਂਗਾਂ ਦੇ ਕੇਸ ਮੁਫ਼ਤ ਲੜਦੀ ਰਹੀ ਹੈ। ਅਸਟਰੇਲੀਅਨ ਨਾਗਰਿਕ ਹੋਣ ਦੇ ਨਾਤੇ ਸਾਨੂੰ ਸਾਰੀਆਂ ਸੁੱਖ ਸਹੂਲਤਾਂ ਮਿਲਦੀਆਂ। ਸਰਕਾਰ ਨੇ ਸਾਡੀ ਦੇਖਭਾਲ ਲਈ ਕੇਅਰ ਦਿੱਤੇ ਹੋਏ ਹਨ। ਉਹ ਸੁਬ੍ਹਾ ਸ਼ਾਮ ਆਉਂਦੇ ਤੇ ਸਾਨੂੰ ਨੁਹਾ ਧੁਆ ਕੇ ਭੋਜਨ ਪਾਣੀ ਕਰਵਾ ਕੇ ਜਾਂਦੇ। ਪੈਨਸ਼ਨ ਲੱਗੀ ਹੋਈ ਐ, ਬਿਜਲੀ ਪਾਣੀ ਦੇ ਬਿੱਲ ਵਗੈਰਾ ਦੇ ਛੱਡੀਦੇ।

ਫਿਰ ਮਾਰਟੀਨਾ ਬੋਲੀ- ਜੈਕ ਠੀਕ ਕਹਿੰਦਾ; ਮੈਨੂੰ ਵਰਲਡ ਲਿਟਰੇਚਰ ਪੜ੍ਹਨ ਦਾ ਬਹੁਤ ਸ਼ੌਕ ਹੈ ਪਰ ਜੈਕ ਨੂੰ ਨਹੀਂ। ਇਹਦੇ 'ਚੋਂ ਦੇਸੀ ਪੁਣਾ ਅਜੇ ਵੀ ਗਿਆ ਨਹੀਂ। ਪੀ ਕੇ ਇਹ ਆਵਦੀਆਂ ਤਾਰਾਂ ਪਿੱਛੇ ਆਵਦੇ ਦੇਸ਼ ਦੇ ਖੇਤਾਂ ਨਾਲ ਹੀ ਜੋੜੀ ਫਿਰਦਾ ਰਹਿੰਦਾ। ਇਹ ਬੀਅਰ ਵਗੈਰਾ ਪੀ ਕੇ ਪਤਾ ਨਹੀਂ ਕਦੇ-ਕਦੇ ਇਹਨੂੰ ਕੀ ਹੋ ਜਾਂਦਾ, ਇਕੱਲਾ ਬੈਠਾ ਹੀ ਹਵਾ ਨੂੰ ਬੁਰਾ ਭਲਾ ਕਹਿਣ ਲੱਗ ਪੈਂਦਾ। ਇਹਦਾ ਪਿਉ ਵੀ ਦਾਰੂ ਦਾ ਸ਼ੌਕੀਨ ਸੀ। ਉਹ ਵੀ ਖਾਲਸ ਦੇਸੀ ਫਾਰਮਰ ਸੀ। ਇਹ ਦਿਨ ਤਿਉਹਾਰ 'ਤੇ ਜਦੋਂ ਆਪਣੇ ਪਿਤਾ ਨੂੰ ਮਿਲਣ ਜਾਂਦਾ ਤਾਂ ਉਹ ਵੀ ਇਹਨੂੰ ਵਧੀਆ ਵਾਈਨ ਦੇ ਕੇ ਤੋਰਦਾ। ਇਹ ਤਾਂ ਹੁਣ ਵੀ ਅਖ਼ਬਾਰ ਆਵਦੇ ਦੇਸ਼ ਦੇ ਈ ਪੜ੍ਹਦਾ।... ਅਸੀਂ ਅਲੱਗ-ਅਲੱਗ ਕਮਰਿਆਂ 'ਚ ਰਹਿੰਦੇ ਹਾਂ। ਜੈਕ ਤਾਂ ਟੀਵੀ ਚੈਨਲ ਤੇ ਫਿਲਮਾਂ ਵੀ ਆਵਦੇ ਦੇਸ਼ ਇਟਲੀ ਦੀਆਂ ਹੀ ਦੇਖਦਾ। ਘਰੇ ਅਸੀਂ ਇਟੈਲੀਅਨ ਹੀ ਬੋਲਦੇ ਆਂ। ਗੁੱਸਾ ਗਿ਼ਲਾ ਵੀ ਆਵਦੀ ਭਾਸ਼ਾ ਵਿੱਚ ਹੀ ਕੱਢ ਲਈਦਾ।

ਮਾਰਟੀਨਾ ਹਲਕਾ ਜਿਹਾ ਮੁਸਕਰਾ ਕੇ ਆਂਹਦੀ- ਜਦੋਂ ਅਸੀਂ ਚਰਚ ਵਿੱਚ ਵਿਆਹ ਕਰਾਉਣ ਗਏ ਤਾਂ ਪਾਦਰੀ ਨੇ ਰਸਮ ਕਰਨ ਤੋਂ ਨਾਂਹ ਕਰ ਦਿੱਤੀ। ਜੈਕ ਨੂੰ ਪਤਾ ਨਹੀਂ ਸੀ, ਇਹ ਬੀਅਰ ਪੀ ਕੇ ਚਲਾ ਗਿਆ ਸੀ। ਇਸਾਈ ਮੱਤ ਵਿਚ ਉਸ ਵੇਲੇ ਜੇ ਕਿਸੇ ਦੀ ਡਰਿੰਕ ਕੀਤੀ ਹੋਵੇ ਤਾਂ ਪਾਦਰੀ ਵਿਆਹ ਕਰਨ ਤੋਂ ਨਾਂਹ ਕਰ ਸਕਦਾ। ਬਾਅਦ ਵਿਚ ਕਿਸੇ ਹੋਰ ਪਾਦਰੀ ਨੇ ਸਾਡੀ ਮੈਰਿਜ ਰਜਿਸਟਰਡ ਕਰ ਦਿੱਤੀ। ਸਾਡੇ ਕੋਈ ਬੱਚਾ ਨਹੀਂ ਪਰ ਕੋਈ ਝੋਰਾ ਵੀ ਨਹੀਂ। ਵਿਆਹ ਤੋਂ ਪਹਿਲਾਂ ਹੀ ਡਾਕਟਰ ਨੇ ਦੱਸ ਦਿੱਤਾ ਸੀ, ਤੁਹਾਡੇ ਬੱਚਾ ਨਹੀਂ ਹੋਣਾ। ਹਾਂ, ਸਿਹਤ ਦਾ ਅਸੀਂ ਬਹੁਤ ਖਿਆਲ ਰੱਖਦੇ ਹਾਂ। ਹਰ ਹਫ਼ਤੇ ਆਪਣਾ ਮੈਡੀਕਲ ਚੈੱਕਅਪ ਕਰਾਂਉਂਦੇ ਹਾਂ। ਸ਼ੂਗਰ, ਬਲੱਡ ਟੈਸਟ ਕਰਵਾਉਂਦੇ ਰਹਿੰਦੇ ਹਾਂ। ਐਤਵਾਰ ਨੂੰ ਚਰਚ ਵੀ ਜਾਂਦੇ ਹਾਂ। ਥੋੜ੍ਹਾ ਬਹੁਤ ਪੁੰਨ ਦਾਨ ਵੀ ਕਰ ਲਈਦਾ।

ਹਾਂ ਸਾਨੂੰ ਉਹ ਬੰਦੇ ਬਿਲਕੁਲ ਚੰਗੇ ਨਹੀਂ ਲਗਦੇ ਜੋ ਸਾਨੂੰ ਅਪਾਹਜ ਦੇਖ ਕੇ ਸਾਡੇ 'ਤੇ ਤਰਸ ਜਤਾਉਂਦੇ। ਉਹ ਸਾਨੂੰ ਚੰਗੇ ਭਲਿਆਂ ਨੂੰ ਨਿਰਾਸ਼ ਕਰਦੇ, ਸਾਡਾ ਮਨੋਬਲ ਡੇਗਦੇ। ਲੋਕਾਂ ਨੂੰ ਕੀ ਕਹੀਏ, ਅਸੀਂ ਸੋਹਣਾ ਬੋਲਦੇ ਆਂ, ਚੰਗਾ ਦੇਖਦੇ ਆਂ, ਮਰਜ਼ੀ ਦਾ ਖਾਂਦੇ ਪੀਂਦੇ ਹਾਂ, ਸੈਰਾਂ ਪਿਕਨਿਕਾਂ ਕਰਦੇ ਹਾਂ; ਦੱਸੋ ਕਿਹੜੀ ਗੱਲੋਂ ਘੱਟ ਹਾਂ...।

ਫਿਰ ਕਈ ਦਿਨ ਮੌਸਮ ਖਰਾਬ ਜਿਹਾ ਰਹਿਣ ਕਰ ਕੇ ਮਾਰਟੀਨਾ ਤੇ ਜੈਕ ਕੋਈ ਡੇਢ ਮਹੀਨਾ ਪਾਰਕ ਵਿੱਚ ਨਹੀਂ ਆਏ। ਇੱਕ ਦਿਨ ਸੋਹਣੀ ਧੁੱਪ ਨਿੱਕਲੀ ਹੋਈ ਸੀ। ਹਵਾ ਬੰਦ ਸੀ। ਉਸ ਦਿਨ ਟੈਕਸੀ 'ਚੋਂ 'ਕੱਲੀ ਮਾਰਟੀਨਾ ਹੀ ਉੱਤਰੀ। ਕੁਝ ਉਦਾਸ ਜਿਹੀ ਸੀ। ਜੈਕ ਦੇ ਨਾ ਆਉਣ ਬਾਰੇ ਪੁੱਛਿਆ ਤਾਂ ਮਾਰਟੀਨਾ ਬੋਲੀ- ਉਹ ਕੁਝ ਢਿੱਲਾ ਜਿਹਾ ਚੱਲ ਰਿਹਾ।

ਬਹੁਤ ਉਦਾਸ ਹੈ। ਉਮਰ ਵੀ ਉਸ ਦੀ ਸੱਠਾਂ ਤੋਂ ਉੱਪਰ ਹੋ ਗਈ ਹੈ। ਬਿਮਾਰੀ ਤਾਂ ਕੋਈ ਖ਼ਾਸ ਨਹੀਂ ਜਾਪਦੀ ਪਰ ਪਤਾ ਨਹੀਂ, ਢੇਰੀ ਜਿਹੀ ਢਾਹੀ ਪਿਆ। ਦਰੇਗਿਆ ਜਿਹਾ ਪਿਆ। ਰਿਹਾੜ ਜਿਹੀ ਕਰੀ ਜਾ ਰਿਹਾ। ਬਥੇਰੀ ਹੱਲਾਸ਼ੇਰੀ ਦੇਣ ਦੀ ਕੋਸ਼ਿਸ਼ ਕੀਤੀ... ਜੈਕ ਦਿਨ ਖੁੱਲ੍ਹੇ ਹੋ ਜਾਣ... ਅਗਲੇ ਮਹੀਨੇ ਆਪਣੇ ਦੇਸ਼ ਹੋ ਆਵਾਂਗੇ ਪਰ ਉਹ ਅਜੀਬ ਜਿਹੀ ਰਟ ਲਾਈ ਬੈਠਾ। ਇਹੀ ਕਹੀ ਜਾਂਦਾ- ਮੈਨੂੰ ਮੇਰੇ ਦੇਸ਼ ਛੱਡ ਆਉ... ਮੈਂ ਆਵਦੇ ਲੋਕ ਦੇਖਣੇ। ਮੈਂ ਆਵਦੇ ਖੇਤ ਦੇਖਣੇ। ਮੈਨੂੰ ਮੇਰੇ ਦੇਸ਼ ਛੱਡ ਆਉ, ਕਿਤੇ ਇੱਥੇ ਈ ਨਾ ਰਹਿ ਜਾਂ। ਮੈਨੂੰ ਮੇਰੇ ਵਡੇਰਿਆਂ ਦੀ ਮਿੱਟੀ 'ਤੇ ਲੈ ਜੋ।... ਬਾਹਲਾ ਈ ਹੇਰਵਾ ਜਿਹਾ ਕਰੀ ਜਾਂਦਾ; ਪਤਾ ਨਹੀਂ ਕਾਹਤੋਂ ਓਦਰਿਆ ਜਿਹਾ ਪਿਆ

# ਕੀ ਆਪ ਪਾਰਟੀ ਪੰਜਾਬ ਵਿਚ ਆਪਣੀ ਹੋਂਦ ਕਾਇਮ ਰਖ ਸਕੇਗੀ ?

**ਵਲੋਂ : ਦਰਬਾਰਾ ਸਿੰਘ ਕਾਹਲੋਂ**

16 ਮਾਰਚ, 2022 ਤੋਂ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਚੱਲ ਰਹੀ ਹੈ। ਪੰਜਾਬੀਆਂ ਨੂੰ ਚੜ੍ਹਦੇ ਪੰਜਾਬ ਵਿੱਚ ਦੇਸ਼ ਅਜ਼ਾਦੀ ਬਾਅਦ ਜਿਵੇਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਗਠਜੋੜ ਸਰਕਾਰਾਂ ਜਿਵੇਂ ਲੁੱਟਿਆ, ਕੁੱਟਿਆ, ਨੌਜਵਾਨੀ ਦਾ ਜਾਣ ਬੁੱਝ ਕੇ ਖਾਸ ਕਰਕੇ ਸਿੱਖ ਨੌਜਵਾਨੀ ਦਾ ਫੌਜੀ ਕਾਰਵਾਈਆਂ ਅਤੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਘਾਣ ਕੀਤਾ, ਹਿੰਦੂ-ਸਿੱਖ-ਦਲਿਤ ਭਾਈਚਾਰਿਆਂ ਦਰਮਿਆਨ ਅਸਫ਼ਲ ਟਕਰਾਅ, ਭਾਸ਼ਾ, ਸੰਸਕ੍ਰਿਤੀ ਅਤੇ ਭੇਦਭਾਵ ਜ਼ਰੀਏ ਪੈਦਾ ਕਰਨ ਦੇ ਯਤਨ ਕੀਤੇ, 'ਪੰਜਾਬ ਜਿਊਂਦਾ ਗੁਰਾਂ ਦੇ ਨਾਂਅ 'ਤੇ' ਅਤੇ ਸਰਬ ਸਾਂਝੀਵਾਲਤਾ ਉੱਚਤਮ ਪੈਗਾਮਾਂ ਨੂੰ ਤਾਰਪੀਡੋ ਕਰਨ ਦਾ ਯਤਨ ਕੀਤਾ, ਉੱਚੀ ਰਾਜਨੀਤਕ ਜਮਾਤ ਨੇ ਨਸ਼ੀਲੇ ਪਦਾਰਥਾਂ, ਗੈਂਗਸਟਰਵਾਦ, ਸਮਾਜਿਕ ਅਤੇ ਧਾਰਮਿਕ ਹਿੰਸਾ, ਬੇਰੋਜ਼ਗਾਰੀ, ਭਿਖਾਰੀ ਉਜਰਤ, ਠੇਕਾ ਸਿਸਟਮ, ਆਊਟਸੋਰਸਿੰਗ, ਗਲੀ-ਗਲੀ, ਮੁਹੱਲੇ-ਮੁਹੱਲੇ ਦੇਹ ਵਪਾਰ ਕੇਂਦਰਾਂ, ਘਟੀਆਂ ਤਕਨੀਕੀ, ਸਾਇੰਸੀ ਇਲੈਕਟ੍ਰਾਨਿਕ ਵਪਾਰਕ ਸਿੱਖਿਆ ਅਦਾਰਿਆਂ, ਮੌਜ ਮਸਤੀ ਵਪਾਰਕ ਯੂਨੀਵਰਸਿਟੀਆਂ, ਖੁੱਲ੍ਹਮ ਖੁੱਲ੍ਹੀ ਨਕਲ, ਅਮਨ ਕਾਨੂੰਨ ਅਤੇ ਇਨਸਾਫ ਦੇ ਦੀਵਾਲੀਏਪਣ ਰਾਹੀਂ 'ਪੰਜਾਬ ਬਸਤੀਵਾਦੀ ਸਿਸਟਮ' ਪੈਦਾ ਕੀਤਾ, ਇਸ ਤੋਂ ਬੁਰੀ ਤਰ੍ਹਾਂ ਬੇਜ਼ਾਰ ਹੋ ਚੁੱਕੇ ਸਨ। ਕਦੇ ਨੰਬਰ ਇੱਕ ਭਾਰਤ ਦੇ ਤਾਜ ਦਾ ਇਹ ਮੁਕਟ 17ਵੇਂ ਪ੍ਰਤੀ ਜੀਅ ਆਮਦਨ ਦੇ ਪਾਏਦਾਨ 'ਤੇ ਗਿਰ ਕੇ ਪੈਰਾਂ ਵਿੱਚ ਰੁਲਣ ਲਈ ਮਜਬੂਰ ਹੋ ਚੁੱਕਾ ਸੀ। ਸਨਅਤ ਪਲਾਇਨ ਕਰ ਗਈ, ਪੈਦਾਵਾਰ ਮੂਧੇ ਮੂੰਹ ਡਿਗ ਪਈ, ਬੇਰੋਜ਼ਗਾਰੀ ਅਤੇ ਗੈਰ ਨਿਪੁੰਨਤਾ ਗਲ-ਗਲ ਚੜ੍ਹ ਗਈ। ਪ੍ਰਸ਼ਾਸਨਿਕ ਗੁਣਵੱਤਾ ਭ੍ਰਿਸ਼ਟਾਚਾਰ, ਦੁਰਾਚਾਰ, ਨਾ ਅਹਿਲੀਅਤ ਦੀ ਭੇਂਟ ਚੜ੍ਹ ਗਈ। ਭ੍ਰਿਸ਼ਟ ਪਰਿਵਾਰਵਾਦੀ, ਸ਼ੈਤਾਨ ਅਤੇ ਸਵਾਰਥੀ ਰਾਜਕੀ ਸੰਸਥਾਵਾਂ ਦਾ ਘਾਣ, ਪੰਜਾਬ ਦੇ ਹੱਕਾਂ ਅਤੇ ਹਿਤਾਂ ਨੂੰ ਬੋਲੀ 'ਤੇ ਵੇਚਣ ਵਾਲੇ ਰਾਜਨੀਤੀਵਾਨਾਂ ਨੇ ਪ੍ਰਸ਼ਾਸਨਿਕ ਅਫਸਰਸ਼ਾਹੀ ਉੱਤੇ ਕਾਠੀ ਪਾ ਲਈ।

ਆਮ ਆਦਮੀ ਪਾਰਟੀ ਸੁਪਰੀਮੋ ਲਾਲਾ ਅਰਵਿੰਦ ਕੇਜਰੀਵਾਲ ਅਤੇ ਉਸਦੀ ਚੱਕਰਵਿਊ ਮਾਹਿਰ ਟੀਮ ਨੇ ਪੰਜਾਬ ਅੰਦਰ ਭਗਵੰਤ ਮਾਨ ਸਰਕਾਰ ਨੂੰ ਪੰਜਾਬੀਆਂ ਦੀਆਂ ਇੱਛਾਵਾਂ, ਅਭਿਲਾਸ਼ਾਵਾਂ ਆਧਾਰਿਤ ਵਿਕਾਸਮਈ, ਭ੍ਰਿਸ਼ਟਾਚਾਰ ਰਹਿਤ, ਜਨਤਕ ਸ਼ਮੂਲੀਅਤ ਰਾਹੀਂ ਇੱਕ ਪਲ ਵੀ ਅਜ਼ਾਦਾਨਾ ਅਤੇ ਮੁਨਸਫਾਨਾ ਤੌਰ 'ਤੇ ਚਲਾਉਣ ਦੀ ਇਜਾਜ਼ਤ ਨਾ ਦਿੱਤੀ।

ਭਗਵੰਤ ਮਾਨ ਨੇ ਭ੍ਰਿਸ਼ਟਾਚਾਰ ਰਹਿਤ ਸ਼ਾਸਨ ਦੇਣ ਲਈ ਵਿਜੇ ਸਿੰਗਲਾ, ਫੌਜਾ ਸਿੰਘ ਸਰਾਰੀ ਮੰਤਰੀ ਚਲਦੇ ਕੀਤੇ। ਅਮਿਤ ਰਤਨ ਕੋਟਫੱਤਾ ਵਿਧਾਇਕ ਬਠਿੰਡਾ ਦਿਹਾਤੀ ਧਰ ਲਿਆ। ਅੱਜ ਵੀ ਦੋ ਵਿਧਾਇਕ ਭ੍ਰਿਸ਼ਟਾਚਾਰੀ ਦੋਸ਼ਾਂ ਵਿੱਚ ਉਸਦੇ ਨਿਸ਼ਾਨੇ 'ਤੇ ਹਨ ਲੇਕਿਨ ਲਾਲਾ ਕੇਜਰੀਵਾਲ ਦੇ 177 ਦਿਨ ਤਿਹਾੜ ਜੇਲ੍ਹ ਵਿੱਚ ਐਕਸਾਈਜ਼ ਨੀਤੀ ਭ੍ਰਿਸ਼ਟਾਚਾਰ ਕੇਸ ਵਿੱਚ ਬੰਦ ਰਹਿਣ ਉਪਰੰਤ ਪੰਜਾਬ ਕੈਬਨਿਟ, ਸਰਕਾਰ ਅਤੇ ਪ੍ਰਸ਼ਾਸਨ 'ਤੇ ਉਨ੍ਹਾਂ ਪਕੜ ਪੀਢੀ ਹੁੰਦੀ ਲੱਗ ਰਹੀ ਹੈ। ਦਿੱਲੀ ਦੇ ਮੁੱਖ ਮੰਤਰੀ ਪਦ ਤੋਂ ਅਸਤੀਫਾ ਦੇਣ ਬਾਅਦ ਹੁਣ ਉਹ ਪੰਜਾਬ ਅੰਦਰ ਮੰਨ ਚਾਹੇ ਦਖਲ ਲਈ ਆਜ਼ਾਦ ਹੋ ਚੁੱਕੇ ਹਨ।

**ਬਦਲਾਅ:**

ਪੰਜਾਬ ਵਿੱਚ ਪਿਛਲੇ ਢਾਈ ਸਾਲਾਂ ਦੇ ਆਮ ਆਦਮੀ ਪਾਰਟੀ ਸ਼ਾਸਨ ਸੰਬੰਧੀ ਰੌਸ਼ਨੀ ਦੀ ਕਿਰਨ ਦੀ ਥਾਂ ਅੰਧੇਰੀ ਗੁਫਾ ਦਾ ਬੇਚੈਨੀ ਭਰਿਆ ਮਾਹੌਲ ਪਸਰਦਾ ਨਜ਼ਰ ਆ ਰਿਹਾ ਹੈ। ਇਸਦਾ ਟੈਸਟ ਸੰਨ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਸਾਹਮਣੇ ਆ ਚੁੱਕਾ ਹੈ। ਭਗਵੰਤ ਮਾਨ ਦੀ ਕਮਾਨ ਬੁਰੀ ਤਰ੍ਹਾਂ ਨਾਕਾਮ ਅਤੇ 32 ਦੰਦਾਂ ਵਿੱਚੋਂ ਨਿਕਲਣ ਵਾਲੇ ਸੱਚ ਦਾ ਦਾਅਵਾ ਝੂਠਾ ਸਾਬਤ ਹੋਇਆ। ਲੋਕ ਸਭਾ ਦੀਆਂ 13 ਸੀਟਾਂ ਵਿੱਚੋਂ ਸ਼ਰਮਨਾਕ 3 ਹਾਸਲ ਹੋਈਆਂ। ਪੰਜਾਬੀਆਂ ਨੇ ਬਦਲਾਅ ਦਾ ਸ਼ੀਸ਼ਾ ਵਿਖਾ ਦਿੱਤਾ।




**ਹਕੀਕਤਾਂ:**

ਗਵੰਤ ਮਾਨ ਸਰਕਾਰ ਨੇ 300 ਯੂਨਿਟ ਪ੍ਰਤੀ ਮਾਹ ਮੁਫ਼ਤ ਬਿਜਲੀ, ਔਰਤਾਂ ਨੂੰ ਮੁਫ਼ਤ ਬੱਸ ਸੇਵਾ, 45560 ਰੋਜ਼ਗਾਰ ਭ੍ਰਿਸ਼ਟਾਚਾਰ ਮੁਕਤ ਜ਼ਰੂਰ ਦਿੱਤੇ। ਲਮਕ ਰਹੇ 1158 ਕਾਲਜ ਅਸਿਸਟੈਂਟ ਪ੍ਰੋਫੈਸਰਾਂ ਦੇ ਕੇਸ ਦੀ ਜਿੱਤ ਵਿੱਚ ਯੋਗਦਾਨ ਪਾਇਆ। ਪਰ ਨਸ਼ਾ ਤਸਕਰੀ, ਗਲੀ-ਗਲੀ ਨਸ਼ਾ ਵਿਕਰੀ, ਨਜਾਇਜ਼ ਮਾਈਨਿੰਗ, ਪ੍ਰਸ਼ਾਸਨਿਕ ਭ੍ਰਿਸ਼ਟਾਚਾਰ, ਰਾਜਨੀਤੀਵਾਨਾਂ ਵੱਲੋਂ ਕੰਮ ਕਰਾਉਣ ਬਦਲੇ ਭ੍ਰਿਸ਼ਟਾਚਾਰ, ਅਮਨ-ਕਾਨੂੰਨ, ਕਿਸਾਨ ਖੁਦਕੁਸ਼ੀਆਂ, ਬੇਰੋਜ਼ਗਾਰਾਂ ਵੱਲੋਂ ਆਏ ਦਿਨ ਸਰਕਾਰ ਦਾ ਪਿੱਟ-ਸਿਆਪਾ, ਪੁਲਿਸ ਵੱਲੋਂ ਲਗਾਤਾਰ ਕੁਟਾਪਾ, ਸ਼ਰਮਨਾਕ ਵੀ ਆਈ ਪੀ ਸੱਭਿਆਚਾਰ, ਸੁਰੱਖਿਆ ਗਾਰਡਾਂ ਦੀ ਭੀੜ, ਰਾਜ ਵਿੱਚ ਨਿਵੇਸ਼ ਅਤੇ ਨਵੀਂਆਂ ਸਨਅਤਾਂ ਸਥਾਪਿਤ ਕਰਨ, ਪਲਾਇਨ ਕਰਤਾ ਸਨਅਤਾਂ ਰੋਕਣ, ਆਏ ਮਹੀਨੇ ਕਰਜ਼ਾ ਲੈ ਕੇ ਸਰਕਾਰ ਚਲਾਉਣ (ਭਾਵ ਹੁਣ ਤਕ 80000 ਕਰੋੜ) ਇਸਦਾ ਸਲਾਨਾ ਬਿਆਜ 25000 ਕਰੋੜ ਤਕ ਪੁੱਜਣ, ਫਸਲੀ ਵਿਭਿੰਨਤਾ ਵੱਲ ਕਦਮ ਚੁੱਕਣ, ਇਮਤਿਹਾਨਾਂ ਵਿੱਚ ਨਕਲ ਰੋਕਣ, ਵਿੱਦਿਆ ਦਾ ਮਿਆਰ ਉੱਪਰ ਚੁੱਕਣ, ਪਾਣੀਆਂ ਅਤੇ ਰਾਜਧਾਨੀ ਦੇ ਮਸਲੇ ਦਾ ਹੱਲ, ਪਾਣੀ ਦੀ ਧਰਤੀ ਹੇਠ ਸਤਹ ਲਗਾਤਾਰ ਗਿਰਨੋਂ ਰੋਕਣ, ਕੇਂਦਰ ਸਰਕਾਰ ਨਾਲ ਸਾਜ਼ਗਾਰ ਸੰਬੰਧ ਕਾਇਮ ਰੱਖਣ, ਸਿਹਤ ਸਿਸਟਮ ਸੁਧਾਰਨ, ਐਕਸਾਈਜ਼ ਨੀਤੀ ਤੋਂ ਧੰਨ ਕਮਾਉਣ ਦੇ ਦਾਅਵੇ ਪੂਰੇ ਕਰਨ, ਮਰੀ ਮੁਰਗੀ ਅਤੇ ਬੱਕਰੀ ਦੇ ਹੜ੍ਹਾਂ ਨਾਲ ਨੁਕਸਾਨ ਸੰਬੰਧੀ ਮੁਆਵਜ਼ੇ ਦੇਣ, ਅਫਸਰਸ਼ਾਹੀ ਤੇ ਨਕੇਲ ਕੱਸਣ ਆਦਿ ਪੱਖੋਂ ਸਰਕਾਰ ਬੁਰੀ ਤਰ੍ਹਾਂ ਨਾਕਾਮ ਨਜ਼ਰ ਆਈ।

ਪਰ ਮੁਫ਼ਤ ਬਿਜਲੀ ਕਰਕੇ ਸਰਕਾਰ ਸਿਰ ਸਲਾਨਾ 19000 ਕਰੋੜ ਕਰਜ਼, ਡੀਜ਼ਲ-ਪੈਟਰੋਲ ਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਜਨਤਾ 'ਤੇ 2800 ਕਰੋੜ ਦਾ ਭਾਰ ਲੱਦਣ, ਬੱਸ ਕਰਾਇਆ ਘੱਟੋ-ਘੱਟ 15 ਰੁਪਏ ਭਾਵੇਂ ਕੋਈ ਬੱਸ ਦੀ ਪਿਛਲੀ ਬਾਰੀ ਵਿੱਚੋਂ ਵੜ ਕੇ ਮੂਹਰਲੀ ਵਿੱਚੋਂ ਬਾਹਰ ਨਿਕਲ ਜਾਏ, ਪੱਛਮੀ ਦੇਸ਼ਾਂ ਵਾਂਗ ਅਮੀਰਾਂ 'ਤੇ ਟੈਕਸ ਲਾਉਣ ਤੋਂ ਨਾਕਾਮ ਰਹਿਣ ਨੇ ਸਰਕਾਰ ਦੀ ਛਵ੍ਹੀ ਨੂੰ ਵਿਗਾੜਿਆ।

ਕੇਜਰੀਵਾਲ ਦੀ ਤਰਜ਼ 'ਤੇ ਪੰਜਾਬ ਵਿੱਚ ਭਗਵੰਤ ਮਾਨ ਨੇ ਮੁੱਖ ਮੰਤਰੀ ਵਜੋਂ ਏਕਾਧਿਕਾਰ ਕਾਇਮ ਕਰਕੇ ਦੂਸਰੇ ਮੰਤਰੀ ਸਿਫ਼ਰ ਕਰ ਛੱਡੇ, ਸੂਬਾ ਪਾਰਟੀ ਕਨਵੀਨਰ ਹੋਣ ਕਰਕੇ ਕਾਰਜਕਾਰੀ ਕਨਵੀਨਰ ਪ੍ਰਿੰਸੀਪਲ ਬੁੱਧ ਰਾਮ, ਹਾਈ ਕਮਾਨ ਸੰਬੰਧਿਤ ਡਾ, ਸੰਦੀਪ ਪਾਠਕ, ਰਾਘਵ ਚੱਢਾ, ਜਰਨੈਲ ਸਿੰਘ ਦੀ ਕਦੇ ਪ੍ਰਵਾਹ ਨਹੀਂ ਕੀਤੀ। ਜਲੰਧਰ ਪੱਛਮੀ ਉਪ ਚੋਣ ਵਿੱਚ ਡਾ. ਪਾਠਕ ਵੱਲੋਂ ਲਗਾਈਆਂ ਡਿਊਟੀਆਂ ਦਰਕਿਨਾਰ ਕਰਕੇ ਧੱਕੇ ਨਾਲ ਆਪ ਕਮਾਨ ਸੰਭਾਲ ਲਈ ਅਤੇ ਜਿੱਤੀ ਵੀ। ਪਰ ਸੱਤਾ ਦੇ ਏਕਾਧਿਕਾਰ ਕਰਕੇ ਪੰਜਾਬ ਪ੍ਰਸ਼ਾਸਨ, ਵਿਕਾਸ, ਅਮਨ ਕਾਨੂੰਨ ਵਿੱਚ ਅਣਕਿਆਸੇ ਵਿਗਾੜ ਪੈਦਾ ਕੀਤੇ। ਦਰਅਸਲ ਵਧੀਆ ਸਰਕਾਰ ਅਤੇ ਵਿਕਾਸ ਦੀ ਚਾਬੀ ਆਪਸੀ ਵਿਸ਼ਵਾਸ ਅਧਾਰਤ ਟੀਮ ਵਰਕ ਹੁੰਦਾ ਹੈ ਜੋ ਪੰਜਾਬ ਵਿੱਚ ਪਿਛਲੇ 30 ਮਹੀਨੇ ਕਿੱਧਰੇ ਨਜ਼ਰ ਨਹੀਂ ਆਇਆ।

**ਮੀਡੀਆ ਕੁਪ੍ਰਬੰਧ:**

ਮੀਡੀਆ ਆਧੁਨਿਕ ਲੋਕਤੰਤਰ ਦਾ ਚੌਥਾ ਤਾਕਤਵਰ ਥੰਮ੍ਹ ਹੀ ਨਹੀਂ ਸਮੇਂ-ਸਮੇਂ ਸਰਕਾਰਾਂ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਦਾ ਸ਼ੀਸ਼ਾ ਵਿਖਾ ਕੇ ਸੰਭਲਣ ਲਈ ਅਹਿਮ ਰੋਲ ਅਦਾ ਕਰਦਾ ਹੈ। ਇਹ ਸਰਕਾਰਾਂ ਨਾਲੋਂ ਵੀ ਕਿੰਨਾ ਤਾਕਤਵਰ ਹੁੰਦਾ ਹੈ, ਇਸਦੀ ਤਾਜ਼ਾ ਮਿਸਾਲ ਅਮਰੀਕਾ ਅੰਦਰ ਮਿਲਦੀ ਹੈ।

ਡੋਨਾਲਡ ਟਰੰਪ ਅਤੇ ਰਾਸ਼ਟਰਪਤੀ ਜੋਅ ਬਾਈਡਨ ਦਰਮਿਆਨ 27 ਜੂਨ, 2024 ਨੂੰ ਹੋਈ ਰਾਸ਼ਟਰਪਤੀ ਚੋਣਾਂ ਸੰਬੰਧੀ ਬਹਿਸ ਵਿੱਚ ਜਦੋਂ ਵਿਸ਼ਵ ਦੇ ਸਭ ਤੋਂ ਤਾਕਤਵਰ ਅਮਰੀਕੀ ਰਾਸ਼ਟਰਪਤੀ ਬਾਈਡਨ ਦੀ ਕਾਰਗੁਜ਼ਾਰੀ ਨੀਰਸ ਅਤੇ ਨਿਕੰਮੀ ਰਹੀ ਤਾਂ ਸਭ ਤੋਂ ਪਹਿਲਾਂ ਨਿਊਯਾਰਕ ਟਾਈਮਜ਼ ਦੇ ਦੋ ਉੱਘੇ ਕਾਲਮਨਵੀਸਾਂ ਟੌਮ ਫਰਾਈਡਮੈਨ ਅਤੇ ਨਿੱਕ ਸਟੋਫ ਨੇ ਚੋਣ ਵਿੱਚੋਂ ਡੈਮੋਕ੍ਰੈਟਿਕ ਉਮੀਦਵਾਰ ਵਜੋਂ ਬਾਹਰ ਹੋਣ ਲਈ ਬੇਬਾਕੀ ਨਾਲ ਕਿਹਾ। ਸੋ ਉਸ ਨੂੰ ਬਾਹਰ ਹੋਣਾ ਪਿਆ। ਉਸਦੀ ਥਾਂ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਪਾਰਟੀ ਨੇ ਚੁਣ ਲਿਆ।

ਭਗਵੰਤ ਸਰਕਾਰ ਨੂੰ ਤੁਰੰਤ ਮੀਡੀਆ ਦੀ ਅਜ਼ਾਦੀ ਬਹਾਲ ਕਰਨੀ ਚਾਹੀਦੀ ਹੈ ਜੋ ਇਸਦੇ ਭਲੇ ਲਈ ਹੋਵੇਗਾ। ਪਰ ਜੇ ਅਜਿਹਾ ਨਹੀਂ ਹੁੰਦਾ ਤਾਂ ਅੰਡਰ-ਕਰੰਟ ਮੀਡੀਆ ਵਿਰੋਧ ਉਸਦੀ ਲੀਡਰਸ਼ਿਪ ਅਤੇ ਆਮ ਆਦਮੀ ਪਾਰਟੀ ਨੂੰ ਪੰਜਾਬ ਵਿੱਚ ਬਰਬਾਦ ਕਰ ਸਕਦਾ ਹੈ।

**ਵਚਿੱਤਰ ਸਥਿਤੀ:**

ਲਾਲਾ ਕੇਜਰੀਵਾਲ ਦੇ ਜੇਲ੍ਹ ਵਿੱਚੋਂ ਬਾਹਰ ਆਉਣ ਨਾਲ ਪੰਜਾਬ ਦੀ ਆਮ ਆਦਮੀ ਪਾਰਟੀ ਵਿੱਚ ਭੂਚਾਲ ਆਇਆ ਪਿਆ ਹੈ। ਉਹ ਭਗਵੰਤ ਮਾਨ ਦੀ ਅਗਵਾਈ ਵਿੱਚ ਲੋਕ ਸਭਾ ਚੋਣਾਂ ਵਿੱਚ ਸ਼ਰਮਨਾਕ ਹਾਰ ਤੋਂ ਬੁਰੀ ਤਰ੍ਹਾਂ ਆਹਤ ਹਨ। ਉਨ੍ਹਾਂ ਮਾਨ ਦੀ ਅਗਵਾਈ ਤੋਂ ਨਰਾਜ਼ਗੀ ਦੇ ਸਪਸ਼ਟ ਸੰਕੇਤ ਦਿੰਦੇ ਪੰਜਾਬ ਮਾਮਲੇ ਆਪਣੇ ਸਿੱਧੇ ਤੌਰ 'ਤੇ ਹੱਥਾਂ ਵਿੱਚ ਲੈਣ ਦਾ ਮੁਜ਼ਾਹਿਰਾ ਕੀਤਾ। ਉਨ੍ਹਾਂ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਦਾ ਅਹੁਦਾ ਛੱਡਣ ਦੇ ਐਲਾਨ ਵੇਲੇ ਕੋਲ ਬੈਠੇ ਮਾਨ ਨੂੰ ਬੋਲਣ ਦਾ ਸਮਾਂ ਨਾ ਦੇਣਾ, ਹਵਾਈ ਜਹਾਜ਼ ਘਟਨਾ ਤੋਂ ਅੰਦਰ ਖਾਤੇ ਗੁੱਸਾ, ਮਾਨ ਬਗੈਰ ਪੰਜਾਬ ਕੈਬਨਿਟ ਅਤੇ ਲੀਡਰਸ਼ਿੱਪ ਦਿੱਲੀ ਬੁਲਾਉਣਾ, ਚਾਰ ਦਾਗੀ ਅਤੇ ਨਿਕੰਮੇ ਮੰਤਰੀ ਜਿਵੇਂ ਚੇਤੰਨ ਸਿੰਘ ਜੌੜਾ ਮਾਜਰਾ (ਵੀ. ਸੀ. ਨੂੰ ਗੱਦੇ 'ਤੇ ਲਿਟਾਉਣ ਵਾਲਾ) ਬਲਕਾਰ ਸਿੰਘ, ਬੀਬੀ ਅਨਮੋਲ ਗਗਨ (ਚੁਟਕੀ ਵਿੱਚ ਐੱਮ. ਐੱਸ. ਪੀ. ਦੇਣ ਵਾਲੀ) ਬ੍ਰਹਮ ਸ਼ੰਕਰ ਜਿੰਪਾ ਲਾਂਭੇ ਕਰਕੇ 5 ਨਵਿਆਂ ਦੀ ਚੋਣ ਕਰਨੀ ਜਿਵੇਂ ਤਰੁਣਪ੍ਰੀਤ ਸਿੰਘ, ਬਰਿੰਦਰ ਗੋਇਲ, ਹਰਦੀਪ ਸਿੰਘ ਮੁੰਡੀਆ, ਮਹਿੰਦਰ ਭਗਤ (ਪੁੱਤਰ ਚੂਨੀ ਲਾਲ ਭਗਤ) ਡਾ. ਰਣਜੀਤ ਸਿੰਘ ਭਾਵੇਂ ਇਨ੍ਹਾਂ ਵਿੱਚੋਂ ਕਦੇ ਕੋਈ ਪਿੰਡ ਦਾ ਪੰਚ-ਸਰਪੰਚ ਜਾਂ ਕੌਂਸਲਰ ਬਣਨ ਦਾ ਤਜਰਬਾ ਨਹੀਂ ਰੱਖਦਾ। ਜਿਵੇਂ ਮਹਿਕਮੇ ਭਾਰੇ ਦਿੱਤੇ ਹਨ 30 ਮਹੀਨਿਆਂ ਵਿੱਚ ਸਮਝ ਹੀ ਨਹੀਂ ਪੈਣੀ, ਰਹਿੰਦੀ ਕਸਰ ਅਫਸਰਸ਼ਾਹੀ ਕੱਢ ਦੇਵੇਗੀ।

**ਸੱਤਾ ਦੇ ਦੋ ਕੇਂਦਰ :**

ਸ਼ੁਰੂ ਤੋਂ ਪੰਜਾਬ ਵਿੱਚ ਸੱਤਾ ਦੇ ਦੋ ਕੇਂਦਰ ਆਮ ਆਦਮੀ ਪਾਰਟੀ ਸਰਕਾਰ ਵਿੱਚ ਚਲਦੇ ਆਏ ਹਨ। ਇੱਕ ਮੁੱਖ ਮੰਤਰੀ ਦੂਜਾ ਸੁਪਰ ਮੁੱਖ ਮੰਤਰੀ ਲਾਲਾ ਕੇਜਰੀਵਾਲ। ਕਰੀਬ 177 ਰੋਜ਼ਾ ਕੇਜਰੀਵਾਲ ਜੇਲ੍ਹ ਸਮੇਂ ਸ਼ਾਇਦ ਮਾਨ ਸਾਹਬ ਨੂੰ ਕੁਝ ਰਾਹਤ ਮਿਲੀ। ਉਨ੍ਹਾਂ ਨਾ ਤਾਂ ਭਰਤ ਵਾਂਗ ਸੱਤਾ ਸਿੰਘਾਸਨ ਤੇ ਸ੍ਰੀ ਰਾਮ ਚੰਦਰ ਦੀਆਂ ਖੜਾਵਾਂ ਵਰਗਾ ਸੁਪਰ ਮੁੱਖ ਮੰਤਰੀ ਦਾ ਚਿੰਨ੍ਹ ਰੱਖਿਆ, ਨਾ ਹੀ ਆਤਿਸ਼ੀ ਮੁੱਖ ਮੰਤਰੀ ਦਿੱਲੀ ਵਾਂਗ ਸੁਪਰ ਸੀ. ਐੱਮ. ਦੀ ਖਾਲੀ ਕੁਰਸੀ। ਸੋ ਨਰਾਜ਼ਗੀ ਜਾਇਜ਼ ਹੈ। ਕੇਜਰੀਵਾਲ ਅਜਿਹਾ ਲੀਡਰ ਹੈ ਜੋ ਆਪਣੇ ਮੁਕਾਬਲੇ ਕਿਸੇ ਨੂੰ ਉੱਠਣ ਨਹੀਂ ਦਿੰਦਾ। ਲੇਕਿਨ ਸੱਤਾ ਦੇ ਦੋ ਕੇਂਦਰ ਕਿਸੇ ਵੀ ਦੇਸ਼ ਜਾਂ ਰਾਜ ਦੇ ਸ਼ਾਸਨ ਅਤੇ ਰਾਜਨੀਤਕ ਪਾਰਟੀ ਦੀ ਬਰਬਾਦੀ ਦਾ ਕਾਰਨ ਬਣਦੇ ਹਨ। ਭਾਰਤ ਵਿੱਚ ਯੂ.ਪੀ.ਏ ਸਰਕਾਰ ਵੇਲੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਕਾਂਗਰਸ ਸੁਪਰੀਮੋ ਬੀਬੀ ਸੋਨੀਆ ਗਾਂਧੀ ਸੱਤਾ ਦੇ ਦੋ ਕੇਂਦਰ ਹੋਣ ਕਰਕੇ ਨਾ ਸਿਰਫ ਸ਼ਾਸਨ ਸ਼ਰਮਨਾਕ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੋਇਆ ਬਲਕਿ ਕਾਂਗਰਸ ਬੁਰੀ ਤਰ੍ਹਾਂ ਪਤਨ ਦਾ ਸ਼ਿਕਾਰ ਹੋ ਗਈ। ਦਰਅਸਲ ਕਾਂਗਰਸ ਨੇ ਸ਼੍ਰੀਮਤੀ ਇੰਦਰਾ ਗਾਂਧੀ ਕਾਲ ਵੇਲੇ ਉਨ੍ਹਾਂ ਅਤੇ ਪੁੱਤਰ ਸੰਜੇ ਗਾਂਧੀ ਆਧਾਰਿਤ ਸੱਤਾ ਦੇ ਦੋ ਕੇਂਦਰਾਂ ਕਰਕੇ ਐਮਰਜੈਂਸੀ ਅਤੇ 1977 ਚੋਣਾਂ ਵਿੱਚ ਕਰਾਰੀ ਹਾਰ ਤੋਂ ਸਬਕ ਨਾ ਸਿੱਖਿਆ। ਗੁਆਂਢੀ ਪਾਕਿਸਤਾਨ ਅੰਦਰ ਮਿਲਟਰੀ ਅਤੇ ਰਾਜਨੀਤਕ ਆਗੂਆਂ ਅਧਾਰਤ ਸੱਤਾ ਦੇ ਦੋ ਕੇਂਦਰਾਂ ਨੇ ਉਸ ਦੇਸ਼ ਨੂੰ ਦੋ ਟੋਟਿਆਂ ਬਾਅਦ ਬਰਬਾਦ ਕਰ ਰੱਖਿਆ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਵਿੱਚ ਇਸਦੀ ਸੱਤਾ ਦੀ ਬਰਬਾਦੀ ਦਾ ਕਾਰਨ ਵੀ ਸੱਤਾ ਦੇ ਦੋ ਕੇਂਦਰ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ ਸਾਬਤ ਹੋਏ।

**ਪੰਜਾਬੀ ਸੁਭਾਅ:**

ਪੰਜਾਬੀ ਆਪਣੇ ਸੁਭਾਅ ਅਤੇ ਸੱਭਿਆਚਾਰ, ਮਾਰਸ਼ਲ ਗੁੜ੍ਹਤੀ ਅਤੇ ਵਿਰਸੇ ਕਰਕੇ ਕਿਸੇ ਬਾਹਰੀ ਆਗੂ ਜਾਂ ਸ਼ਕਤੀ ਦਾ ਦਖਲ ਪਸੰਦ ਨਹੀਂ ਕਰਦੇ। ਜੇਕਰ ਅਗਲੇ 30 ਮਹੀਨੇ ਵਿੱਚ ਆਮ ਆਦਮੀ ਪਾਰਟੀ ਬਦਲਾਅ, ਸਾਦਗੀ (ਵੀ. ਆਈ. ਪੀ ਕਲਚਰ ਅਤੇ ਸੁਰੱਖਿਆ ਗਾਰਡ ਛੱਡ ਕੇ) ਲਗਨ, ਜਵਾਬਦੇਹੀ ਅਤੇ ਪੰਜਾਬੀਆਂ ਦੀ ਸ਼ਮੂਲੀਅਤ ਰਾਹੀਂ, ਅਫਸਰਸ਼ਾਹੀ 'ਤੇ ਨਕੇਲ ਕੱਸਦੀ, ਨਸ਼ਾ, ਨਜਾਇਜ਼ ਮਾਈਨਿੰਗ ਗੈਂਗਸਟਰਵਾਦ 'ਤੇ ਕਾਬੂ ਪਾ ਕੇ ਉਨ੍ਹਾਂ ਦੀਆਂ ਆਸਾਂ ਅਤੇ ਉਮੰਗਾਂ ਦੀ ਪੂਰਤੀ ਕਰਦੀ ਹੈ ਤਾਂ ਰਾਜਨੀਤਕ ਹੋਂਦ ਕਾਇਮ ਰੱਖ ਸਕੇਗੀ, ਨਹੀਂ ਤਾਂ ਮੁੜ ਪੰਜਾਬ ਵਿੱਚ ਪੈਰ ਲਗਣੇ ਸੰਭਵ ਨਹੀਂ।


ਡੇਵਿਡ ਈਬੀ ਅਤੇ ਬੀਸੀ ਐਨਡੀਪੀ
ਟੀਮ, ਤੁਹਾਡੇ ਨਾਲ ਤੁਹਾਡੇ ਲਈ!
• $1,000 ਦੀ ਰਾਹਤ ਘਰੇਲੂ ਖਰਚੇ ਵਿਚ ਮਦਦ ਕਰਨ ਲਈ ਤੁਹਾਨੂੰ ਹੁਣ ਦਿੱਤੀ ਜਾਵੇਗੀ, ਨਾਲ ਹੀ $1000 ਦੀ ਸਾਲਾਨਾ ਟੈਕਸ ਕਟੌਤੀ - ਜੋ ਪਰਿਵਾਰਾਂ ਲਈ ਹਜ਼ਾਰਾਂ ਹੀ ਡਾਲਰ ਦੀ ਮਦਦ ਕਰੇਗੀ।
• ਬਜ਼ੁਰਗਾਂ ਲਈ ਮੁਫਤ ਬੱਸ ਪਾਸ, ਨਾਲ ਹੀ ਸਕਾਈਟ੍ਰੇਨ, ਬੱਸ ਰੈਪਿਡ ਟ੍ਰਾਂਜ਼ਿਟ ਨੂੰ ਐਕਸਪੈਂਡ ਕਰ ਰਹੇ ਹਨ।
• ਨਵਾਂ ਐਸ ਐਫ ਯੂ (SFU) ਸਰੀ ਮੈਡੀਕਲ ਸਕੂਲ, ਅਤੇ ਬਿਹਤਰ ਹੈਲਥ ਕੇਅਰ ਲਈ ਹੋਰ ਲੋਕਲ ਡਾਕਟਰਾਂ ਨੂੰ ਟ੍ਰੇਨਿੰਗ ਦੇ ਰਹੇ ਹਨ, ਤਾਂ ਜੋ ਸਾਡੇ ਬੱਚੇ ਸਾਡੇ ਲਾਗੇ ਪੱੜ ਸਕਣ।।
• ਆਈਸੀਬੀਸੀ (ICBC) ਦੇ ਰੇਟਾਂ ਵਿਚ $500 ਦੀ ਬਚਤ--- ਰਸਟੈਡ ਦਾ ਮਹਿੰਗਾ ਅਲਬਰਟਾ - ਸਟਾਈਲ ਪਲੈਨ ਤੁਹਾਡੀ ਇੰਸ਼ੋਰਨਸ ਦੁਗਣੀ ਕਰ ਸਕਦਾ ਹੈ।
• ਨਵੇਂ ਹਸਪਤਾਲ ਅਤੇ ਕੈਂਸਰ ਸੈਂਟਰ, ਸਾਰਿਆਂ ਲਈ ਬਿਹਤਰ ਹੈਲਥ ਕੇਅਰ ਨੂੰ ਯਕੀਨੀ ਬਣਾ ਰਹੇ ਹਨ।
• ਅਸੀ ਹਜ਼ਾਰਾਂ ਹੋਰ ਡਾਕਟਰਾਂ, ਨਰਸਾਂ ਅਤੇ ਦੇਖਭਾਲ ਕਰਨ ਵਾਲੇ ਵਰਕਰਾਂ ਨੂੰ ਭਰਤੀ ਕਰ ਰਹੇ ਹਨ, ਅਤੇ ਰਸਟੈਡ ਦੇ ਹੈਲਥ ਕੇਅਰ ਵਿਚੋਂ ਖਤਰਨਾਕ $4 ਬਿਲੀਅਨ ਦੀਆਂ ਕਟੌਤੀਆਂ ਦਾ ਵਿਰੋਧ ਕਰਨਾ।
• ਵਧੇਰੀ ਮਿਡਲ ਕਲਾਸ ਹਾਉਸਿੰਗ ਅਤੇ ਖਾਲੀ ਪਏ ਮਕਾਨਾਂ ਨੂੰ ਘਰਾਂ ਵਿਚ ਤਬਦੀਲ ਕਰਨ ਲਈ ਠੋਸ ਕਦਮ ਚੁੱਕ ਰਹੇ ਹਨ।
David Eby
BC NDP
ਰੀਆ ਅਰੋੜਾ
REAH ARORA
BURNABY EAST
ਰਾਜ ਚੌਹਾਨ
RAJ CHOUHAN
BURNABY-NEW WESTMINSTER
BC NDP
ਜੈਨੇਟ ਰਾਉਟਲੈਜ
JANET ROUTLEDGE
BURNABY NORTH
ਪੌਲ ਚੋਏ
PAUL CHOI
BURNABY SOUTH-METROTOWN
ਰਵੀ ਕਾਹਲੋਂ
RAVI KAHLON
DELTA NORTH
ਜੌਨ ਔਲਡੈਗ
JOHN ALDAG
LANGLEY-ABBOTSFORD
ਲਿੰਡਾ ਲੀ
LINDA LI
RICHMOND-BRIDGEPORT
ਅਮਨ ਸਿੰਘ
AMAN SINGH
RICHMOND-QUEENSBOROUGH
ਆਮਨਾ ਸ਼ਾਹ
AMNA SHAH
SURREY CITY CENTRE
ਮਾਇਕ ਸਤਾਰਚੱਕ
MIKE STARCHUK
SURREY-CLOVERDALE
ਜਗਰੂਪ ਬਰਾੜ
JAGRUP BRAR
SURREY-FLEETWOOD
ਗੈਰੀ ਬੈੱਗ
GARRY BEGG
SURREY-GUILDFORD
ਜੈਸੀ ਸੁੰਨੜ
JESSIE SUNNER
SURREY-NEWTON
ਰਚਨਾ ਸਿੰਘ
RACHNA SINGH
SURREY NORTH
ਜਿੰਨੀ ਸਿਮਸ
JINNY SIMS
SURREY-PANORAMA
ਬਲਤੇਜ ਸਿੰਘ ਢਿੱਲੋਂ
BALTEJ SINGH DHILLON
SURREY-SERPENTINE RIVER
ਹਰੂਨ ਗ਼ਫ਼ਾਰ
HAROON GHAFFAR
SURREY SOUTH
ਜੋਰਜ ਚਾਓ
GEORGE CHOW
VANCOUVER-FRASERVIEW
ਸੁਨੀਤਾ ਧੀਰ
SUNITA DHIR
VANCOUVER-LANGARA
AUTHORIZED BY KAREN COOLING, FINANCIAL AGENT, 604-430-8600

# ਕੰਜ਼ਰਵੇਟਿਵ ਸਰਕਾਰ ਬਣਨ 'ਤੇ ਸਰੀ ਸ਼ਹਿਰ ਦਾ ਸਰਬਪੱਖੀ ਵਿਕਾਸ ਕੀਤਾ ਜਾਵੇਗਾ: ਜੋਹਨ ਰਸਟੈਡ

## *ਸਰੀ ਦੀਆਂ 10 ਦੀਆਂ 10 ਸੀਟਾਂ ਉੱਪਰ ਜਿੱਤ ਪ੍ਰਾਪਤ ਕਰਾਂਗੇ, ਬੱਚਿਆਂ ਦਾ ਨਵਾਂ ਹਸਪਤਾਲ ਬਣਾਉਣ ਦਾ ਕੀਤਾ ਵਾਅਦਾ*

ਸਰੀ, (ਹਰਦਮ ਮਾਨ): ਜੇਕਰ ਕੰਸਰਵੇਟਿਵ ਸਰਕਾਰ ਬਣਦੀ ਹੈ ਤਾਂ ਸਰੀ ਸ਼ਹਿਰ ਦਾ ਸਰਬਪੱਖੀ ਵਿਕਾਸ ਕੀਤਾ ਜਾਵੇਗਾ, ਸਰੀ ਵਿਚ ਬੱਚਿਆਂ ਦਾ ਹਸਪਤਾਲ ਬਣਾਇਆ ਜਾਵੇਗਾ, ਪਟੂਲੋ ਬਰਿੱਜ ਦੀਆਂ 6 ਲੇਨਜ਼ ਡਵਿਲਪ ਕੀਤੀਆਂ ਜਾਣਗੀਆਂ, ਆਈਸੀਬੀਸੀ ਨੂੰ ਵਧੇਰੇ ਲੋਕ ਪੱਖੀ ਬਣਾਇਆ ਜਾਵੇਗਾ। ਇਹ ਵਿਚਾਰ ਕੰਸਰਵੇਟਿਵ ਪਾਰਟੀ ਦੇ ਆਗੂ ਜੋਹਨ ਰਸਟੈਡ ਨੇ ਬੀਤੀ ਸ਼ਾਮ ਸਰੀ ਨਿਊਟਨ ਦੇ ਕੰਸਰਵੇਟਿਵ ਉਮੀਦਵਾਰ ਮਨਦੀਪ ਧਾਲੀਵਾਲ ਦੀ ਭਰਵੀਂ ਚੋਣ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਐਨ.ਡੀ.ਪੀ. ਸਰਕਾਰ ਨੇ ਤੇਜ਼ੀ ਨਾਲ ਵਧ ਰਹੇ ਸਰੀ ਸ਼ਹਿਰ ਨੂੰ ਪਿਛਲੇ 7 ਸਾਲਾਂ ਤੋਂ ਉੱਕਾ ਹੀ ਅਣਗੌਲਿਆਂ ਕੀਤਾ ਹੋਇਆ ਹੈ। ਸਰੀ ਮੈਮੋਰੀਅਲ ਹਸਪਤਾਲ ਵਿਚ 25 ਹਜਾਰ ਮਰੀਜ਼ਾਂ ਦਾ ਪ੍ਰਬੰਧ ਕਰਨ ਦੀ ਸਮਰੱਥਾ ਹੈ ਪਰ ਉੱਥੇ 55 ਹਜਾਰ ਮਰੀਜ਼ ਪਹੁੰਚ ਰਹੇ ਹਨ ਜਿਹਨਾਂ ਲਈ ਨਾ ਲੋੜੀਂਦੇ ਡਾਕਟਰ ਹਨ, ਨਾ ਨਰਸਾਂ ਅਤੇ ਨਾ ਹੀ ਐਮਰਜੈਂਸੀ ਮਰੀਜ਼ਾਂ ਨੂੰ ਤੁਰੰਤ ਦੇਖਣ ਦੀ ਕੋਈ ਵਿਵਸਥਾ ਹੈ।




ਜੋਹਨ ਰਸਟੈਡ ਨੇ ਕਿਹਾ ਕਿ ਐਨ.ਡੀ.ਪੀ. ਆਗੂ ਨਿੱਤ ਦਿਨ ਸਾਡੇ ਬਾਰੇ ਕੂੜ ਪ੍ਰਚਾਰ ਕਰ ਰਹੇ ਹਨ ਕਿ ਜੇ ਕੰਸਰਵੇਟਿਵ ਸਰਕਾਰ ਬਣ ਗਈ ਤਾਂ ਐਮ.ਐਸ.ਪੀ. ਲਾਗੂ ਕੀਤੀ ਜਾਵੇਗੀ, ਆਈਸੀਬੀਸੀ ਦੇ ਮੁਕਾਬਲੇ ਪ੍ਰਾਈਵੇਟ ਕੰਪਨੀਆਂ ਲਿਆ ਕੇ ਵਹੀਕਲ ਇੰਸ਼ੋਰੈਂਸ ਮਹਿੰਗੀ ਕੀਤੀ ਜਾਵੇਗੀ ਜਦੋਂ ਕਿ ਸਾਡਾ ਅਜਿਹਾ ਕੋਈ ਪ੍ਰੋਗਰਾਮ ਨਹੀਂ। ਅਸੀਂ ਵਹੀਕਲ ਇੰਸ਼ੋਰੈਂਸ ਨੂੰ ਲੋਕਪੱਖੀ ਬਣਾਵਾਂਗੇ, ਕਾਰਬਨ ਟੈਕਸ ਬੰਦ ਕੀਤਾ ਜਾਵੇਗਾ, ਮੌਰਗੇਜ ਜਾਂ ਰੈਂਟ ਦੇਣ ਵਾਲੇ ਹਰੇਕ ਪਰਿਵਾਰ ਨੂੰ 3,000 ਡਾਲਰ ਸਾਲਾਨਾ ਇਨਕਮ ਰੀਬੇਟ ਦਿੱਤਾ ਜਾਵੇਗਾ, ਬੀ.ਸੀ. ਦੇ ਸਕੂਲਾਂ ਵਿਚਲਾ ਸੋਜੀ ਪ੍ਰੋਗਰਾਮ ਬੰਦ ਕੀਤਾ ਜਾਵੇਗਾ, ਟਰਾਂਸਪੋਰਟੇਸ਼ਨ ਵਿਚ ਵਾਧਾ ਕੀਤਾ ਜਾਵੇਗਾ, ਖੇਤੀ ਨੂੰ ਉਤਸ਼ਾਹਿਤ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਪਿਛਲੇ ਸੱਤ ਸਾਲਾਂ ਦੌਰਾਨ ਲੋਕਾਂ ਲਈ ਘਰ ਖਰੀਦਣਾ ਪਹੁੰਚ ਤੋਂ ਬਾਹਰ ਹੋ ਗਿਆ ਹੈ, ਜੁਰਮ ਦੀਆਂ ਘਟਨਾਵਾਂ ਦਿਨ ਬ ਦਿਨ ਵਧ ਰਹੀਆਂ ਹਨ, ਡਰੱਗ ਨਾਲ ਹਰ ਮਹੀਨੇ 600 ਤੋਂ ਵੱਧ ਲੋਕ ਮਰ ਰਹੇ ਹਨ ਪਰ ਇਨ੍ਹਾਂ ਮੁੱਦਿਆਂ ਬਾਰੇ ਐਨ.ਡੀ.ਪੀ. ਦੇ ਆਗੂ ਡੇਵਿਡ ਇਬੀ ਬਿਲਕੁਲ ਖਾਮੋਸ਼ ਹਨ। ਜੌਹਨ ਰਸਟੈਡ ਨੇ ਦਾਅਵਾ ਕੀਤਾ ਕਿ ਅਸੀਂ ਬੀਸੀ ਵਿਚ ਸਰਕਾਰ ਬਣਾਵਾਂਗੇ ਅਤੇ ਸਰੀ ਦੀਆਂ 10 ਦੀਆਂ 10 ਸੀਟਾਂ ਜਿੱਤਾਂਗੇ।

ਇਸ ਮੌਕੇ ਬੋਲਦਿਆਂ ਸਰੀ ਨਿਊਟਨ ਦੇ ਉਮੀਦਵਾਰ ਮਨਦੀਪ ਧਾਲੀਵਾਲ ਨੇ ਪਾਰਟੀ ਲੀਡਰ ਅਤੇ ਮੀਟਿੰਗ ਵਿਚ ਸ਼ਾਮਲ ਹੋਏ ਸਭਨਾਂ ਸਮਰੱਥਕਾਂ ਦਾ ਧੰਨਵਾਦ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਵੋਟਰਾਂ ਨੂੰ ਵੋਟ ਪਾਉਣ ਲਈ ਪ੍ਰੇਰਿਆ ਜਾਵੇ। ਉਸ ਨੇ ਕਿਹਾ ਕਿ ਇਹ ਭਾਈਚਾਰੇ ਦੇ ਲੋਕਾਂ ਲਈ ਵੱਡਾ ਮੌਕਾ ਹੈ ਕਿ ਮਾਸੂਮ ਸਕੂਲੀ ਬੱਚਿਆਂ 'ਤੇ ਸੋਜੀ ਪ੍ਰੋਗਰਾਮ ਲਾਗੂ ਵਾਲੀ ਸਿੱਖਿਆ ਮੰਤਰੀ ਨੂੰ ਇਸ ਹਲਕੇ ਵਿਚ ਕਰਾਰੀ ਹਾਰ ਦਿੱਤੀ ਜਾਵੇ। ਮੀਟਿੰਗ ਵਿਚ ਬੋਲਦਿਆਂ ਸਕੂਲੀ ਵਿਦਿਆਰਥਣ ਪਵਨਜੀਤ ਕੌਰ ਮਾਨ ਨੇ ਲੋਕਾਂ ਨੂੰ ਬੜੀ ਭਾਵੁਕ ਅਪੀਲ ਕੀਤੀ ਕਿ ਸਾਡੇ ਵਡੇਰਿਆਂ ਨੇ ਬੜੇ ਸੰਘਰਸ਼ ਨਾਲ ਸਾਡੇ ਲਈ ਵੋਟ ਪਾਉਣ ਦਾ ਹੱਕ ਲਿਆ ਹੈ ਅਤੇ ਸਾਨੂੰ ਇਸ ਹੱਕ ਦੀ ਵਰਤੋਂ ਕਰ ਕੇ ਲੋਕਾਂ ਦੀ ਸਹੀ ਅਗਵਾਈ ਕਰਨ ਵਾਲੇ ਆਗੂਆਂ ਨੂੰ ਜਿਤਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੀਟਿੰਗ ਵਿਚ ਸਰੀ ਦੇ ਦੂਜੇ ਹਲਕਿਆਂ ਤੋਂ ਚੋਣ ਲੜ ਰਹੇ ਪਾਰਟੀ ਉਮੀਦਵਾਰ ਅਵਤਾਰ ਸਿੰਘ ਗਿੱਲ, ਤੇਗਜੋਤ ਬੱਲ, ਹਰਮਨ ਭੰਗੂ, ਦੀਪਕ ਸੂਰੀ ਤੋਂ ਇਲਾਵਾ ਗੈਰੀ ਕੂਨਰ, ਰਿੱਕੀ ਬਾਜਵਾ, ਐਡਵੋਕੇਟ ਰਾਜਵੀਰ ਢਿੱਲੋਂ ਅਤੇ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਸਨ।

# ਆਰਥਿਕਤਾ ਨੂੰ ਅੱਗੇ ਵਧਾਉਣ ਲਈ ਅਮਰੀਕਾ ਨੂੰ ਪ੍ਰਵਾਸੀਆਂ ਦੀ ਲੋੜ: ਬਿਲ ਕਲਿੰਟਨ

ਵਾਸ਼ਿੰਗਟਨ (ਰਾਜ ਗੋਗਨਾ): ਆਰਥਿਕਤਾ ਨੂੰ ਵਧਾਉਣ ਅਤੇ ਅਮਰੀਕਾ ਨੂੰ ਦੇਸ਼ ਦੀ ਇਤਿਹਾਸਕ ਤੌਰ 'ਤੇ ਘੱਟ ਜਨਮ ਦਰ ਨੂੰ ਸੰਤੁਲਿਤ ਕਰਨ ਲਈ ਵਧੇਰੇ ਪ੍ਰਵਾਸੀਆਂ ਦੀ ਲੋੜ ਹੈ। ਇਸ ਗੱਲ ਦਾ ਪ੍ਰਗਟਾਵਾ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਨੇ ਕਮਲਾ ਹੈਰਿਸ ਦੇ ਇੱਕ ਪ੍ਰਚਾਰ ਸਮਾਗਮ ਦੌਰਾਨ ਕੀਤਾ। ਕਲਿੰਟਨ ਦਾ ਕਹਿਣਾ ਹੈ ਕਿ ਜੇਕਰ ਵਿਕਾਸ ਕਰਨਾ ਹੈ, ਤਾਂ ਅਮਰੀਕਾ ਨੂੰ ਹੋਰ ਪ੍ਰਵਾਸੀਆਂ ਨੂੰ ਆਉਣ ਦੇਣਾ ਚਾਹੀਦਾ ਹੈ।

ਉਹਨਾਂ 'ਤੇ ਰੋਕ ਲਾਉਣਾ, ਇਸ ਦੇਸ਼ ਦੇ ਆਰਥਿਕ ਵਿਕਾਸ ਨੂੰ ਖ਼ਤਰਾ ਹੈ। ਜਾਰਜੀਆ ਦੇ ਫੋਰਟ ਵੈਲੀ ਵਿਚ ਉਪ ਰਾਸ਼ਟਰਪਤੀ ਕਮਲਾ ਹੈਰਿਸ ਲਈ ਆਯੋਜਿਤ ਇਕ ਅਭਿਆਨ ਪ੍ਰੋਗਰਾਮ ਵਿਚ ਕਲਿੰਟਨ ਨੇ ਕਿਹਾ, "ਅਮਰੀਕਾ ਵਿੱਚ ਜਨਸੰਖਿਆ ਨੂੰ ਕਾਇਮ ਰੱਖਣ ਲਈ ਲੋੜੀਂਦੇ ਬੱਚੇ ਨਹੀਂ ਹਨ, ਇਸ ਲਈ ਸਾਨੂੰ ਕੰਮ ਕਰਨ ਲਈ ਜਾਂਚੇ-ਪਰਖੇ ਪ੍ਰਵਾਸੀਆਂ ਦੀ ਲੋੜ ਹੈ। ਸਾਡੇ ਇੱਥੇ ਪਿਛਲੇ 100 ਸਾਲਾਂ ਵਿੱਚ ਸਭ ਤੋਂ



ਘੱਟ ਜਨਮ ਦਰ ਹੈ। ਅਸੀਂ ਬਦਲਣ ਦੇ ਪੱਧਰ 'ਤੇ ਨਹੀਂ ਹਾਂ, ਜਿਸਦਾ ਮਤਲਬ ਹੈ ਕਿ ਸਾਨੂੰ ਆਪਣੀ ਆਰਥਿਕਤਾ ਨੂੰ ਅੱਗੇ ਵਧਾਉਣ ਲਈ ਬਾਹਰਲੇ ਲੋਕਾਂ ਦੀ ਜ਼ਰੂਰਤ ਹੋਵੇਗੀ।

ਯੂਐਸ ਦੀ ਜਨਮ ਦਰ 2023 ਵਿੱਚ ਇੱਕ ਇਤਿਹਾਸਕ ਹੇਠਲੇ ਪੱਧਰ ਤੱਕ ਡਿੱਗ ਗਈ। ਸੀਡੀਸੀ ਦੇ ਨੈਸ਼ਨਲ ਸੈਂਟਰ ਫਾਰ ਹੈਲਥ ਸਟੈਟਿਸਟਿਕਸ ਦੁਆਰਾ ਮੰਗਲਵਾਰ ਨੂੰ ਪ੍ਰਕਾਸ਼ਿਤ ਅੰਤਿਮ ਅੰਕੜਿਆਂ ਅਨੁਸਾਰ 2023 ਵਿੱਚ, ਅਮਰੀਕਾ ਵਿੱਚ ਜਨਮ ਦਰ ਵਿੱਚ ਪਿਛਲੇ ਸਾਲ ਨਾਲੋਂ 3 ਫੀਸਦੀ ਹੋਰ ਗਿਰਾਵਟ ਆਈ ਹੈ। ਭਾਵ 15 ਤੋਂ 44 ਸਾਲ ਦੀ ਉਮਰ ਦੀਆਂ ਹਰ 1000 ਔਰਤਾਂ ਪਿੱਛੇ ਸਿਰਫ਼ 54.5 ਬੱਚੇ ਹੀ ਪੈਦਾ ਹੋਏ ਹਨ। ਅਮਰੀਕਾ ਵਿੱਚ 2023 ਵਿੱਚ 3.6 ਮਿਲੀਅਨ ਤੋਂ ਘੱਟ ਬੱਚੇ ਪੈਦਾ ਹੋਏ, ਜੋ 2022 ਦੀ ਤੁਲਨਾ ਵਿਚ ਲਗਭਗ 68,000 ਘੱਟ ਹੈ। ਅਮਰੀਕਾ ਵਿੱਚ ਜਨਮ ਦਰ 2007 ਤੋਂ ਹਰ ਸਾਲ ਘਟ ਰਹੀ ਹੈ।

## ਔਰਤਾਂ ਦਾ ਇਤਿਹਾਸਕ ਮਹੀਨਾ ...

ਕਿਸੇ ਜੈਂਡਰ ਨਾਲ ਨਹੀਂ। ਔਰਤ ਆਪਣੀ ਜ਼ਿੰਦਗੀ ਦੌਰਾਨ ਬਹੁਤ ਸਾਰੇ ਚੁਣੌਤੀਆਂ ਦਾ ਸਾਹਮਣਾ ਕਰਦੀ ਹੈ। ਪਰ ਇਸ ਸਭ ਦੇ ਬਾਵਜੂਦ ਔਰਤ ਨਾਲ ਪੱਖਪਾਤੀ ਰਵੱਈਆ ਸਦੀਆਂ ਤੋਂ ਚੱਲ ਰਿਹਾ ਹੈ। ਔਰਤਾਂ ਨੂੰ ਬਰਾਬਰੀ ਦੇ ਹੱਕ ਦਿਵਾਉਣ ਲਈ ਸਮੇਂ ਸਮੇਂ 'ਤੇ ਸੰਘਰਸ਼ ਹੋਏ। 1975 ਨੂੰ ਸੰਯੁਕਤ ਰਾਸ਼ਟਰ ਨੇ ਸਭ ਤੋਂ ਪਹਿਲਾਂ ਔਰਤ ਦਿਵਸ ਮਨਾਇਆ ਅਤੇ ਇਸ ਤੋਂ ਬਾਅਦ ਕੌਮਾਂਤਰੀ ਪੱਧਰ 'ਤੇ ਔਰਤਾਂ ਦੀਆਂ ਕਾਨਫਰੰਸਾਂ ਸ਼ੁਰੂ ਹੋ ਗਈਆਂ। 1977 ਵਿਚ ਔਰਤਾਂ ਦੀ ਜਨਰਲ ਅਸੈਂਬਲੀ ਨੇ ਮੈਂਬਰ ਸਟੇਟਾਂ ਦੀਆਂ ਆਪੋ-ਆਪਣੀਆਂ ਰਵਾਇਤਾਂ ਅਨੁਸਾਰ ਔਰਤ ਦਿਵਸ ਮਨਾਉਣ ਦਾ ਫੈਸਲਾ ਕੀਤਾ। ਪਹਿਲੀ ਕੌਮਾਂਤਰੀ ਕਾਨਫਰੰਸ ਔਰਤਾਂ ਦੇ ਮੁੱਢਲੇ ਅਧਿਕਾਰਾਂ ਅਤੇ ਕੌਮਾਂਤਰੀ ਸ਼ਾਂਤੀ ਦੇ ਮੁੱਦੇ ਨੂੰ ਲੈ ਕੇ 1975 ਵਿਚ ਮੈਕਸੀਕੋ ਵਿਚ ਹੋਈ। ਦੂਜੀ ਯੂਐੱਨ ਵਿਮੈੱਨ ਕਾਨਫਰੰਸ 1980 ਵਿਚ ਕੋਪਨਹੇਗਨ ਅਤੇ ਤੀਜੀ 1985 ਵਿਚ ਨੈਰੋਬੀ ਵਿਚ ਹੋਈ । ਇਨ੍ਹਾਂ ਕਾਨਫਰੰਸਾਂ ਵਿਚ ਮੁੱਖ ਮੁੱਦੇ ਬਰਾਬਰ ਕੰਮ ਲਈ ਬਰਾਬਰ ਉਜਰਤ, ਔਰਤਾਂ ਵਿਰੁੱਧ ਹਿੰਸਾ, ਜ਼ਮੀਨ ਦੀ ਮਾਲਕੀ ਅਤੇ ਮੁੱਢਲੇ ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਸਨ। 1995 ਵਿਚ ਪੇਈਚਿੰਗ ਵਿਚ ਚੌਥੀ ਕਾਨਫਰੰਸ ਮੀਲ ਪੱਥਰ ਹੋ ਨਿੱਬੜੀ। ਇਸ ਕਾਨਫਰੰਸ ਵਿਚ 12 ਤੋਂ ਵੱਧ ਮੁੱਦਿਆਂ ਦੀ ਨਿਸ਼ਾਨਦੇਹੀ ਕੀਤੀ ਗਈ ਜਿਹੜੇ ਔਰਤ ਦੇ ਸ਼ਕਤੀਕਰਨ ਅਤੇ ਮਰਦ ਔਰਤ ਵਿਚਲੀ ਬਰਾਬਰੀ ਯਕੀਨੀ ਬਣਾਉਣ ਬਾਰੇ ਸਨ। ਇਕ ਕਾਰਵਾਈ ਯੋਜਨਾ (ਐਕਸ਼ਨ ਪਲਾਨ) ਤਹਿਤ ਪ੍ਰਣ ਲਿਆ ਕਿ ਔਰਤ ਨਾਲ ਹੁੰਦੀ ਹਰ ਪ੍ਰਕਾਰ ਦੀ ਹਿੰਸਾ ਅਤੇ ਵਿਤਕਰਾ ਜੜ੍ਹੋਂ ਖ਼ਤਮ ਕਰਨਾ ਹੈ। ਇਸ ਕਾਨਫਰੰਸ ਵਿਚ 17 ਹਜ਼ਾਰ ਤੋਂ ਵਧ ਔਰਤਾਂ ਨੇ ਸ਼ਮੂਲੀਅਤ ਕੀਤੀ ਜਿਸ ਵਿਚ 6 ਹਜ਼ਾਰ ਸਰਕਾਰੀ ਡੈਲੀਗੇਟ ਤੇ 4 ਹਜ਼ਾਰ ਤੋਂ ਵੱਧ ਸਰਕਾਰੀ, ਗੈਰ-ਸਰਕਾਰੀ ਸੰਸਥਾਵਾਂ ਨੇ ਭਾਗ ਲਿਆ। ਪੰਜ ਸਾਲਾਂ ਬਾਅਦ 2000 ਵਿਚ ਯੂਐੱਨ ਦੀ ਜਨਰਲ ਅਸੈਂਬਲੀ ਨੇ ਪਹਿਲਾਂ ਤੋਂ ਬਣੀ ਯੋਜਨਾ ਉੱਪਰ ਵਿਚਾਰ-ਵਟਾਂਦਰਾ ਕਰਦਿਆਂ 21ਵੀਂ ਸਦੀ ਦੀ ਔਰਤ ਲਈ ਬਰਾਬਰੀ, ਵਿਕਾਸ ਅਤੇ ਸ਼ਾਂਤੀ ਦੇ ਵਿਸ਼ੇ ਉਪਰ ਵਿਚਾਰ ਕਰਨ ਦਾ ਸੱਦਾ ਦਿੱਤਾ। ਇਸ ਤੋਂ ਬਾਅਦ ਹਰ ਪੰਜਾਂ ਸਾਲਾਂ ਬਾਅਦ ਸਮਾਜ ਵਿਚ ਔਰਤ ਦੇ ਦਰਜੇ ਵਿਚ ਆ ਰਹੀ ਤਬਦੀਲੀ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ।

## ਆਰ.ਸੀ.ਐਮ.ਪੀ. ਵਲੋਂ...

ਸਫ਼ਾ 1 ਦਾ ਬਾਕੀ

ਹਨ। ਕੈਨੇਡਾ ਨੇ ਇਸਦੇ ਤਹਿਤ ਛੇ ਭਾਰਤੀ ਡਿਪਲੋਮੈਟਾਂ ਨੂੰ ਦੇਸ਼ ਤੋਂ ਕੱਢ ਦਿੱਤਾ ਹੈ, ਹਾਲਾਂਕਿ ਭਾਰਤ ਨੇ ਇਨ੍ਹਾਂ ਦਾਅਵਿਆਂ ਦਾ ਖੰਡਨ ਕੀਤਾ ਹੈ। ਇਹ ਤਣਾਅ ਪਿਛਲੇ ਸਾਲ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਤੋਂ ਬਾਅਦ ਵਧਿਆ, ਜਿਸ ਵਿੱਚ ਕੈਨੇਡਾ ਨੇ ਭਾਰਤ ਦੇ ਏਜੰਟਾਂ ਦੀ ਸ਼ਮੂਲੀਅਤ ਦਾ ਇਲਜ਼ਾਮ ਲਗਾਇਆ। ਭਾਰਤ ਇਸ ਘਟਨਾ ਵਿੱਚ ਕਿਸੇ ਵੀ ਭੂਮਿਕਾ ਤੋਂ ਇਨਕਾਰ ਕਰਦਾ ਹੈ। ਕੈਨੇਡੀਅਨ ਸਰਕਾਰ ਅਤੇ ਆਰ ਸੀ ਐਮ ਪੀ ਵਲੋਂ ਭਾਰਤੀ ਏਜੰਟਾਂ 'ਤੇ ਦੋਸ਼ ਲਗਾਇਆ ਹੈ ਕਿ ਉਹ ਕੈਨੇਡਾ ਆਰਸੀਐਮਪੀ (ਕੈਨੇਡੀਅਨ ਰਾਜਸ਼ਾਸਨ ਪੁਲਿਸ) ਦੇ ਕਮਿਸ਼ਨਰ ਮਾਈਕ ਡੂਹੇਮ ਨੇ ਸਿਖ ਭਾਈਚਾਰੇ ਦੇ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਗੇ ਆ ਕੇ ਗਵਾਹੀ ਦੇਣ।

ਡੂਹੇਮ ਨੇ ਸੋਮਵਾਰ ਨੂੰ ਸਾਫ ਕੀਤਾ ਕਿ ਭਾਰਤ ਸਰਕਾਰ ਦੇ ਏਜੰਟਾਂ ਨੇ ਕੈਨੇਡਾ ਵਿਚ ਹਿੰਸਾ ਵਧਾਉਣ ਵਿਚ ਭੂਮਿਕਾ ਨਿਭਾਈ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਕਾਰਵਾਈਆਂ ਸਿੱਧੇ ਤੌਰ 'ਤੇ ਭਾਰਤੀ ਡਿਪਲੋਮੈਟਾਂ ਅਤੇ ਕੌਂਸਲਰ ਅਧਿਕਾਰੀਆਂ ਨਾਲ ਜੁੜੀਆਂ ਹੋਈਆਂ ਹਨ।

ਆਰਸੀਐਮਪੀ ਨੇ ਇਹ ਵੀ ਕਿਹਾ ਹੈ ਕਿ ਇਹ ਨੈਟਵਰਕ ਕੈਨੇਡਾ ਵਿਚ ਜਨਤਕ ਸੁਰਖਿਆ ਲਈ ਇਕ ਖ਼ਤਰਾ ਬਣ ਗਏ ਹਨ ਅਤੇ ਉਨ੍ਹਾਂ ਨੇ ਢੁਕਵੀਂ ਜਾਣਕਾਰੀ ਵਾਲੇ ਲੋਕਾਂ ਨੂੰ ਆਰਜ ਕੀਤਾ ਕਿ ਉਹ ਅਗੇ ਆਉਣ। ਡੂਹੇਮ ਨੇ ਇਕ ਇੰਟਰਵਿਊ ਵਿਚ ਕਿਹਾ, "ਜੇ ਲੋਕ ਅਗੇ ਆਉਂਦੇ ਹਨ, ਤਾਂ ਅਸੀਂ ਉਨ੍ਹਾਂ ਦੀ ਮਦਦ ਕਰ ਸਕਦੇ ਹਾਂ।" ਉਨ੍ਹਾਂ ਦਾ ਮਤਲਬ ਸੀ ਕਿ ਇਹ ਬੇਹਦ ਜਰੂਰੀ ਹੈ ਕਿ ਸਿਖ ਭਾਈਚਾਰੇ ਦੇ ਮੈਂਬਰ ਸੁਰਖਿਅਤ ਮਹਿਸੂਸ ਕਰਨ ਲਈ ਆਪਣੀ ਸਚਾਈ ਸਾਂਝੀ ਕਰਨ ਵਿਚ ਨਿਜੀ ਹਿਤ 'ਤੇ ਧਿਆਨ ਦੇਣ।

ਇਸ ਕਾਰਵਾਈ ਦਾ ਉਦਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕੈਨੇਡਾ ਉਹਨਾਂ ਲੋਕਾਂ ਲਈ ਇਕ ਸੁਰਖਿਅਤ ਸਥਾਨ ਹੈ, ਜੋ ਸੁਰੱਖਿਅਤ ਰਹਿਣਾ ਚਾਹੁੰਦੇ ਹਨ। ਕੈਨੇਡਾ ਵਿੱਚ ਭਾਰਤੀ ਏਜੰਟਾਂ ਦੀ ਕਥਿਤ ਸ਼ਮੂਲੀਅਤ 'ਤੇ ਤਫ਼ਤੀਸ਼ ਦੇ ਮੱਦੇਨਜ਼ਰ, ਕੈਨੇਡੀਅਨ ਸਰਕਾਰ ਨੇ ਛੇ ਭਾਰਤੀ ਡਿਪਲੋਮੈਟਾਂ ਨੂੰ ਕੈਨੇਡਾ ਤੋਂ ਕੱਢ ਦਿੱਤਾ ਹੈ। ਪਰ ਸੂਤਰਾਂ ਮੁਤਾਬਕ ਇਹ ਡਿਪਲੋਮੈਟ ਆਖਰੀ ਨਹੀਂ ਹੋ ਸਕਦੇ ਜੋ ਕੈਨੇਡਾ ਛੱਡਣਗੇ। ਦੱਸਿਆ ਜਾ ਰਿਹਾ ਹੈ ਕਿ ਕੈਨੇਡਾ ਵਿੱਚ ਭਾਰਤ ਦਾ ਇੱਕ ਵਿਸ਼ਾਲ ਨੈੱਟਵਰਕ ਅਜੇ ਵੀ ਕਾਇਮ ਹੈ, ਜਿਸ ਨੇ ਕਥਿਤ ਤੌਰ 'ਤੇ ਕਈ ਲੋਕਾਂ ਨੂੰ ਭਾਰਤੀ ਗੁਪਤ ਕਾਰਵਾਈਆਂ ਵਿੱਚ ਸ਼ਾਮਿਲ ਕੀਤਾ ਹੋਇਆ ਹੈ।

ਸੂਤਰਾਂ ਨੇ ਦੱਸਿਆ ਕਿ ਭਾਰਤ ਦੀ ਇਹ ਗੁਪਤ ਕਾਰਵਾਈ ਇੱਕ ਬਹੁ-ਪੱਧਰੀ ਅਤੇ ਬਹੁ-ਪੱਖੀ ਕਵਾਇਦ ਹੈ ਜਿਸ ਵਿੱਚ ਕਈ ਲੋਕ ਵੱਖ-ਵੱਖ ਭੂਮਿਕਾਵਾਂ ਵਿੱਚ ਸ਼ਾਮਿਲ ਹਨ। ਕੁਝ ਆਪਣੀ ਮਰਜ਼ੀ ਨਾਲ ਇਸ ਵਿਚ ਰੁਝੇ ਹੋਏ ਹਨ, ਜਦੋਂ ਕਿ ਕੁਝ ਲੋਕ ਭਾਰਤੀ ਡਿਪਲੋਮੈਟਾਂ ਵੱਲੋਂ ਦਬਾਅ ਹੇਠ ਮੁਖਬਰ ਬਣਨ 'ਤੇ ਮਜਬੂਰ ਹਨ। ਇਸ ਸਾਰੀ ਕਾਰਵਾਈ ਵਿੱਚ ਭਾਰਤੀ ਡਿਪਲੋਮੈਟਾਂ ਤੇ ਦੋਸ਼ ਲੱਗ ਰਹੇ ਹਨ ਕਿ ਉਹ ਖੁਦ ਵੀ ਗੁਪਤ ਗਤੀਵਿਧੀਆਂ ਵਿੱਚ ਸਹਿਯੋਗੀ ਰਹੇ ਹਨ ਅਤੇ ਉਨ੍ਹਾਂ ਨੇ ਕੈਨੇਡਾ ਵਿੱਚ ਰਹਿ ਰਹੇ ਇੰਡੋ-ਕੈਨੇਡੀਅਨਾਂ ਤੋਂ ਜਾਣਕਾਰੀ ਲੈਣ ਲਈ ਉਨ੍ਹਾਂ 'ਤੇ ਦਬਾਅ ਪਾਇਆ ਹੈ।

ਇਸ ਤੋਂ ਇਲਾਵਾ, ਇੱਕ ਹੋਰ ਗੱਲ ਜ਼ਿਕਰ ਯੋਗ ਹੈ ਕਿ ਭਾਰਤ ਨੇ 1955 ਤੋਂ ਬਾਅਦ ਆਪਣੀ ਨਾਗਰਿਕਤਾ ਨੂੰ ਛੱਡਣ ਵਾਲੇ ਸਾਰੇ ਲੋਕਾਂ ਲਈ ਆਪਣੀ ਨਾਗਰਿਕਤਾ ਵਾਪਸ ਕਰਨਾ ਲਾਜ਼ਮੀ ਕਰ ਦਿੱਤਾ ਹੈ। ਇਸ ਦਾ ਮਤਲਬ ਹੈ ਕਿ ਕੈਨੇਡਾ ਵਿੱਚ ਰਹਿ ਰਹੇ ਇੰਡੋ-ਕੈਨੇਡੀਅਨਜ਼ ਨੂੰ ਭਾਰਤ ਜਾਣ ਲਈ ਓਸੀਆਈ ਵੀਜ਼ਾ ਦੀ ਲੋੜ ਹੁੰਦੀ ਹੈ। ਭਾਰਤੀ ਕੌਂਸੂਲਰ ਅਧਿਕਾਰੀਆਂ ਵੱਲੋਂ ਵੀਜ਼ਾ ਰੋਕਣ ਜਾਂ ਜਾਰੀ ਕਰਨ ਦੀ ਪਾਵਰ ਵਰਤ ਕੇ ਕੁਝ ਲੋਕਾਂ ਨੂੰ ਮੁਖਬਰ ਬਣਨ ਲਈ ਦਬਾਅ ਪਾਇਆ ਗਿਆ ਹੈ।

ਤੱਫਤੀਸ਼ ਨਾਲ ਜੁੜੇ ਇੱਕ ਅਧਿਕਾਰੀ ਨੇ ਦੱਸਿਆ ਕਿ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਭਾਰਤ ਦੇ ਵੱਡੇ ਪੱਧਰ ਦੀ ਕਾਰਵਾਈ ਦਾ ਇੱਕ ਛੋਟਾ ਹਿੱਸਾ ਸੀ। ਇਹ ਇਕ ਅਪਰਾਧਕ ਕਾਰਵਾਈ ਸੀ ਅਤੇ ਕੈਨੇਡਾ ਦੀ ਸਰਵਭੌਮਤਾ ਦੀ ਉਲੰਘਣਾ। ਭਾਰਤ ਦੀ ਇਸ ਕਾਰਵਾਈ ਦਾ ਇੱਕ ਮੁੱਖ ਮਕਸਦ ਇਹ ਸੀ ਕਿ ਇੰਡੋ-ਕੈਨੇਡੀਅਨਜ਼ ਨੂੰ ਇਹ ਯਕੀਨ ਦਿਵਾਇਆ ਜਾਵੇ ਕਿ ਕੈਨੇਡਾ ਵਿੱਚ ਹਿੰਸਾ ਅਤੇ ਅਰਾਜਕਤਾ ਵਿਆਪਕ ਹੈ।

ਇਸ ਨਾਲ ਭਾਰਤ ਇਹ ਦਰਸਾਉਣਾ ਚਾਹੁੰਦਾ ਸੀ ਕਿ ਕੈਨੇਡਾ ਵਿੱਚ ਸਿੱਖ ਵੱਖਵਾਦੀਆਂ ਅਤੇ ਅਪਰਾਧਕ ਗਤੀਵਿਧੀਆਂ ਦਾ ਕਾਬੂ ਨਹੀਂ ਕੀਤਾ ਗਿਆ, ਜਿਸ ਕਾਰਨ ਇੰਡੋ-ਕੈਨੇਡੀਅਨਾਂ ਨੂੰ ਖ਼ਤਰਾ ਹੈ। ਤੱਫਤੀਸ਼ੀ ਸੂਤਰਾਂ ਨੇ ਦੱਸਿਆ ਕਿ ਨਿੱਝਰ ਦੀ ਹੱਤਿਆ ਤੋਂ ਪਹਿਲਾਂ ਹੀ ਕੈਨੇਡਾ ਵਿੱਚ ਭਾਰਤ ਦੀਆਂ ਕਥਿਤ ਗੁਪਤ ਕਾਰਵਾਈਆਂ ਦੀ ਜਾਂਚ ਚੱਲ ਰਹੀ ਸੀ। ਨਿੱਝਰ ਨੂੰ 18 ਜੂਨ 2023 ਨੂੰ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰੇ ਦੇ ਪਾਰਕਿੰਗ ਲਾਟ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਘਟਨਾ ਤੋਂ ਬਾਅਦ ਕੈਨੇਡੀਅਨ ਤੱਫਤੀਸ਼ ਦੇ ਰੁਖ ਨੂੰ ਹੋਰ ਗੰਭੀਰਤਾ ਨਾਲ ਲਿਆ ਗਿਆ ਅਤੇ ਸਬੂਤ ਇੱਕਠੇ ਕੀਤੇ ਗਏ। ਕੈਨੇਡਾ ਦੀ ਗੁਪਤ ਏਜੰਸੀ ਨੇ ਦੱਸਿਆ ਕਿ ਭਾਰਤ ਦੇ ਸਰਕਾਰੀ ਅਧਿਕਾਰੀਆਂ ਨਾਲ ਸੰਬੰਧਤ ਐਲੈਕਟ੍ਰਾਨਿਕ ਇੰਟਰਸੈਪਟਸ ਨੇ ਦਰਸਾਇਆ ਕਿ ਹੱਤਿਆ ਨੂੰ ਭਾਰਤ ਦੇ ਉੱਚ ਪੱਧਰ ਦੇ ਅਧਿਕਾਰੀਆਂ ਨੇ ਮਨਜ਼ੂਰੀ ਦਿੱਤੀ ਸੀ। ਭਾਰਤ ਨੇ ਸਾਰਿਆਂ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ ਅਤੇ ਕਹਿੰਦਾ ਹੈ ਕਿ ਕੈਨੇਡਾ ਨੇ ਹਾਲੇ ਤੱਕ ਇਸ ਸਬੰਧੀ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤਾ।

# ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ (ਪਲੀਅ) ਵੱਲੋਂ ਬੀਸੀ ਅਸੈਂਬਲੀ ਚੋਣਾਂ ਲੜ ਰਹੀਆਂ ਪਾਰਟੀਆਂ ਨੂੰ ਬੀ.ਸੀ. ਦੇ ਸਕੂਲਾਂ, ਕਾਲਜਾਂ ਵਿਚ ਪੰਜਾਬੀ ਭਾਸ਼ਾ ਪ੍ਰਫੁੱਲਤ ਕਰਨ ਦੀ ਅਪੀਲ

ਸਰੀ, (ਹਰਦਮ ਮਾਨ)-ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ (ਪਲੀਅ) ਵੱਲੋਂ ਬੀਸੀ ਅਸੈਂਬਲੀ ਚੋਣਾਂ ਲੜ ਰਹੀਆਂ ਤਿੰਨ ਪ੍ਰਮੁੱਖ ਪਾਰਟੀਆਂ ਐਨ.ਡੀ.ਪੀ, ਕੰਸਰਵੇਟਿਵ ਅਤੇ ਗਰੀਨ ਪਾਰਟੀ ਦੇ ਲੀਡਰਾਂ, ਉਮੀਦਵਾਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਕੈਨੇਡਾ ਵਿਚ ਤੀਜੀ ਭਾਸ਼ਾ ਦਾ ਦਰਜਾ ਹਾਸਲ ਕਰ ਚੁੱਕੀ ਪੰਜਾਬੀ ਭਾਸ਼ਾ ਨੂੰ ਸਕੂਲਾਂ, ਕਾਲਜਾਂ ਵਿਚ ਪ੍ਰਫੁੱਲਤ ਕਰਨ ਲਈ ਜ਼ਰੂਰੀ ਕਦਮ ਚੁੱਕੇ ਜਾਣ।


ਪਲੀਅ ਦੇ ਪ੍ਰਧਾਨ ਬਲਵੰਤ ਸਿੰਘ ਸੰਘੇੜਾ ਨੇ ਕਿਹਾ ਹੈ ਕਿ ਇਸ ਵੇਲੇ ਕੈਨੇਡਾ ਵਿਚ 20 ਲੱਖ ਦੇ ਕਰੀਬ ਪੰਜਾਬੀ ਵਸਦੇ ਹਨ। ਅੰਗਰੇਜ਼ੀ ਅਤੇ ਫਰਾਂਸੀਸੀ ਤੋਂ ਬਾਅਦ ਹੁਣ ਪੰਜਾਬੀ ਕੈਨੇਡਾ ਦੀ ਤੀਸਰੀ ਸਭ ਤੋਂ ਜ਼ਿਆਦਾ ਬੋਲਣ ਵਾਲੀ ਭਾਸ਼ਾ ਬਣ ਗਈ ਹੈ। ਸਰੀ, ਐਬਟਸਫੋਰਡ, ਬਰੈਂਪਟਨ, ਕੈਲਗਰੀ ਅਤੇ ਐਡਮਿੰਟਨ ਵਰਗੇ ਸ਼ਹਿਰਾਂ ਵਿਚ ਪੰਜਾਬੀ ਹੁਣ ਰੁਜਗਾਰ ਦੀ ਭਾਸ਼ਾ ਬਣ ਗਈ ਹੈ। ਪੰਜਾਬੀ ਭਾਸ਼ਾ ਕਾਫੀ ਸਮੇਂ ਤੋਂ ਬੀ.ਸੀ. ਦੇ ਸਕੂਲਾਂ ਕਾਲਜਾਂ ਅਤੇ ਯੂਨੀਵਰਸਟੀਆਂ ਵਿਚ ਪ੍ਰਫੁਲੱਤ ਹੋ ਰਹੀ ਹੈ। ਇਸ ਵੇਲੇ ਇਸ ਸੂਬੇ ਦੇ ਸਕੂਲਾਂ ਵਿਚ ਪੰਜਵੀਂ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਨੂੰ ਦੂਜੀ ਭਾਸ਼ਾ ਲੈਣੀ ਜਰੂਰੀ ਹੈ। ਨੌਵੀਂ ਤੋਂ ਬਾਹਰਵੀਂ ਤੱਕ ਦੂਜੀ ਭਾਸ਼ਾ ਔਪਸ਼ਨਲ ਹੈ। ਇਸ ਮਕਸਦ ਲਈ ਪੰਜ ਹੋਰ ਭਾਸ਼ਾਵਾਂ ਦੇ ਨਾਲ ਪੰਜਾਬੀ ਨੂੰ ਵੀ ਪੂਰੀ ਮਾਨਤਾ ਹੈ।

ਪਲੀਅ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਦੂਜੀ ਭਾਸ਼ਾ ਦੀ ਚੋਣ ਪੰਜਵੀਂ ਤੋਂ ਅੱਠਵੀਂ ਦੀ ਬਜਾਏ ਚੌਥੀ ਤੋਂ ਸੱਤਵੀਂ ਤੱਕ ਜ਼ਰੂਰੀ ਕੀਤੀ ਜਾਵੇ ਅਤੇ ਅੱਠਵੀਂ ਤੋਂ ਬਾਹਰਵੀਂ ਜਮਾਤ ਤੱਕ ਔਪਸ਼ਨਲ ਕਰ ਦਿੱਤੀ ਜਾਵੇ। ਇਸ ਦਾ ਦਸਦਿਆਂ ਪਲੀਅ ਆਗੂਆਂ ਦਾ ਕਹਿਣਾ ਹੈ ਕਿ ਸਕੂਲਾਂ ਵਿਚ ਕਿੰਡਰਗਾਰਟਨ ਤੋਂ ਗਰੇਡ ਤਿੰਨ ਤੱਕ ਪ੍ਰਾਇਮਰੀ ਅਤੇ ਚੌਥੀ ਤੋਂ ਸੱਤਵੀਂ ਜਮਾਤ ਤੱਕ ਇੰਟਰਮੀਡੀਏਟ ਦੀ ਕੁਦਰਤੀ ਵੰਡ ਹੈ। ਅੱਠਵੀਂ ਤੋਂ ਬਾਹਰਵੀਂ ਤੱਕ ਦੂਜੀ ਭਾਸ਼ਾ ਔਪਸ਼ਨਲ ਹੋਣੀ ਚਾਹੀਦੀ ਹੈ। ਮਿਡਲ ਸਕੂਲਾਂ ਵਿਚ ਇਹ ਚੋਣ ਛੇਵੀਂ ਤੋਂ ਅੱਠਵੀਂ ਤੱਕ ਦੂਜੀ ਭਾਸ਼ਾ ਜ਼ਰੂਰੀ ਹੋਣੀ ਚਾਹੀਦੀ ਹੈ। ਪਲੀਅ ਚਾਹੁੰਦੀ ਹੈ ਕਿ ਸਾਡੇ ਬੱਚੇ ਚੌਥੀ ਜਮਾਤ ਤੋਂ ਹੀ ਆਪਣੀ ਮਾਂ ਬੋਲੀ ਪੰਜਾਬੀ ਨਾਲ ਜੁੜਣ। ਆਮ ਤੌਰ 'ਤੇ ਕਾਫੀ ਸਕੂਲਾਂ ਦੇ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਇਸ ਗੱਲ਼ ਦਾ ਵੀ ਪਤਾ ਨਹੀਂ ਹੁੰਦਾ ਕਿ ਉਹ ਛੇਆਂ ਭਾਸ਼ਾਵਾਂ ਵਿੱਚੋਂ ਕੋਈ ਇਕ ਚੁਣ ਸਕਦੇ ਹਨ ਅਤੇ ਪਲੀਅ ਦੀ ਮੰਗ ਹੈ ਕਿ ਬੀ.ਸੀ. ਦੇ ਹਰ ਸਕੂਲ ਵਿਚ ਇਹ ਜਾਣਕਾਰੀ ਉਪਲਬਧ ਹੋਣੀ ਚਾਹੀਦੀ ਹੈ ਅਤੇ ਇਹ ਬੀ.ਸੀ ਸਰਕਾਰ ਅਤੇ ਹਰ ਸਕੂਲ ਡਿਸਟ੍ਰਿਕਟ ਦੀ ਜ਼ਿੰਮੇਵਾਰ ਹੋਣੀ ਚਾਹੀਦੀ ਹੈ। ਇਸ ਸਿਲਸਿਲੇ ਵਿਚ ਪੰਜਾਬੀ ਬੋਲੀ ਲਈ ਸਰਕਾਰ ਅਤੇ ਸਕੂਲ ਅਧਿਕਾਰੀਆਂ ਨੂੰ ਹੋਰ ਵੀ ਯਤਨ ਕਰਨੇ ਚਾਹੀਦੇ ਹਨ।

ਪਲੀਅ ਆਗੂਆਂ ਦਾ ਮਹਿਣਾ ਹੈ ਕਿ ਇਸ ਵੇਲੇ ਪੰਜਾਬੀ ਦੇ ਅਧਿਆਪਕਾਂ ਲਈ ਬਹੁਤ ਹੀ ਘੱਟ ਸਹੂਲਤਾਂ ਹਨ। ਉਹਨਾਂ ਦੀ ਸਹਾਇਤਾ ਲਈ ਸਰਕਾਰ ਅਤੇ ਸਕੂਲ ਅਧਿਕਾਰੀਆਂ ਨੂੰ ਮੱਦਦ ਦੇਣੀ ਚਾਹੀਦੀ ਹੈ। ਉਹਨਾਂ ਲਈ ਪੜ੍ਹਾਉਣ ਵਾਲੀ ਸਮਗਰੀ, ਚੰਗੇ ਤਰੀਕੇ ਅਤੇ ਹੋਰ ਕਾਫੀ ਮਦਦ ਦੀ ਲੋੜ ਹੈ। ਇਸ ਦੇ ਨਾਲ ਹੀ ਸਾਡੀਆਂ ਯੂਨੀਵਰਸਟੀਆਂ ਵਿਚ ਟੀਚਰ ਟਰੇਨਿੰਗ ਦੇ ਵਿਚ ਵੀ ਪੰਜਾਬੀ ਪੜ੍ਹਾਉਣ ਦੇ ਕੋਰਸ ਹੋਣੇ ਚਾਹੀਦੇ ਹਨ। ਪੰਜਾਬੀ ਦੀਆਂ ਕਲਾਸਾਂ ਲਈ ਜੋ ਸਰਵੇ ਭੇਜੇ ਜਾਂਦੇ ਹਨ ਉਹ ਲਿਖਤੀ ਰੂਪ ਵਿਚ ਵੀ ਮਾਪਿਆਂ ਕੋਲ ਸਾਲ ਦੇ ਸ਼ੁਰੂ ਵਿਚ ਹੀ ਪਹੁੰਚ ਜਾਣੇ ਚਾਹੀਦੇ ਹਨ। ਇਸ ਨਾਲ ਸਕੂਲ ਅਧਿਕਾਰੀਆਂ ਕੋਲ ਪੰਜਾਬੀ ਕਲਾਸਾਂ ਸ਼ੁਰੂ ਕਰਨ ਲਈ ਕਾਫੀ ਸਮਾਂ ਮਿਲ ਜਾਏਗਾ। ਹਾਈ ਸਕੂਲ ਪੱਧਰ 'ਤੇ ਕੋਰਸ ਸਿਲੈਕਸ਼ਨ ਦੇ ਸਮੇਂ ਪੰਜਾਬੀ ਭਾਸ਼ਾ ਦੀ ਚੋਣ ਵੀ ਬੱਚਿਆਂ ਲਈ ਹੋਣੀ ਚਾਹੀਦੀ ਹੈ। ਜੇਕਰ ਸਾਰੇ ਸੂਬੇ ਵਿਚ ਪੰਜਾਬੀ ਭਾਸ਼ਾ ਦੇ ਕੋਰਸ ਆਨ ਲਾਈਨ ਕੀਤੇ ਜਾਣ ਤਾਂ ਇਹ ਬਹੁਤ ਚੰਗੀ ਗੱਲ ਹੋਵੇਗੀ। ਇਸ ਨਾਲ ਸਾਰੇ ਸੂਬੇ ਵਿਚ ਜੋ ਬੱਚਾ ਪੰਜਾਬੀ ਪੜ੍ਹਨਾ ਚਾਹੰਦਾ ਹੈ ਉਸ ਨੂੰ ਇਹ ਮੌਕਾ ਮਿਲਣਾ ਚਾਹੀਦਾ ਹੈ।

ਪਲੀਅ ਆਗੂਆਂ ਨੇ ਯਾਦ ਕਰਵਾਇਆ ਹੈ ਕਿ ਸਾਡੀ ਮਾਂ ਬੋਲੀ ਪੰਜਾਬੀ ਦੁਨੀਆਂ ਦੀਆਂ ਪ੍ਰਮੁੱਖ ਬੋਲੀਆਂ ਵਿੱਚੋਂ ਇੱਕ ਹੈ। ਦੁਨੀਆਂ ਵਿਚ 7,000 ਤੋਂ ਵੱਧ ਬੋਲੀਆਂ ਜਾਣ ਵਾਲੀਆਂ ਬੋਲੀਆਂ ਵਿੱਚੋਂ ਪੰਜਾਬੀ ਸਿਖਰੋਂ ਦਸਵੇਂ ਨੰਬਰ 'ਤੇ ਹੈ। ਦੁਨੀਆਂ ਵਿਚ 15 ਕਰੋੜ ਤੋਂ ਵੱਧ ਲੋਕ ਪੰਜਾਬੀ ਬੋਲਦੇ ਹਨ। ਕੈਨੇਡਾ ਅਤੇ ਹੋਰ ਕਈ ਮੁਲਕਾਂ ਵਿਚ ਪੰਜਾਬੀ ਹੁਣ ਰੁਜ਼ਗਾਰ ਦੀ ਭਾਸ਼ਾ ਬਣ ਗਈ ਹੈ। ਪੰਜਾਬੀ ਭਾਸ਼ਾ ਦੇ ਬੁਲਾਰੇ ਅਤੇ ਪ੍ਰੇਮੀਂ ਇਸ ਦੇਸ਼ ਦੀ ਉਸਾਰੀ ਵਿਚ 130 ਸਾਲ ਤੋਂ ਯੋਗਦਾਨ ਪਾ ਰਹੇ ਹਨ। ਇਸ ਲਈ ਉਨ੍ਹਾਂ ਕੈਨੈਡਾ ਸਰਕਾਰ ਨੂੰ ਵੀ ਅਪੀਲ ਕੀਤੀ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਪੰਜਾਬੀ ਭਾਸ਼ਾ ਨੂੰ ਕੈਲੇਡਾ ਵਿਚ ਪੂਰਾ ਮਾਣ ਅਤੇ ਸਤਿਕਾਰ ਦਿੱਤਾ ਜਾਵੇ।

# ਭਾਈਚਾਰੇ ਨੂੰ ਇਕਮੁੱਠ ਹੋਣ ਦਾ ਸੁਨੇਹਾ ਦੇ ਗਿਆ ਪਰਮਿੰਦਰ ਸਵੈਚ ਦਾ ਨਾਟਕ 'ਜੰਨਤ'



ਸਰੀ : ਬਹੁਪੱਖੀ ਲੇਖਿਕਾ ਪਰਮਿੰਦਰ ਸਵੈਚ ਵੱਲੋਂ ਲਿਖਿਆ ਨਾਟਕ 'ਜੰਨਤ' ਡਾ. ਜਸਕਰਨ ਦੇ ਨਿਰਦੇਸ਼ਨ ਹੇਠ ਬੀਤੇ ਦਿਨ ਸਰੀ ਆਰਟਸ ਸੈਂਟਰ ਵਿਚ ਖੇਡਿਆ ਗਿਆ। ਕੈਨੇਡਾ ਵਿਚ ਪੰਜਾਬੀਆਂ ਦੇ 100 ਇਤਿਹਾਸ ਨੂੰ ਦਰਸਾਉਂਦਾ ਇਹ ਨਾਟਕ ਇਹ ਸੁਨੇਹਾ ਦੇ ਗਿਆ ਕਿ ਅੱਜ ਵੀ ਪੰਜਾਬੀ ਭਾਈਚਾਰੇ ਨੂੰ ਨਸਲਵਾਦ ਵਿਰੁੱਧ ਇਕਮੁੱਠ ਹੋਣ ਦੀ ਲੋੜ ਹੈ।

ਇਹ ਨਾਟਕ ਵਿਚ ਕੈਨੇਡਾ ਵਿਚਲੇ ਸਵਰਗ ਦਾ ਅਸਲੀ ਰੂਪ ਪੇਸ਼ ਕਰਨ ਦੀ ਕੋਸ਼ਿਸ਼ ਹੈ। ਇਸ ਵਿਚ ਵਿਸ਼ੇਸ਼ ਤੌਰ 'ਤੇ ਕੈਨੇਡਾ ਵਿਚ ਆ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਮੌਜੂਦਾ ਹਾਲਤ ਨੂੰ ਦਰਸਾਇਆ ਗਿਆ। ਵਿਦਿਆਰਥੀਆਂ ਵੱਲੋਂ ਪੜ੍ਹਾਈ ਕਰਨ, ਕੰਮਕਾਜ ਲਈ ਸਖਤ ਮਿਹਨਤ ਕਰਨ, ਉਨ੍ਹਾਂ ਦੇ ਹੋ ਰਹੇ ਸੋਸ਼ਣ, ਪਹਿਲਾਂ ਰਹਿ ਰਹੇ ਪੰਜਾਬੀਆਂ ਦਾ ਵਿਦਿਆਰਥੀਆਂ ਪ੍ਰਤੀ ਵਤੀਰਾ ਆਦਿ ਬਹੁਤ ਸਾਰੇ ਮਸਲਿਆਂ ਨੂੰ ਨਾਟਕ ਵਿਚ ਪੇਸ਼ ਕੀਤਾ ਗਿਆ। ਨਾਟਕਕਾਰ ਪਰਮਿੰਦਰ ਸਵੈਚ ਅਨੁਸਾਰ ਇਸ ਨਾਟਕ ਰਾਹੀਂ ਉਨ੍ਹਾਂ ਪੰਜਾਬੀ ਭਾਈਚਾਰੇ ਨੂੰ ਆਪਸੀ ਮੇਲਜੋਲ ਨਾਲ ਰਹਿਣ ਅਤੇ ਇਕ ਦੂਜੇ ਨੂੰ ਸਮਝ ਕੇ ਚੰਗਾ ਪੰਜਾਬੀ ਭਾਇਚਾਰਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਨਾਟਕ ਵਿਚਲੇ ਚੁਸਤ ਅਤੇ ਦਿਲਚਸਪ ਵਾਰਤਾਲਾਪ ਨੇ ਹਾਲ ਵਿਚ ਬੈਠੇ ਸੈਂਕੜੇ ਦਰਸ਼ਕਾਂ ਦਾ ਮਨੋਰੰਜਨ ਵੀ ਕੀਤਾ ਅਤੇ ਦਰਸ਼ਕਾਂ ਨੇ ਭਰਪੂਰ ਤਾੜੀਆਂ ਨਾਲ ਨਾਟਕ ਕਰਮੀਆਂ ਦੀ ਕਲਾ ਨੂੰ ਨਿਵਾਜਿਆ। ਡਾ. ਸਾਧੂ ਸਿੰਘ ਨੇ ਅੰਤ ਵਿਚ ਨਾਟਕ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਨਾਟਕਕਾਰ ਆਪਣਾ ਸੁਨੇਹਾ ਦੇਣ ਵਿਚ ਸਫਲ ਰਹੀ ਹੈ। ਉਨ੍ਹਾਂ ਨਾਟਕ ਦੇ ਨਿਰਦੇਸ਼ਕ ਡਾ. ਜਸਕਰਨ ਦੀ ਪ੍ਰਸੰਸਾ ਕਰਦਿਆ ਕਿਹਾ ਕਿ ਨਾਟਕ ਵਿਚ ਅਪਣਾਈ ਨਵੀਂ ਤਕਨੀਕ ਨੇ ਉਨ੍ਹਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਨਾਟਕ ਦੇ ਸਾਰੇ ਕਲਾਕਰਾਂ ਨੇ ਆਪੋ ਆਪਣਾ ਰੋਲ ਬਾਖ਼ੂਬੀ ਨਿਭਾਇਆ।

# ਵੈਨਕੂਵਰ ਵਿਚਾਰ ਮੰਚ ਵੱਲੋਂ ਰੰਗਮੰਚ ਗੁਰੂ ਡਾ. ਯੋਗੇਸ਼ ਗੰਭੀਰ ਨਾਲ ਵਿਸ਼ੇਸ਼ ਮਿਲਣੀ

**ਡਾ. ਯੋਗੇਸ਼ ਨੇ ਰਾਮਾਇਣ ਬਾਰੇ ਬਹੁਤ ਹੀ ਦਿਲਚਸਪ ਜਾਣਕਾਰੀ ਸਾਂਝੀ ਕੀਤੀ**




ਸਰੀ, (ਹਰਦਮ ਮਾਨ)- ਹਜ਼ਾਰਾਂ ਵਿਦਿਆਰਥੀਆਂ ਦੇ ਥੀਏਟਰ ਗੁਰੂ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਰੰਗਮੰਚ ਦੇ ਅਧਿਆਪਕ ਰਹੇ ਡਾ. ਯੋਗੇਸ਼ ਗੰਭੀਰ ਦੀ ਸਰੀ ਆਮਦ 'ਤੇ ਵੈਨਕੂਵਰ ਵਿਚਾਰ ਮੰਚ ਵੱਲੋਂ ਉਨ੍ਹਾਂ ਨਾਲ ਵਿਸ਼ੇਸ਼ ਮਿਲਣੀ ਕੀਤੀ ਗਈ। ਇਸ ਇਕੱਤਰਤਾ ਵਿੱਚ ਡਾ. ਯੋਗੇਸ਼ ਗੰਭੀਰ ਨੇ ਜਿੱਥੇ ਆਪਣੇ ਜੀਵਨ ਅਤੇ ਰੰਗਮੰਚ ਸਫ਼ਰ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ, ਉੱਥੇ ਰਾਮਾਇਣ ਬਾਰੇ ਵੀ ਬਹੁਤ ਦਿਲਚਸਪ ਜਾਣਕਾਰੀ ਸਾਂਝੀ ਕੀਤੀ।

ਡਾ. ਯੋਗੇਸ਼ ਗੰਭੀਰ ਨੇ ਦੱਸਿਆ ਕਿ ਉਹਨਾਂ ਨੇ ਰਾਮਾਇਣ ਉੱਪਰ ਖੋਜ ਕਾਰਜ ਕੀਤਾ ਹੈ ਅਤੇ ਡਾਕਟਰੇਟ ਦੀ ਡਿਗਰੀ ਹਾਸਲ ਕੀਤੀ ਹੈ। ਰਾਮਾਇਣ ਬਾਰੇ ਡੂੰਘੀ ਖੋਜ ਕਰਦਿਆਂ ਉਹਨਾਂ ਨੂੰ ਪਤਾ ਲੱਗਿਆ ਕਿ ਰਾਮਾਇਣ ਦੇ ਕੁੱਲ 39 ਸੰਸਕਰਣ ਹਨ ਅਤੇ ਇਹ ਸਾਰੇ ਇੱਕ ਦੂਜੇ ਤੋਂ ਵੱਖਰੇ ਹਨ। ਉਹਨਾਂ ਦੱਸਿਆ ਕਿ ਸਭ ਤੋਂ ਪਹਿਲੀ ਰਾਮਾਇਣ ਲਾਹੌਲ ਸਪਿਤੀ ਦੀ ਹੈ। ਉਨ੍ਹਾਂ ਬਾਲਮੀਕੀ ਵੱਲੋਂ ਰਾਮਾਇਣ ਲਿਖਣ ਦੇ ਪਿਛੋਕੜ ਬਾਰੇ ਦੱਸਿਆ। ਇਸ ਗੱਲਬਾਤ ਦੌਰਾਨ ਮਹਾਂਭਾਰਤ ਬਾਰੇ ਚਰਚਾ ਹੋਈ ਅਤੇ ਪੰਜਾਬੀ ਰੰਗ ਮੰਚ ਦੇ ਮੁੱਢਲੇ ਦੌਰ ਨੂੰ ਯਾਦ ਕੀਤਾ ਗਿਆ। ਡਾ. ਗੰਭੀਰ ਨੇ ਪ੍ਰਿਥਵੀ ਰਾਜ ਕਪੂਰ ਅਤੇ ਗੁਰਸ਼ਰਨ ਭਾ ਜੀ ਤੋਂ ਲੈ ਕੇ ਸੈਮੂਅਲ ਜੋਹਨ ਤੱਕ ਪੰਜਾਬੀ ਲੋਕ ਰੰਗਮੰਚ ਨਾਲ ਜੁੜੀਆਂ ਆਪਣੀਆਂ ਖੂਬਸੂਰਤ ਯਾਦਾਂ ਵੀ ਤਾਜ਼ਾ ਕੀਤੀਆਂ। ਗੁਰਸ਼ਰਨ ਭਾ ਜੀ ਵੱਲੋਂ ਹਰ ਇਕ ਪਿੰਡ ਤੱਕ ਪੰਜਾਬੀ ਨਾਟਕ ਪਹੁੰਚਾਉਣ ਦੇ ਆਪਣੇ ਸਮਰਪਿਤ ਜੀਵਨ ਨੂੰ ਸਿਜਦਾ ਕੀਤਾ ਗਿਆ। ਉਨ੍ਹਾਂ ਹਿਮਾਚਲ ਦੇ ਫੋਕ ਥੀਏਟਰ ਕ੍ਰਿਆਲਚੀ ਬਾਰੇ ਵੀ ਦਿਲਚਸਪ ਜਾਣਕਾਰੀ ਦਿੱਤੀ।

ਇਸ ਇਕੱਤਰਤਾ ਦੇ ਸ਼ੁਰੂ ਵਿੱਚ ਸ਼ਾਇਰ ਮੋਹਨ ਗਿੱਲ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਮੰਚ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਅੰਤ ਵਿੱਚ ਅੰਗਰੇਜ਼ ਬਰਾੜ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬੀ ਰੰਗ ਮੰਚ ਬਾਰੇ ਬਹੁਤ ਹੀ ਗੰਭੀਰ ਚਰਚਾ ਤੇ ਵਿਸ਼ੇਸ਼ ਕਰ ਕੇ ਰਾਮਾਇਣ ਬਾਰੇ ਬੜੀ ਰੌਚਕ ਜਾਣਕਾਰੀ ਇਸ ਇਕੱਤਰਤਾ ਦੀ ਵੱਡੀ ਪ੍ਰਾਪਤੀ ਹੋ ਨਿੱਬੜੀ ਹੈ। ਉਨ੍ਹਾਂ ਡਾਕਟਰ ਡਾ. ਯੋਗੇਸ਼ ਗੰਭੀਰ ਦਾ ਵਿਸ਼ੇਸ਼ ਸ਼ੁਕਰਾਨਾ ਕੀਤਾ। ਇਸ ਇਕੱਤਰਤਾ ਵਿੱਚ ਹੋਰਨਾਂ ਤੋਂ ਇਲਾਵਾ ਭੁਪਿੰਦਰ ਮੱਲ੍ਹੀ, ਨਾਮਵਰ ਸ਼ਾਇਰ ਜਸਵਿੰਦਰ, ਨਾਮਵਰ ਨਾਵਲਕਾਰ ਜਰਨੈਲ ਸਿੰਘ ਸੇਖਾ, ਪ੍ਰਸਿੱਧ ਸ਼ਾਇਰ ਅਜਮੇਰ ਰੋਡੇ, ਰਾਜਵੰਤ ਰਾਜ ਅਤੇ ਹਰਦਮ ਮਾਨ ਨੇ ਵੀ ਹਿੱਸਾ ਲਿਆ।

fruiticana hee jaana!

Your one and only Punjabi neighbourhood store Since 1994

੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ

LOWEST PRICES IN TOWN

CHECK OUT THE BIGGEST DIWALI DISPLAY AND VARIETY IN CANADA!

UNBEATABLE EXTRA SUPER SPECIAL

Yellow Onions 50 lbs
ਪੀਲੇ ਗੰਢੇ
$12.99 bag

EXTRA SUPER SUPER SPECIAL

Round Tomatoes
ਗੋਲ ਟਮਾਟਰ
99¢ lb

Red, Yellow & Orange Peppers
ਸ਼ਿਮਲਾ ਮਿਰਚਾਂ (ਲਾਲ,ਪੀਲੀਆਂ ਅਤੇ ਸੰਤਰੀ)
$1.49 lb

Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag

Green Cabbage BC
ਹਰੀ ਬੰਦ ਗੋਭੀ ਬੀਸੀ
69¢ lb

Broccoli Crown BC
ਬਰੌਕਲੀ ਕਰਾਉਨ ਬੀਸੀ
$1.99 lb

Indican Tea 216's
ਇੰਡੀਕਨ ਚਾਹ
$6.98 box

98¢ SALE

Cosmic Crisp Apples
ਕੋਸਮਿਕ ਕਰਿਸਪ ਸੇਬ
98¢ lb

Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
98¢ lb

BC Gala Apples
ਗਾਲਾ ਸੇਬ ਬੀਸੀ
98¢ lb

Red Lentil Split or Whole
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ
98¢ lb

EXTRA SUPER SPECIAL

Jumbo Cauliflower Size 9
ਵੱਡਾ ਗੋਭੀ ਦਾ ਫੁੱਲ ਸਾਈਜ਼ 9
$2.99 ea.

SUPER SPECIAL

Pure Mustard Oil 1L (Indican)
ਇੰਡੀਕੇਨ ਸਰ੍ਹੋਂ ਦਾ ਤੇਲ
$4.98 bottle

SUPER SPECIAL

Cilantro
ਧਣੀਆ
2 bunches for 98¢

Spinach
ਪਾਲਕ
$1.49 bunch

Sher Besan (Flour) 4 lbs
ਸ਼ੇਰ ਵੇਸਣ
$4.99 bag

Maggi Masala Noodles 70 g
ਮੈਗੀ ਮਸਾਲਾ ਨੂਡਲਜ਼ 70 ਗ੍ਰਾਮ
3 for 99¢

BC Long Hot Chili
ਬੀਸੀ ਕੌੜੀਆਂ ਮਿਰਚਾਂ
$1.99 lb

Red Onions 25 lbs
ਲਾਲ ਗੰਢੇ
$19.98 bag

Long Eggplants
ਲੰਬੇ ਬਤਾਊਂ
$1.99 lb

Roasted Peanuts in Shell 800 g
ਭੁੱਜੀ ਮੂੰਗਫਲੀ
$3.88 pkg.

Indican Punjabi Biscuits 1.5 lbs
ਇੰਡੀਕਨ ਪੰਜਾਬੀ ਕੁਕੀਜ਼
$5.98 pkg.

Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ (ਇੰਡੀਕੇਨ)
$3.98 bag

Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle

Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag

Fri Oct 18, 2024 - Thur Oct 24, 2024
We reserve the right to limit the quantities while they last
Specials valid for Lower Mainland only

Product images may differ from the actual product.
Disclaimer: We reserve the right to add restrictions on products with a minimum purchase

23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005

fruiticana SINCE 1994

BUSINESS HOURS 9 AM - 9 PM 7 DAYS A WEEK

THE SOUTH SURREY/WHITE ROCK FRUITICANA NOW OPEN AT 1812, 152ND ST.

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Surrey | 101-1812 152St. | 604-539-5736 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |